ਸੰਪਰਕ : 99998-89104 ਸਾਲ : 16 ਅੰਕ : 222 ਪੇਜ : 12 ਮਿਤੀ : 13 ਅਗਸਤ, 2026 ਦਿਨ : ਵੀਰਵਾਰ ₹ 2 epaper.onlinejagran.com facebook.com/janjagranpunjab

ਜਨ ਜਾਗਰਣ ਟੀ.ਵੀ ਪੰਜਾਬ ਦੇਖਣ ਲਈ ਹੇਠਾਂ ਦਿੱਤੇ ਫੇਸਬੁੱਕ ਅਕਾਊਂਟ 'ਤੇ ਜਾਓ

जन जागरण TV पंजाब

Facebook.com/
janjagranpunjab

ਜਨ-ਜਨ ਦੀ ਅਵਾਜ਼ ਜਲੰਧਰ ਤੋਂ ਪ੍ਰਕਾਸ਼ਿਤ

# ਜਨ ਜਾਗਰਣ

Daily Jan Jagran, Punjab RNI : PUNPUN/ 2011/ 44547

janjagranpunjab@gmail.com ਪੰਜਾਬ ਐਡੀਸ਼ਨ ਜਲੰਧਰ - ਦਿੱਲੀ - ਚੰਡੀਗੜ੍ਹ

ਰੋਜ਼ਾਨਾ 'ਜਨ ਜਾਗਰਣ' ਨੂੰ ਪੰਜਾਬ ਦੇ ਵੱਖ - ਵੱਖ ਸਟੇਸ਼ਨਾਂ ਤੋਂ ਪੱਤਰਕਾਰਾਂ ਦੀ ਲੋੜ ਹੈ। ਈ ਮੇਲ -
janjagranpunjab1@gmail.com
ਸੰਪਰਕ : 8360452008

## ਮੁੱਖ ਮੰਤਰੀ ਭਗਵੰਤ ਸਿੰਘ ਮਾਨ ਮਲੇਰਕੋਟਲਾ ਵਿਖੇ 5 ਮੰਜ਼ਿਲਾਂ ਇਮਾਰਤ ਦਾ ਕੀਤਾ ਉਦਘਾਟਨ

### 'ਹੁਣ ਸਕੂਲ ਦੀ ਨਵੀਂ ਇਮਾਰਤ 'ਤੇ 6.34 ਕਰੋੜ ਖਰਚ ਕੀਤੇ'



ਮਲੇਰਕੋਟਲਾ, 12 ਅਗਸਤ (ਕੁਲਵੰਤ ਸਿੰਘ ਮੁਹਾਲੀ) ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮਲੇਰਕੋਟਲਾ ਵਿਖੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੀ ਨਵੀਂ ਉਸਾਰੀ ਗਈ 5 ਮੰਜ਼ਿਲਾਂ ਇਮਾਰਤ ਦਾ ਉਦਘਾਟਨ ਕੀਤਾ। ਮੁੱਖ ਮੰਤਰੀ ਨੇ ਕਿਹਾ ਹੈਕਿ 6.34 ਕਰੋੜ ਰੁਪਏ ਦਾ ਨਾਲ ਪ੍ਰੋਜੈਕਟ ਤਿਆਰ ਕੀਤਾ ਹੈ । ਟਵੀਟ ਵਿੱਚ ਲਿਖਿਆ ਹੈ ਕਿ ਆਜ਼ਾਦੀ ਦੇ 80ਵੇਂ ਦਿਹਾੜੇ ਮੌਕੇ ਧੀਆਂ ਲਈ ਇਹ ਖਾਸ ਤੋਹਫ਼ਾ ਹੈ। ਸਾਡੇ ਲਗਾਤਾਰ ਯਤਨਾਂ ਸਦਕਾ ਅੱਜ ਪੰਜਾਬ ਸਿੱਖਿਆ 'ਚ ਦੇਸ਼ ਭਰ 'ਚੋਂ ਪਹਿਲੇ ਨੰਬਰ 'ਤੇ ਹੈ। ਇਸ ਮੌਕੇ ਮੁੱਖ ਮੰਤਰੀ ਨੇ ਕਿਹਾ ਹੈ ਕਿ ਸਰਕਾਰੀ ਸਕੂਲਾਂ ਦੇ 882 ਬੱਚਿਆਂ ਦਾ ਨੀਟ ਅਤੇ 361 ਦਾ ਜੇਈਈ ਪਾਸ ਕਰਨਾ ਇਸਦੀ ਵੱਡੀ ਮਿਸਾਲ ਹੈ। ਧੀਆਂ ਦੀ ਪੜ੍ਹਾਈ ਲਗਾਤਾਰ ਜਾਰੀ ਰਹੇ, ਇਸ ਲਈ 15,000 ਤੋਂ ਵੱਧ ਵਿਦਿਆਰਥਣਾਂ ਨੂੰ ਵਿਸ਼ੇਸ਼ ਬੱਸ ਸੇਵਾ ਦਿੱਤੀ ਜਾ ਰਹੀ ਹੈ। ਮੁੱਖ ਮੰਤਰੀ ਨੇ ਕਿਹਾ ਹੈ ਕਿ ਮਲੇਰਕੋਟਲਾ ਵਾਲਿਆਂ ਲਈ ਵੱਡੀ ਖੁਸ਼ਖਬਰੀ ਹੈ ਕਿ ਮੈਡੀਕਲ ਕਾਲਜ ਨੂੰ ਕੇਂਦਰ ਤੇ ਪੰਜਾਬ ਵੱਲੋਂ ਪ੍ਰਵਾਨਗੀ ਮਿਲ ਗਈ ਹੈ। ਜ਼ਮੀਨ ਵੀ ਪੱਕੀ ਹੋ ਗਈ ਹੈ ਹੁਣ ਸਿਰਫ ਇੱਟ ਨਾਲ ਕੇ ਉਦਘਾਟਨ ਹੀ ਕਰਨਾ ਹੈ। ਮੁੱਖ ਮੰਤਰੀ ਨੇ ਕਿਹਾ ਹੈ ਕਿ ਪਿਛਲੀ ਮਾਪੇ ਅਧਿਆਪਕ ਮਿਲਣੀ ਵਿੱਚ 24 ਲੱਖ ਮਾਪੇ ਸਕੂਲਾਂ ਵਿੱਚ ਆਪਣੇ ਬੱਚਿਆਂ ਬਾਰੇ ਪੁੱਛਣ ਆਏ ਸਨ।

## ਫ਼ਰੀਦਾਬਾਦ ਦੀ ਗਲੋਬਲ ਸਿਟੀ ਵਿੱਚ ਵਿਸ਼ਵ ਪੱਧਰ ਦਾ ਆਈਕਾਨਿਕ ਟਾਵਰ ਬਣਾਉਣ ਦੀ ਕਾਰਜ ਯੋਜਨਾ ਕੀਤੀ ਜਾਵੇ ਤਿਆਰ : ਨਾਇਬ ਸਿੰਘ ਸੈਣੀ



ਚੰਡੀਗੜ੍ਹ, 12 ਅਗਸਤ (ਪੱਤਰ ਪ੍ਰੇਰਕ) ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸਰਕਾਰ ਵੱਲੋਂ ਫ਼ਰੀਦਾਬਾਦ ਵਿੱਚ ਵਿਕਸਤ ਕੀਤੀ ਜਾ ਰਹੀ ਗਲੋਬਲ ਸਿਟੀ ਦੇ ਅੰਦਰ ਤਿੰਨ ਮਹੀਨੇ ਵਿੱਚ ਬਿਜਲੀ, ਪਾਣੀ ਆਦਿ ਬੁਨਿਆਦੀ ਯੋਜਨਾਵਾਂ ਪੂਰੀਆਂ ਕਰਨ ਲਈ ਵਿਸ਼ੇਸ਼ ਕਾਰਜ ਯੋਜਨਾ ਤਿਆਰ ਕੀਤੀ ਜਾਵੇ। ਇਸ ਤੋਂ ਇਲਾਵਾ ਗਲੋਬਲ ਸਿਟੀ ਵਿੱਚ ਵਿਸ਼ਵ ਪੱਧਰ ਦਾ ਆਈਕਾਨਿਕ ਟਾਵਰ ਬਣਾਉਣ ਲਈ ਕਾਰਜ ਯੋਜਨਾ ਤਿਆਰ ਕੀਤੀ ਜਾਵੇ। ਉਨ੍ਹਾਂ ਨੇ ਪਿੰਜੌਰ ਦੀ ਹਵਾਈ ਪੱਟੀ ਦਾ ਵਿਸਥਾਰ ਕਰਨ ਲਈ ਵੀ ਕਾਰਜ ਯੋਜਨਾ ਬਣਾਉਣ ਦੇ ਨਿਰਦੇਸ਼ ਦਿੱਤੇ। ਮੁੱਖ ਮੰਤਰੀ ਬੁੱਧਵਾਰ ਨੂੰ ਚੰਡੀਗੜ੍ਹ ਵਿੱਚ ਰਾਜ ਪ੍ਰਗਤੀ ਪੋਰਟਲ ਸਮੀਖਿਆ ਦੀ ਚੌਥੀ ਮੀਟਿੰਗ ਦੀ ਪ੍ਰਧਾਨਗੀ ਕਰ ਰਹੇ ਸਨ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਗਲੋਬਲ ਸਿਟੀ ਦੇ ਪੂਰਾ ਹੋ ਜਾਣ ਤੋਂ ਬਾਅਦ ਇਸ ਵਿੱਚ ਬੁਨਿਆਦੀ ਸਹੂਲਤਾਂ ਦੇ ਨਾਲ-ਨਾਲ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਵੀ ਸੁਲਭ ਹੋ ਸਕਣਗੇ। ਇਸ 1000 ਏਕੜ ਵਿੱਚ ਵਿਕਸਤ ਕੀਤੀ ਜਾ ਰਹੀ ਗਲੋਬਲ ਸਿਟੀ ਵਿੱਚ 1000 ਕਰੋੜ ਰੁਪਏ ਦੀ ਲਾਗਤ ਨਾਲ ਭੌਤਿਕ ਪ੍ਰਗਤੀ ਦਾ 80 ਫੀਸਦੀ ਕੰਮ ਪੂਰਾ ਕੀਤਾ ਜਾ ਚੁੱਕਾ ਹੈ। ਬਾਕੀ ਕਾਰਜ ਆਗਾਮੀ ਦਸੰਬਰ ਮਹੀਨੇ ਤੱਕ ਪੂਰਾ ਕਰ ਲਿਆ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਸਮਾਰਟ ਅਤੇ ਸੁਵਿਵਸਥਿਤ ਯੋਜਨਾ 'ਤੇ ਆਧਾਰਿਤ ਵਿਕਸਤ ਕੀਤੀ ਜਾ ਰਹੀ ਗਲੋਬਲ ਸਿਟੀ ਵਿੱਚ ਸਿੱਖਿਆ, ਸਿਹਤ ਸੰਸਥਾਵਾਂ ਤੋਂ ਇਲਾਵਾ ਮਾਲ, ਥੀਏਟਰ, ਲਗਜ਼ਰੀ ਹੋਟਲ, ਕਮਿਊਨਿਟੀ ਸੈਂਟਰ, ਮੈਰਿਜ ਪੈਲੇਸ ਆਦਿ ਬਣਾਉਣ ਦੇ ਨਾਲ ਨਮੋ ਭਾਰਤ ਮੈਟਰੋ ਟ੍ਰੇਨ ਵੀ ਚਲਾਈ ਜਾਵੇਗੀ। ਇਸ ਤੋਂ ਇਲਾਵਾ ਵਿਸ਼ੇਸ਼ ਵਾਟਰ ਟ੍ਰੀਟਮੈਂਟ ਪਲਾਂਟ ਅਤੇ ਗ੍ਰੀਨ ਲੇਕ ਵੀ ਬਣਾਈ ਜਾਵੇਗੀ ਅਤੇ ਇਸ ਸਿਟੀ ਨੂੰ ਦੁਆਰਕਾ ਐਕਸਪ੍ਰੈੱਸ ਵੇ ਨਾਲ ਜੋੜਨ ਦਾ ਕਾਰਜ ਕੀਤਾ ਜਾਵੇਗਾ ਤਾਂ ਜੋ ਆਵਾਜਾਈ ਸੁਗਮ ਹੋ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਨਾਂਗਲ ਚੌਧਰੀ ਵਿੱਚ ਏਕੀਕ੍ਰਿਤ ਬਹੁ ਮਾਡਲ ਲੌਜਿਸਟਿਕ ਹੱਬ ਪ੍ਰੋਜੈਕਟ ਵਿਕਸਤ ਕੀਤਾ ਗਿਆ ਹੈ। ਇਸ ਵਿੱਚ ਬਿਜਲੀ, ਸਿੰਚਾਈ, ਸੜਕਾਂ, ਬਾਹਰੀ ਰੇਲ ਸਾਈਡਿੰਗ, ਅੰਦਰੂਨੀ ਰੇਲ ਯਾਰਡ ਬਣਾਉਣ ਦਾ ਕਾਰਜ ਪੂਰਾ ਕਰ ਲਿਆ ਗਿਆ ਹੈ। ਇਸ ਤੋਂ ਇਲਾਵਾ ਅੰਦਰੂਨੀ ਇਨ ਮੋਸ਼ਨ ਵੇ ਬ੍ਰਿਜ ਵੀ ਸਥਾਪਿਤ ਕੀਤਾ ਜਾ ਰਿਹਾ ਹੈ ਜੋ ਆਗਾਮੀ 6 ਮਹੀਨੇ ਵਿੱਚ ਬਣ ਕੇ ਤਿਆਰ ਹੋ ਜਾਵੇਗਾ। ਇਸ ਉੱਤੇ ਚੱਲਣ ਵਾਲੀ ਵਿਸ਼ੇਸ਼ ਟ੍ਰੇਨ ਦਾ ਮੁੱਖ ਮੰਤਰੀ 23 ਅਗਸਤ ਨੂੰ ਸਵਾਗਤ ਕਰਨਗੇ। ਮੁੱਖ ਮੰਤਰੀ ਨੇ ਕਿਹਾ ਕਿ ਹਿਸਾਰ ਵਿੱਚ ਬਣਾਏ ਜਾ ਰਹੇ ਆਈ.ਐਮ.ਸੀ. ਵਿੱਚ ਵਿਆਪਕ ਪੱਧਰ 'ਤੇ ਬੁਨਿਆਦੀ ਢਾਂਚਾ ਤਿਆਰ ਕੀਤਾ ਜਾ ਰਿਹਾ ਹੈ। ਇੰਡਸਟ੍ਰੀਅਲ ਮੈਨੂਫੈਕਚਰਿੰਗ ਕਲੱਸਟਰ ਵਿੱਚ ਸਕਿਲ ਡਿਵੈਲਪਮੈਂਟ ਸੈਂਟਰ, ਕਨਵੈਨਸ਼ਨ ਸੈਂਟਰ ਏਵੰਗ ਐਗਜ਼ੀਬੀਸ਼ਨ ਹਾਲ, ਲੌਜਿਸਟਿਕ ਪਾਰਕ ਅਤੇ ਮਲਟੀ ਸਪੈਸ਼ਲਿਸਟ ਹਸਪਤਾਲ, ਡਿਫੈਂਸ ਏਰੋ ਸਪੇਸ, ਐਗਰੋ ਫੂਡ ਪ੍ਰੋਸੈਸਿੰਗ ਯੂਨਿਟ, ਗਾਰਮੈਂਟ ਟੈਕਸਟਾਈਲ, ਉਦਯੋਗ ਵੀ ਵਿਕਸਤ ਕੀਤੇ ਜਾ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਆਈ.ਐਮ.ਸੀ. ਵਿੱਚ ਏਅਰਪੋਰਟ ਲਈ ਵਾਟਰ ਸਪਲਾਈ, 220 ਕੇ.ਵੀ. ਦਾ ਬਿਜਲੀ ਘਰ ਬਣਾਇਆ ਜਾ ਰਿਹਾ ਹੈ। ਏਅਰਪੋਰਟ ਦੇ ਪਹਿਲੇ ਪੜਾਅ ਵਿੱਚ 1578 ਏਕੜ ਭੂਮੀ ਦੀ ਚਾਰਦੀਵਾਰੀ ਬਣਾਉਣ ਦਾ ਕਾਰਜ ਵੀ ਜਾਰੀ ਹੈ। ਉਨ੍ਹਾਂ ਦੱਸਿਆ ਕਿ ਸਵਦੇਸ਼ ਯੋਜਨਾ 2 ਤਹਿਤ ਪੰਚਕੂਲਾ ਦੇ ਯਾਦਵਿੰਦਰਾ ਗਾਰਡਨ ਨੂੰ ਰੁਜ਼ਗਾਰ ਸਿਰਜਣ ਅਤੇ ਸੈਲਾਨੀ ਕੇਂਦਰ ਵਜੋ ਹੋਰ ਵੱਧ ਵਿਕਸਤ ਕੀਤਾ ਜਾਵੇਗਾ।

## ਲੋਕ ਸਭਾ 'ਚ ਬਿਨਾਂ ਬਹਿਸ ਦੇ ਖਾਣ ਅਤੇ ਖਣਿਜ ਵਿਕਾਸ ਕਾਨੂੰਨ ਵਿੱਚ ਸੋਧ ਕਰਨ ਵਾਲਾ ਬਿੱਲ ਪਾਸ

### ਖਣਿਜ ਖੇਤਰ ਵਿੱਚ ਵਿੱਤੀ ਸਥਿਰਤਾ ਅਤੇ ਨਿਸ਼ਚਿਤਤਾ ਲਿਆਉਣਾ ਹੈ ਮੁੱਖ ਉਦੇਸ਼



ਨਵੀਂ ਦਿੱਲੀ, 12 ਅਗਸਤ (ਪੱਤਰ ਪ੍ਰੇਰਕ) ਲੋਕ ਸਭਾ ਨੇ ਬੁੱਧਵਾਰ ਨੂੰ ਬਿਨਾਂ ਕਿਸੇ ਬਹਿਸ ਦੇ ਮਾਈਨਜ਼ ਐਂਡ ਮਿਨਰਲਜ਼ (ਡਿਵੈਲਪਮੈਂਟ ਐਂਡ ਰੈਗੂਲੇਸ਼ਨ) ਐਕਟ ਵਿੱਚ ਸੋਧ ਕਰਨ ਲਈ ਇੱਕ ਬਿੱਲ ਪਾਸ ਕਰ ਦਿੱਤਾ। ਮਾਈਨਜ਼ ਐਂਡ ਮਿਨਰਲਜ਼ (ਡਿਵੈਲਪਮੈਂਟ ਐਂਡ ਰੈਗੂਲੇਸ਼ਨ) ਅਮੈਂਡਮੈਂਟ ਬਿੱਲ, 2026 ਖਾਣਾਂ ਅਤੇ ਖਣਿਜਾਂ ਲਈ ਨਿਯਮਾਂ ਵਿੱਚ ਸੋਧ ਕਰਨ ਦੀ ਮੰਗ ਕਰਦਾ ਹੈ, ਜਿਸ ਤਹਿਤ ਰਾਜਾਂ ਨੂੰ ਖਣਿਜ ਅਧਿਕਾਰਾਂ 'ਤੇ ਵਾਧੂ ਟੈਕਸ ਲਗਾਉਣ ਤੋਂ ਰੋਕਿਆ ਜਾਵੇਗਾ। ਕੇਂਦਰ ਸਰਕਾਰ ਇਸ ਬਿੱਲ ਰਾਹੀਂ, ਮਾਈਨਜ਼ ਐਂਡ ਮਿਨਰਲਜ਼ (ਡਿਵੈਲਪਮੈਂਟ ਐਂਡ ਰੈਗੂਲੇਸ਼ਨ) (ਐੱਮ.ਐੱਮ.ਡੀ.ਆਰ.) ਐਕਟ ਤਹਿਤ ਨਿਰਧਾਰਤ ਮਾਪਦੰਡਾਂ ਅਨੁਸਾਰ ਖਣਿਜ ਸਮੱਗਰੀ ਵਾਲੀਆਂ ਖਣਿਜ-ਯੁਕਤ ਜ਼ਮੀਨਾਂ ਦੇ ਨਿਯਮਾਂ ਨੂੰ ਆਪਣੇ ਕੰਟਰੋਲ ਵਿੱਚ ਲੈਣ ਦੀ ਵੀ ਮੰਗ ਕਰਦੀ ਹੈ। ਬਿੱਲ ਦੇ ਉਦੇਸ਼ਾਂ ਅਤੇ ਕਾਰਨਾਂ ਦੇ ਬਿਆਨ ਅਨੁਸਾਰ, "ਇਹ ਮੌਜੂਦਾ ਪ੍ਰਬੰਧ ਤੋਂ ਇਲਾਵਾ ਹੈ ਜੋ ਖਾਣਾਂ ਦੇ ਨਿਯਮ ਅਤੇ ਖਣਿਜਾਂ ਦੇ ਵਿਕਾਸ ਉੱਤੇ ਯੂਨੀਅਨ ਦੇ ਕੰਟਰੋਲ ਦਾ ਐਲਾਨ ਕਰਦਾ ਹੈ।" ਕੋਲਾ ਅਤੇ ਖਣਿਜ ਮੰਤਰੀ ਜੀ. ਕਿਸ਼ਨ ਰੈੱਡੀ ਨੇ ਵੱਖ-ਵੱਖ ਮੁੱਦਿਆਂ 'ਤੇ ਵਿਰੋਧੀ ਧਿਰ ਦੇ ਮੈਂਬਰਾਂ ਦੇ ਹੰਗਾਮੇ ਦੌਰਾਨ ਬਿੱਲ ਪੇਸ਼ ਕੀਤਾ। ਬਿੱਲ ਵਿੱਚ ਕਿਹਾ ਗਿਆ ਹੈ ਕਿ "ਰਾਜ ਸਰਕਾਰ ਦੁਆਰਾ ਖਣਿਜ ਅਧਿਕਾਰਾਂ 'ਤੇ ਕੋਈ ਟੈਕਸ, ਸੈੱਸ ਜਾਂ ਅਜਿਹਾ ਕੋਈ ਹੋਰ ਲੇਵੀ (ਕਿਸੇ ਵੀ ਨਾਮ ਨਾਲ ਸੱਦਿਆ ਜਾਵੇ) ਨਹੀਂ ਲਗਾਇਆ ਜਾਵੇਗਾ।" ਇਹ ਵਿਵਸਥਾਵਾਂ ਖਣਿਜ-ਯੁਕਤ ਜ਼ਮੀਨਾਂ 'ਤੇ ਵੀ ਲਾਗੂ ਹੋਣਗੀਆਂ, ਭਾਵੇਂ ਖਣਿਜ ਦੀ ਮਾਤਰਾ, ਖਣਿਜ ਮੁੱਲ, ਰਾਇਲਟੀ ਜਾਂ ਹੋਰ ਤਰੀਕੇ ਨਾਲ, ਕੇਂਦਰ ਸਰਕਾਰ ਦੁਆਰਾ ਨਿਰਧਾਰਤ ਸ਼ਰਤਾਂ ਜਾਂ ਪਾਬੰਦੀਆਂ ਨੂੰ ਛੱਡ ਕੇ। ਇਸ ਸਬੰਧ ਵਿੱਚ ਐੱਮ.ਐੱਮ.ਡੀ.ਆਰ. ਐਕਟ ਵਿੱਚ ਇੱਕ ਨਵੀਂ ਧਾਰਾ ਸ਼ਾਮਲ ਕੀਤੀ ਜਾਣੀ ਹੈ। ਇਸ ਤੋਂ ਇਲਾਵਾ ਬਿੱਲ ਇਹ ਪ੍ਰਦਾਨ ਕਰਨ ਦਾ ਪ੍ਰਸਤਾਵ ਕਰਦਾ ਹੈ ਕਿ ਅਜਿਹਾ ਕੋਈ ਵੀ ਟੈਕਸ, ਸੈੱਸ ਜਾਂ ਹੋਰ ਲੇਵੀ ਜੋ ਰਾਜ ਸਰਕਾਰ ਕੋਲ ਜਮ੍ਹਾਂ ਨਹੀਂ ਕੀਤਾ ਗਿਆ ਹੈ ਜਾਂ ਐੱਮ.ਐੱਮ.ਡੀ.ਆਰ. (ਸੋਧ) ਐਕਟ, 2026 ਦੇ ਲਾਗੂ ਹੋਣ ਤੋਂ ਪਹਿਲਾਂ ਇਸ ਦੁਆਰਾ ਵਸੂਲਿਆ ਨਹੀਂ ਗਿਆ ਹੈ, ਨੂੰ ਹਰ ਸਮੇਂ ਲਈ ਅਵੈਧ ਮੰਨਿਆ ਜਾਵੇਗਾ। ਬਿੱਲ ਵਿੱਚ ਕਿਹਾ ਗਿਆ ਹੈ, "ਹਾਲਾਂਕਿ, ਖਣਿਜ ਅਧਿਕਾਰਾਂ 'ਤੇ ਜਾਂ ਖਣਿਜ-ਯੁਕਤ ਜ਼ਮੀਨਾਂ 'ਤੇ ਅਜਿਹਾ ਕੋਈ ਵੀ ਟੈਕਸ, ਸੈੱਸ ਜਾਂ ਹੋਰ ਲੇਵੀ, ਜੋ ਪਹਿਲਾਂ ਹੀ ਰਾਜ ਸਰਕਾਰ ਕੋਲ ਜਮ੍ਹਾਂ ਕਰਵਾ ਦਿੱਤਾ ਗਿਆ ਹੈ ਜਾਂ ਅਜਿਹੇ ਲਾਗੂ ਹੋਣ ਤੋਂ ਪਹਿਲਾਂ ਇਸ ਦੁਆਰਾ ਵਸੂਲਿਆ ਗਿਆ ਹੈ, ਨੂੰ ਵਾਪਸ ਕਰਨ ਲਈ ਦੇਣਯੋਗ ਨਹੀਂ ਹੋਵੇਗਾ।"

## ਜਸਟਿਸ ਯਸ਼ਵੰਤ ਵਰਮਾ ਵਿਰੁੱਧ ਹੁਣ ਐਫ ਆਈ ਆਰ ਦਰਜ ਕੀਤੀ ਜਾ ਸਕਦੀ ਹੈ: ਕਾਨੂੰਨੀ ਮਾਹਿਰ

ਨਵੀਂ ਦਿੱਲੀ, 12 ਅਗਸਤ (ਪੱਤਰ ਪ੍ਰੇਰਕ) ਕਾਨੂੰਨੀ ਮਾਹਰਾਂ ਨੇ ਬੁੱਧਵਾਰ ਨੂੰ ਕਿਹਾ ਕਿ ਅਲਾਹਾਬਾਦ ਹਾਈ ਕੋਰਟ ਦੇ ਜੱਜ ਜਸਟਿਸ ਯਸ਼ਵੰਤ ਵਰਮਾ ਵਿਰੁੱਧ ਐੱਫ.ਆਈ.ਆਰ. ਦਰਜ ਕੀਤੀ ਜਾ ਸਕਦੀ ਹੈ ਕਿਉਂਕਿ ਲੋਕ ਸਭਾ ਸਪੀਕਰ ਵੱਲੋਂ ਪਿਛਲੇ ਸਾਲ ਉਨ੍ਹਾਂ ਦੀ ਸਰਕਾਰੀ ਰਿਹਾਇਸ਼ 'ਤੇ ਨਕਦੀ ਮਿਲਣ ਦੇ ਦੋਸ਼ਾਂ ਦੀ ਜਾਂਚ ਕਰਨ ਲਈ ਬਣਾਈ ਗਈ ਇੱਕ ਪੈਨਲ ਵੱਲੋਂ ਉਨ੍ਹਾਂ ਨੂੰ ਦੋਸ਼ੀ ਪਾਇਆ ਗਿਆ ਹੈ। ਹਾਲਾਂਕਿ, ਕੁਝ ਮਾਹਿਰਾਂ ਦਾ ਮੰਨਣਾ ਹੈ ਕਿ ਮਹਾਂਦੋਸ਼ ਦੀ ਪ੍ਰਕਿਰਿਆ "ਆਪਣੇ ਆਪ ਪੂਰੀ ਹੋ ਗਈ ਹੈ" ਕਿਉਂਕਿ ਜਸਟਿਸ ਵਰਮਾ ਨੇ ਆਪਣਾ ਅਸਤੀਫ਼ਾ ਦੇ ਦਿੱਤਾ ਹੈ। ਦਿਨ ਦੀ ਸ਼ੁਰੂਆਤ ਵਿੱਚ, ਪੈਨਲ ਨੇ ਆਪਣੀ ਰਿਪੋਰਟ ਸੌਂਪੀ ਜਿਸ ਵਿੱਚ ਜਸਟਿਸ ਵਰਮਾ ਨੂੰ ਦੋਸ਼ੀ ਠਹਿਰਾਇਆ ਗਿਆ ਅਤੇ ਕਿਹਾ ਕਿ ਉਨ੍ਹਾਂ ਵਿਰੁੱਧ ਬੇਨਾਮੀ ਨਕਦੀ, ਸਬੂਤਾਂ ਨਾਲ ਛੇੜਛਾੜ ਅਤੇ ਗੋਲ-ਮੋਲ ਸਪੱਸ਼ਟੀਕਰਨ ਦੇ ਦੋਸ਼ "ਸਾਬਤ ਹੁੰਦੇ ਹਨ"। ਸੀਨੀਅਰ ਵਕੀਲ ਅਤੇ ਸੰਵਿਧਾਨਕ ਕਾਨੂੰਨ ਦੇ ਮਾਹਰ ਰਾਕੇਸ਼ ਦਿਵੇਦੀ ਨੇ ਕਿਹਾ ਕਿ ਜਸਟਿਸ ਵਰਮਾ ਵਿਰੁੱਧ ਐੱਫ. ਆਈ. ਆਰ. ਦਰਜ ਕਰਨ ਬਾਰੇ ਸੁਪਰੀਮ ਕੋਰਟ ਵੱਲੋਂ ਪਟੀਸ਼ਨਾਂ ਨੂੰ ਖਾਰਜ ਕਰਨਾ ਕੋਈ ਅਸਰ ਨਹੀਂ ਪਾਵੇਗਾ ਜੇ ਕੋਈ ਨਵਾਂ ਕਦਮ ਚੁੱਕਿਆ ਜਾਂਦਾ ਹੈ। ਉਨ੍ਹਾਂ ਕਿਹਾ, "ਹੁਣ ਰਿਪੋਰਟ ਸੰਸਦ ਵਿੱਚ ਪੇਸ਼ ਕਰ ਦਿੱਤੀ ਗਈ ਹੈ ਅਤੇ ਉਹ ਪਹਿਲਾਂ ਹੀ ਅਸਤੀਫ਼ਾ ਦੇ ਚੁੱਕੇ ਹਨ, ਇਸ ਲਈ ਉਨ੍ਹਾਂ ਨੂੰ ਹਟਾਇਆ ਨਹੀਂ ਜਾ ਸਕਦਾ। ਇਸ ਲਈ ਮਹਾਂਦੋਸ਼ ਦਾ ਮਤਾ ਆਪਣੇ ਆਪ ਖ਼ਤਮ ਹੋ ਗਿਆ ਹੈ। ਮੇਰੇ ਵਿਚਾਰ ਵਿੱਚ, ਇਹ ਵਿਅਰਥ ਹੋ ਗਿਆ ਹੈ ਪਰ ਰਿਪੋਰਟ ਦੇ ਆਧਾਰ 'ਤੇ ਕੋਈ ਵੀ ਐੱਫ.ਆਈ.ਆਰ. ਯਕੀਨੀ ਤੌਰ 'ਤੇ ਦਰਜ ਕੀਤੀ ਜਾ ਸਕਦੀ ਹੈ।" ਸੀਨੀਅਰ ਵਕੀਲ ਅਤੇ ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਵਿਕਾਸ ਸਿੰਘ ਨੇ ਕਿਹਾ ਕਿ ਉਨ੍ਹਾਂ ਦੇ ਵਿਚਾਰ ਵਿੱਚ, ਕਿਉਂਕਿ ਅਸਤੀਫ਼ਾ ਅਜੇ ਤੱਕ ਸਵੀਕਾਰ ਨਹੀਂ ਕੀਤਾ ਗਿਆ ਹੈ, ਇਸ ਲਈ ਜਸਟਿਸ ਵਰਮਾ ਵਿਰੁੱਧ ਮਹਾਂਦੋਸ਼ ਚਲਾਇਆ ਜਾ ਸਕਦਾ ਹੈ।



# ਅਗਰਵਾਲ ਸਭਾ ਅਮਰਗੜ੍ਹ ਵੱਲੋਂ ਨਗਰ ਕੌਂਸਲ ਸੁਨਾਮ ਦੇ ਪ੍ਰਧਾਨ ਮਨਪ੍ਰੀਤ ਬਾਂਸਲ ਦਾ ਕੀਤਾ ਸਨਮਾਨ



ਸੁਨਾਮ ਊਧਮ ਸਿੰਘ ਵਾਲਾ, 12 ਅਗਸਤ (ਰਾਜੂ ਸਿੰਗਲਾ / ਰਾਜੇਸ਼ ਕੁਮਾਰ)- ਅਗਰਵਾਲ ਸਭਾ ਅਮਰਗੜ੍ਹ ਦੀ ਇੱਕ ਵਿਸੇਸ਼ ਮੀਟਿੰਗ ਹੋਈ ਜਿਸ ਵਿੱਚ ਅਗਰਵਾਲ ਸਭਾ ਸੁਨਾਮ ਦੇ ਚੀਫ ਪੈਟਰਨ ਤੇ ਨਗਰ ਕੌਂਸਲ ਪ੍ਰਧਾਨ ਮਨਪ੍ਰੀਤ ਬਾਂਸਲ ਦਾ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਗਿਆ। ਸਭਾ ਬੁਲਾਰਿਆਂ ਨੇ ਮਨਪ੍ਰੀਤ ਬਾਂਸਲ ਨੂੰ ਨਗਰ ਕੌਂਸਲ ਸੁਨਾਮ ਦਾ ਪ੍ਰਧਾਨ ਬਨਣ ਤੇ ਵਧਾਈ ਦਿੱਤੀ ਅਤੇ ਆਪਣੇ ਮਿਸ਼ਨ ਵਿੱਚ ਕਾਮਯਾਬ ਹੋਣ ਦੀ ਕਾਮਨਾ ਕੀਤੀ। ਇਸ ਮੌਕੇ ਅਗਰਵਾਲ ਸਭਾ ਸੁਨਾਮ ਦੇ ਸਰਪ੍ਰਸਤ ਅਗਰ ਰਤਨ ਕ੍ਰਿਸ਼ਨ ਸੰਦੋਹਾ ਤੇ ਹਰੀਦੇਵ ਗੋਇਲ, ਸਾਬਕਾ ਪ੍ਰਧਾਨ ਹਕੂਮਤ ਰਾਏ ਜਿੰਦਲ ਤੋਂ ਇਲਾਵਾ ਅਮਰਗੜ੍ਹ ਅਗਰਵਾਲ ਸਭਾ ਆਗੂ ਬਲਵੀਰ ਚੰਦ ਸਿੰਗਲਾ ਸਰਪ੍ਰਸਤ, ਜਗਦੀਸ਼ ਸਿੰਗਲਾ, ਹਰਸ਼ ਸਿੰਗਲਾ ਜ਼ਿਲ੍ਹਾ ਸਕੱਤਰ, ਵਿਜੇ ਸਿੰਗਲਾ, ਡਾ. ਕ੍ਰਿਸ਼ਨ ਕੁਮਾਰ, ਸੁਦਰਸ਼ਨ ਸਿੰਗਲਾ, ਮਨੋਜ ਕੁਮਾਰ, ਮੇਘ ਰਾਜ ਬਾਂਸਲ, ਸਰਜੀਵਨ ਜਿੰਦਲ ਕੈਸ਼ੀਅਰ, ਸੰਜੀਵ ਸਿੰਗਲਾ ਸਾਬਕਾ ਪ੍ਰਧਾਨ, ਦਵਿੰਦਰ ਮੋਦੀ, ਡਾ. ਮਿੰਕਲ ਗੁਪਤਾ, ਰਾਜਿੰਦਰ ਪਾਲ ਸਿੰਗਲਾ ਅਤੇ ਜੀਵਨ ਕੁਮਾਰ ਸਮੇਤ ਸਭਾ ਮੈਂਬਰ ਹਾਜ਼ਰ ਸਨ।

# ਆਸਰਾ ਫਾਊਂਡੇਸ਼ਨ ਬਰੇਟਾ ਵੱਲੋਂ ਸੋਸ਼ਲ ਵਰਕ ਇੰਟਰਨਸ਼ਿਪ ਦੇ ਪਹਿਲੇ ਬੈਚ ਦਾ ਸਰਟੀਫਿਕੇਟ ਵੰਡ ਸਮਾਰੋਹ




ਬਰੇਟਾ, 12 ਅਗਸਤ (ਰਾਜੇਸ਼ ਅਗਰਵਾਲ)-ਆਸਰਾ ਫਾਊਂਡੇਸ਼ਨ ਬਰੇਟਾ ਵੱਲੋਂ ਵੱਖ-ਵੱਖ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਨੂੰ ਸਮਾਜ ਸੇਵਾ ਨਾਲ ਜੋੜਨ ਅਤੇ ਉਨ੍ਹਾਂ ਵਿੱਚ ਸੇਵਾ, ਸਹਿਯੋਗ, ਨਿਮਰਤਾ ਤੇ ਇਨਸਾਨੀਅਤ ਦੀਆਂ ਕਦਰਾਂ-ਕੀਮਤਾਂ ਪੈਦਾ ਕਰਨ ਦੇ ਉਦੇਸ਼ ਨਾਲ ਕਰਵਾਏ ਗਏ ਸੋਸ਼ਲ ਵਰਕ ਇੰਟਰਨਸ਼ਿਪ ਪ੍ਰੋਗਰਾਮ ਦੇ ਪਹਿਲੇ ਬੈਚ ਦਾ ਸਰਟੀਫਿਕੇਟ ਵੰਡ ਸਮਾਰੋਹ ਕਰਵਾਇਆ ਗਿਆ। ਸਮਾਗਮ ਦੌਰਾਨ ਇੰਟਰਨਸ਼ਿਪ ਪੂਰੀ ਕਰਨ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਪ੍ਰਦਾਨ ਕੀਤੇ ਗਏ। ਸਮਾਗਮ ਵਿੱਚ ਨਗਰ ਕੌਂਸਲ ਦੇ ਪ੍ਰਧਾਨ ਸੰਦੀਪ ਸਿੰਘ ਬੱਗਾ, ਈ.ਓ. ਸਰਦਾਰ ਸਿਕੰਦਰ ਸਿੰਘ, ਯੂਥ ਆਗੂ ਲੱਕੀ ਸ਼ਰਮਾ, ਕੇਸਰ ਬਿੱਲਾ ਅਤੇ ਦਰਸ਼ਨ ਸਿੰਘ ਬਹਾਦਰਪੁਰ ਸਮੇਤ ਵੱਖ-ਵੱਖ ਸਮਾਜਿਕ ਅਤੇ ਧਾਰਮਿਕ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਨਗਰ ਕੌਂਸਲ ਪ੍ਰਧਾਨ ਸੰਦੀਪ ਸਿੰਘ ਬੱਗਾ ਨੇ ਆਸਰਾ ਫਾਊਂਡੇਸ਼ਨ ਦੀ ਟੀਮ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਡੇ ਇਲਾਕੇ ਦੀ ਇਹ ਸੰਸਥਾ ਸਮਾਜ ਸੇਵਾ ਦੇ ਕੰਮਾਂ ਦੇ ਨਾਲ-ਨਾਲ ਨੌਜਵਾਨਾਂ ਨੂੰ ਚੰਗੇ ਸੰਸਕਾਰ ਦੇਣ ਲਈ ਵੀ ਸ਼ਲਾਘਾਯੋਗ ਉਪਰਾਲੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਆਸਰਾ ਫਾਊਂਡੇਸ਼ਨ ਇਲਾਕੇ ਵਿੱਚ ਮਨੁੱਖਤਾ ਦੀ ਸੇਵਾ ਨੂੰ ਸਮਰਪਿਤ ਇੱਕ ਨਾਮਵਰ ਸੰਸਥਾ ਹੈ ਅਤੇ ਇਸ ਸੰਸਥਾ ਦੇ ਸਮਾਗਮ ਦਾ ਹਿੱਸਾ ਬਣ ਕੇ ਉਹ ਮਾਣ ਮਹਿਸੂਸ ਕਰ ਰਹੇ ਹਨ। ਇੰਟਰਨਸ਼ਿਪ ਦੌਰਾਨ ਸਾਰੇ ਵਿਦਿਆਰਥੀਆਂ ਨੇ ਵਾਰੋ ਵਾਰੀ ਟੀਮ ਆਸਰਾ ਤੋਂ ਮਿਲੇ ਸੰਸਕਾਰਾਂ, ਸਿੱਖਿਆ ਅਤੇ ਸਮਾਜ ਸੇਵਾ ਦੇ ਤਜਰਬਿਆਂ ਨੂੰ ਮੁੱਖ ਮਹਿਮਾਨਾਂ ਦੇ ਸਾਹਮਣੇ ਸਾਂਝਾ ਕੀਤਾ। ਵਿਦਿਆਰਥੀਆਂ ਨੇ ਕਿਹਾ ਕਿ ਇਸ ਪ੍ਰੋਗਰਾਮ ਰਾਹੀਂ ਉਨ੍ਹਾਂ ਨੂੰ ਇਹ ਸਿੱਖਣ ਨੂੰ ਮਿਲਿਆ ਕਿ ਪੜ੍ਹਾਈ ਦੇ ਨਾਲ-ਨਾਲ ਇੱਕ ਚੰਗਾ ਇਨਸਾਨ ਬਣਨਾ ਵੀ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਲੋੜਵੰਦ ਇਨਸਾਨਾਂ ਦੀ ਸੇਵਾ, ਸਹਿਯੋਗ, ਨਿਮਰਤਾ ਅਤੇ ਇਨਸਾਨੀਅਤ ਵਰਗੀਆਂ ਕਦਰਾਂ-ਕੀਮਤਾਂ ਨੂੰ ਨੇੜਿਓਂ ਮਹਿਸੂਸ ਕੀਤਾ। ਵਿਦਿਆਰਥੀਆਂ ਨੇ ਕਿਹਾ ਕਿ ਉਹ ਭਵਿੱਖ ਵਿੱਚ ਵੀ ਹਮੇਸਾਂ ਟੀਮ ਆਸਰਾ ਦੇ ਵਲੰਟੀਅਰ ਬਣ ਕੇ ਸਮਾਜ ਸੇਵਾ ਵਿੱਚ ਆਪਣਾ ਯੋਗਦਾਨ ਪਾਉਣ ਲਈ ਯਤਨਸ਼ੀਲ ਰਹਾਂਗੇ ਅਖੀਰ ਵਿੱਚ ਆਸਰਾ ਫਾਊਂਡੇਸ਼ਨ ਬਰੇਟਾ ਦੇ ਪ੍ਰਧਾਨ ਡਾ. ਗਿਆਨ ਚੰਦ ਆਜ਼ਾਦ ਨੇ ਸਮਾਗਮ ਵਿੱਚ ਪਹੁੰਚੇ ਮੁੱਖ ਮਹਿਮਾਨਾਂ, ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਬੱਚੇ ਸਾਡੇ ਦੇਸ਼ ਦਾ ਆਉਣ ਵਾਲਾ ਭਵਿੱਖ ਹਨ ਅਤੇ ਆਸਰਾ ਫਾਊਂਡੇਸ਼ਨ ਦਾ ਯਤਨ ਹੈ ਕਿ ਨੌਜਵਾਨਾਂ ਨੂੰ ਸਿੱਖਿਆ ਦੇ ਨਾਲ-ਨਾਲ ਚੰਗੇ ਸੰਸਕਾਰ ਅਤੇ ਮਨੁੱਖਤਾ ਦੀ ਸੇਵਾ ਦੀ ਭਾਵਨਾ ਵੀ ਦਿੱਤੀ ਜਾਵੇ। ਇਸ ਮੌਕੇ ਵੱਖ-ਵੱਖ ਸਮਾਜਿਕ ਤੇ ਧਾਰਮਿਕ ਸੰਸਥਾਵਾਂ ਦੇ ਨੁਮਾਇੰਦਿਆਂ ਤੋਂ ਇਲਾਵਾ ਆਸਰਾ ਫਾਊਂਡੇਸ਼ਨ ਬਰੇਟਾ ਦੀ ਸਮੁੱਚੀ ਟੀਮ ਬੱਚਿਆਂ ਦੇ ਮਾਪੇ ਹਾਜ਼ਰ ਸਨ।

# ਆਈ.ਐਸ.ਐਫ. ਕਾਲਜ ਆਫ ਫਾਰਮੇਸੀ ਦੇ ਡਾ. ਸ਼ਮਸ਼ੇਰ ਸਿੰਘ ਦਾ ਡਿਜ਼ਾਈਨ ਪੇਟੈਂਟ ਭਾਰਤ ਸਰਕਾਰ ਵੱਲੋਂ ਮਨਜ਼ੂਰ



ਮੋਗਾ, 12 ਅਗਸਤ (ਲਛਮਣ ਜੀਤ ਸਿੰਘ ਪੁਰਬਾ): ਰਾਜ ਦੀ ਪ੍ਰਮੁੱਖ ਸਿੱਖਿਆ ਸੰਸਥਾ ਆਈ.ਐਸ.ਐਫ. ਕਾਲਜ ਆਫ ਫਾਰਮੇਸੀ ਦੇ ਡਾ. ਸ਼ਮਸ਼ੇਰ ਸਿੰਘ ਅਤੇ ਉਨ੍ਹਾਂ ਦੀ ਟੀਮ ਵੱਲੋਂ ਲੈਬੋਰਟਰੀ ਵਰਤੋਂ ਲਈ ਜੈਲ ਉਪਕਰਣ ਤਿਆਰ ਕੀਤਾ ਗਿਆ ਹੈ, ਜਿਸ ਦੇ ਡਿਜ਼ਾਈਨ ਪੇਟੈਂਟ ਨੂੰ ਭਾਰਤ ਸਰਕਾਰ ਵੱਲੋਂ ਮਨਜ਼ੂਰੀ ਪ੍ਰਾਪਤ ਹੋਈ ਹੈ ਡਾ. ਸ਼ਮਸ਼ੇਰ ਸਿੰਘ ਨੇ ਦੱਸਿਆ ਕਿ ਇਸ ਉਪਕਰਣ ਨੂੰ ਤਿਆਰ ਕਰਨ ਵਿੱਚ ਸੁਰਭੀ, ਸਾਨੀਆ ਗਰੇਵਰ, ਲਵ ਗੋਇਲ, ਦਿਲਪ੍ਰੀਤ ਕੌਰ, ਅਯਾਂਸ਼ ਕੌਸ਼ਿਕ, ਮਯੰਕ ਪਟੇਲ ਅਤੇ ਡਾ. ਰਾਜਕੁਮਾਰ ਨਾਰੰਗ ਨੇ ਅਹਿਮ ਭੂਮਿਕਾ ਨਿਭਾਈ ।ਉਨ੍ਹਾਂ ਦੱਸਿਆ ਕਿ ਇਹ ਉਪਕਰਣ ਜ਼ੈਬਰਾਫਿਸ਼ 'ਤੇ ਫਾਰਮਾਕੋਲੋਜੀ ਸੰਬੰਧੀ ਖੋਜ ਦੌਰਾਨ ਮਾਨਸਿਕ ਵਿਵਹਾਰ ਅਤੇ ਤਣਾਅ ਦੀ ਸਥਿਤੀ ਦਾ ਅਧਿਐਨ ਕਰਨ ਲਈ ਬਹੁਤ ਹੀ ਲਾਭਦਾਇਕ ਸਾਬਤ ਹੋਵੇਗਾ। ਇਸ ਉਪਕਰਣ ਦੀ ਮਦਦ ਨਾਲ ਜ਼ੈਬਰਾਫਿਸ਼ ਨੂੰ ਨਿਯੰਤਰਿਤ ਤਣਾਅ ਦੇ ਕੇ ਉਸ ਦੀ ਮਾਨਸਿਕ ਸਥਿਤੀ ਦਾ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਇਸ ਨੂੰ ਹੋਰ ਡਿਜੀਟਲ ਬਣਾਉਣ ਨਾਲ ਇਹ ਖੋਜ ਦੇ ਖੇਤਰ ਵਿੱਚ ਹੋਰ ਵੀ ਜ਼ਿਆਦਾ ਉਪਯੋਗੀ ਸਾਬਤ ਹੋਵੇਗਾ। ਇਸ ਮਹੱਤਵਪੂਰਨ ਉਪਲਬਧੀ 'ਤੇ ਸੰਸਥਾ ਦੇ ਚੇਅਰਮੈਨ ਪ੍ਰਵੀਣ ਗਰਗ, ਸਕੱਤਰ ਇੰਜੀ. ਜਨੇਸ਼ ਗਰਗ, ਡਾਇਰੈਕਟਰ ਡਾ. ਜੀ. ਡੀ. ਗੁਪਤਾ, ਆਈ.ਐਸ.ਐਫ. ਸੀ.ਪੀ.ਆਰ. ਦੇ ਪ੍ਰਿੰਸੀਪਲ ਡਾ. ਆਰ. ਕੇ. ਨਾਰੰਗ ਅਤੇ ਸਮੂਹ ਫੈਕਲਟੀ ਨੇ ਡਾ. ਸ਼ਮਸ਼ੇਰ ਸਿੰਘ ਅਤੇ ਉਨ੍ਹਾਂ ਦੀ ਟੀਮ ਨੂੰ ਵਧਾਈ ਦਿੱਤੀ।

# ਮਾਨਸਾ ਜਿਲ੍ਹੇ ਦੀਆਂ ਸਿਹਤ ਸੇਵਾਵਾਂ ਦੀ ਬਿਹਤਰੀ ਲਈ 16 ਅਗਸਤ ਨੂੰ ਸੜਕਾਂ 'ਤੇ ਉੱਤਰਨਗੇ ਲੋਕ - ਸੰਘਰਸ਼ ਕਮੇਟੀ

## ਵਿਧਾਨ ਸਭਾ ਵੀ ਗੂੰਜੀ ਮੰਗ , ਜਲਦੀ ਵਿੱਚ ਖਿਆਲਾ ਕਲਾਂ ਵਿਖੇ ਬਣ ਸਕਦੈ ਅਧੁਨਿਕ ਟਰੋਮਾਂ ਸੈਂਟਰ

ਮਾਨਸਾ -12 ਜੁਲਾਈ- (ਬਲਜੀਤ ਪਾਲ): ਸਿਹਤ ਸਹੂਲਤਾਂ ਵਿੱਚ ਬੁਰੀ ਤਰ੍ਹਾਂ ਪਛੜੇ ਜਿਲ੍ਹਾ ਮਾਨਸਾ ਦੇ ਹਰ ਨਾਗਰਿਕ ਨੂੰ ਪਾਏਦਾਰ ਸਰਕਾਰੀ ਸਿਹਤ ਸਹੂਲਤਾਂ ਦੇਣ ਦੀ ਮੰਗ ਨੂੰ ਲੈ ਕੇ 16 ਅਗਸਤ ਨੂੰ ਜਿਲ੍ਹਾ ਵਾਸੀ ਖਿਆਲਾ ਕਲਾਂ ਦੇ ਕਮਿਉਨਿਟੀ ਹੈਲਥ ਸੈਂਟਰ ਮੂਹਰੇ ਵੱਡਾ ਇਕੱਠ ਕਰਨਗੇ। ਸੰਘਰਸ਼ ਕਮੇਟੀ ਆਗੂ ਡਾਕਟਰ ਬਿੱਕਰ ਸਿੰਘ, ਹੰਸ ਰਾਜ ਮੋਫਰ, ਧੰਨਾ ਮੱਲ ਗੋਇਲ ਅਤੇ ਕੇਵਲ ਸਿੰਘ ਸਰਾਂ ਨੇ ਦੱਸਿਆ ਕਿ ਹਸਪਤਾਲ ਨੂੰ ਟਰੋਮਾ ਸੈਂਟਰ ਵਿੱਚ ਪਦ ਉੱਨਤ ਕਰਨ ਦੀ ਮੰਗ ਵਿਧਾਇਕ ਵਿਜੈ ਸਿੰਗਲਾ ਵੱਲੋਂ ਵਿਧਾਨ ਸਭਾ ਵਿੱਚ ਵੀ ਉੱਠ ਚੁੱਕੀ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਜਿਲ੍ਹੇ ਦੇ ਲੋਕਾਂ ਨੂੰ ਜਲਦੀ ਵਿੱਚ ਹੀ ਅਧੁਨਿਕ ਸਿਹਤ ਸਹੂਲਤਾਂ ਨਾਲ ਲੈਸ ਟਰੋਮਾ ਸੈਂਟਰ ਮਿਲਣ ਦੀ ਆਸ ਬੱਝੀ ਹੈ। ਖਿਆਲਾ ਕਲਾਂ ਦੇ ਸਰਕਾਰੀ ਹਸਪਤਾਲ ਨੂੰ ਟਰੋਮਾ ਸੈਂਟਰ ਵਿੱਚ ਪਦ ਉੱਨਤ ਕਰਨ ਲਈ ਪਿਛਲੇ ਦੋ ਮਹੀਨੇ ਤੋਂ ਸੰਘਰਸ਼ ਚੱਲ ਰਿਹਾ ਹੈ। ਕਮੇਟੀ ਆਗੂਆਂ ਸੁੱਖੀ ਖਿਆਲਾ , ਜਗਸੀਰ ਸਿੰਘ , ਜੀਵਨ ਕੁਮਾਰ ਅਤੇ ਮਾਸਟਰ ਲਖਵੀਰ ਸਿੰਘ ਨੇ ਦੱਸਿਆ ਕਿ ਹੁਣ ਤੱਕ ਸੱਤਰ ਪਿੰਡਾਂ ਦੀਆਂ ਪੰਚਾਇਤਾਂ ਨੇ ਮਤੇ ਪਾ ਕੇ ਹਸਪਤਾਲ ਨੂੰ ਟਰੋਮਾ ਸੈਂਟਰ ਬਣਾਏ ਜਾਣ ਦੀ ਮੰਗ ਕੀਤੀ ਹੈ। ਉਨ੍ਹਾਂ ਦੱਸਿਆ 55 ਪਿੰਡਾਂ ਦੇ ਲੋਕਾਂ ਨੇ ਪਿੰਡ ਪੱਧਰ 'ਤੇ ਭਰਵੇਂ ਇਕੱਠ ਕਰਕੇ ਜਿਲ੍ਹਾ ਨਿਵਾਸੀਆਂ ਨੂੰ ਐਮਰਜੈਂਸੀ ਸਿਹਤ ਸਹੂਲਤਾਂ ਦੇਣ ਦੀ ਮੰਗ ਕੀਤੀ ਹੈ। 16 ਅਗਸਤ ਨੂੰ ਸਵੇਰੇ ਦਸ ਵਜੇ ਸੌ ਤੋਂ ਵੀ ਜਿਆਦਾ ਪਿੰਡਾਂ ਦੇ ਲੋਕ ਹਸਪਤਾਲ ਨੂੰ ਤੁਰੰਤ ਟਰੋਮਾ ਸੈਂਟਰ ਐਲਾਨੇ ਜਾਣ ਦੀ ਮੰਗ ਨੂੰ ਲੈ ਕੇ ਸਰਕਾਰੀ ਹਸਪਤਾਲ ਖਿਆਲਾ ਕਲਾਂ ਵਿਖੇ ਇਕੱਠੇ ਹੋਣਗੇ। ਦੱਸਣਾ ਬਣਦਾ ਹੈ ਕਿ ਮਾਨਸਾ ਜਿਲ੍ਹੇ ਵਿੱਚ ਕੋਈ ਚੰਗਾ ਸਰਕਾਰੀ ਹਸਪਤਾਲ ਨਾ ਹੋਣ ਕਰਕੇ ਨੱਬੇ ਫੀ ਸਦੀ ਮਰੀਜਾਂ ਨੂੰ ਪਟਿਆਲਾ ਜਾਂ ਲੁਧਿਆਣਾ ਲਈ ਰੈਫਰ ਕੀਤਾ ਜਾਂਦਾ ਹੈ। ਵੱਡੇ ਇਕੱਠ ਲਈ ਕੀਤੇ ਜਾ ਰਹੇ ਪ੍ਰਬੰਧਾਂ ਦਾ ਨਿਰੀਖਣ ਕਰਦਿਆਂ ਆਗੂਆਂ ਨੇ ਅਪੀਲ ਕੀਤੀ ਕਿ 16 ਅਗਸਤ ਨੂੰ ਆਪੋ ਆਪਣੇ ਸਾਧਨਾਂ 'ਤੇ ਆਇਆ ਜਾਵੇ। ਉਨ੍ਹਾਂ ਕਿਹਾ ਇਹ ਇਕੱਠ ਬਿਨਾਂ ਕਿਸੇ ਰਾਜਨੀਤਕ ਮਨੋਰਥ ਸਿਰਫ ਸਮਾਜਿਕ ਭਲਾਈ ਅਤੇ ਸਿਹਤ ਸਹੂਲਤਾਂ ਦੀ ਬਿਹਤਰੀ ਦੀ ਗੱਲ ਕਰੇਗਾ। ਆਗੂਆਂ ਇਲਾਕੇ ਦੀਆਂ ਪੰਚਾਇਤਾਂ, ਸਮਾਜ ਸੇਵੀ ਕਲੱਬਾਂ, ਲੋਕ ਪੱਖੀ ਯੂਨੀਅਨਾਂ ਅਤੇ ਹੋਰਨਾਂ ਨੂੰ 16 ਅਗਸਤ ਨੂੰ ਹੁੰਮ ਹੁਮਾ ਕੇ ਪੁੱਜਣ ਦੀ ਅਪੀਲ ਕੀਤੀ।

# 15 ਅਗਸਤ ਨੂੰ ਹੋਣ ਵਾਲੀ ਸਿੱਧ ਬਾਬਾ ਬਾਲਕ ਨਾਥ ਜੀ ਦੀ ਵਿਸ਼ਾਲ ਸਲਾਨਾ ਚੌਂਕੀ ਦਾ ਸੱਦਾਪੱਤਰ ਭਾਵਨਾ ਬੰਸਲ ਨੂੰ ਭੇਟ ਕਰਦੇ ਹੋਏ ਸ਼ੇਰਗਿਰੀ ਜੀ ਮਹਾਰਾਜ

ਮੋਗਾ, 12 ਅਗਸਤ (ਲਛਮਣ ਜੀਤ ਸਿੰਘ ਪੁਰਬਾ): ਸਿੱਧ ਬਾਬਾ ਬਾਲਕ ਨਾਥ ਜੀ ਦੀ ਵਿਸ਼ਾਲ ਸਲਾਨਾ ਚੌਂਕੀ 15 ਅਗਸਤ 2026, ਦਿਨ ਸ਼ਨੀਵਾਰ ਨੂੰ



ਧਰਮਸ਼ਾਲਾ ਨਹਿਰੂ ਪਾਰਕ ਗੋਲਡਨ ਢਾਬੇ ਵਾਲੀ ਗਲੀ ਵਿਖੇ ਕਰਵਾਈ ਜਾ ਰਹੀ ਹੈ, ਉਸਦਾ ਸੱਦਾ ਪੱਤਰ ਭਾਵਨਾ ਬੰਸਲ, ਪ੍ਰਧਾਨ ਅਗਰਵਾਲ ਵੂਮੈਨ ਸੈੱਲ ਪੰਜਾਬ ਅਤੇ ਮੈਂਬਰ, ਚਾਈਲਡ ਵੈਲਫੇਅਰ ਕਮੇਟੀ, ਮੋਗਾ-ਲੁਧਿਆਣਾ ਨੂੰ ਬਾਬਾ ਸ਼ੇਰ ਗਿਰੀ ਜੀ ਨੇ ਦਿੱਤਾ। ਇਸ ਮੌਕੇ ਤੇ ਬਾਬਾ ਸ਼ੇਰਗਿਰੀ ਜੀ ਨੇ ਦੱਸਿਆ ਕਿ ਸਮਾਗਮ ਦੌਰਾਨ ਸ਼ਾਮ 8 ਵਜੇ ਤੋਂ ਬਾਬਾ ਜੀ ਦੀ ਇੱਛਾ ਤੱਕ ਗੁਣਗਾਨ ਕੀਤਾ ਜਾਵੇਗਾ। ਇਹ ਸਮਾਗਮ ਧਰਮਸ਼ਾਲਾ, ਗੋਲਡਨ ਦਾਬੇ ਵਾਲੀ ਗਲੀ, ਸ਼ਹੀਦੀ ਪਾਰਕ ਦੇ ਪਿੱਛੇ, ਮੋਗਾ ਵਿਖੇ ਹੋਵੇਗਾ। ਬਾਬਾ ਸ਼ੇਰਗਿਰੀ ਜੀ ਵੱਲੋਂ ਸਮੂਹ ਭਗਤਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਵੱਡੀ ਗਿਣਤੀ ਵਿੱਚ ਪਹੁੰਚ ਕੇ ਬਾਬਾ ਜੀ ਦਾ ਗੁਣਗਾਨ ਸੁਣਨ ਅਤੇ ਆਸ਼ੀਰਵਾਦ ਪ੍ਰਾਪਤ ਕਰਨ ਤੇ ਸਮਾਗਮ ਦੌਰਾਨ ਸੰਗਤਾਂ ਲਈ ਲੰਗਰ ਦਾ ਵੀ ਪ੍ਰਬੰਧ ਕੀਤਾ ਗਿਆ ਹੈ।

# ਐਨਸੀਸੀ ਕੈਡਿਟਾਂ ਨੇ ਸੀ ਸਰਟੀਫਿਕੇਟ ਹਾਸਲ ਕੀਤੀ




ਮਾਨਸਾ/ਸਰਦੂਲਗੜ੍ਹ 12 ਅਗਸਤ (ਬਲਜੀਤ ਪਾਲ)-ਬਲਰਾਜ ਸਿੰਘ ਭੂੰਦੜ ਯਾਦਗਾਰੀ ਯੂਨੀਵਰਸਿਟੀ ਕਾਲਜ, ਸਰਦੂਲਗੜ੍ਹ ਦੇ ਐਨਸੀਸੀ ਆਰਮੀ ਵਿੰਗ ਦੇ ਕੈਡਿਟਾਂ ਨੇ ਐਨਸੀਸੀ 'ਚ ਸੀ ਸਰਟੀਫਿਕੇਟ ਦੀ ਪ੍ਰੀਖਿਆ ਸਫਲਤਾਪੂਰਵਕ ਪਾਸ ਕਰਕੇ ਕਾਲਜ ਦਾ ਨਾਮ ਰੌਸ਼ਨ ਕੀਤਾ ਹੈ। ਕਾਲਜ ਦੇ ਚਾਰ ਕੈਡਿਟਾਂ ਮੋਨਿਕਾ ਰਾਣੀ, ਸਰਿਤਾ, ਕੁਲਵਿੰਦਰ ਸਿੰਘ ਅਤੇ ਜਗਦੀਪ ਸਿੰਘ ਨੇ ਐਨਸੀਸੀ 'ਸੀ' ਸਰਟੀਫਿਕੇਟ ਹਾਸਲ ਕੀਤਾ ਹੈ। ਚਾਰਾਂ ਕੈਡਿਟਾਂ ਨੇ ਐਨਸੀਸੀ ਆਰਮੀ ਦੀ ਟ੍ਰੇਨਿੰਗ ਅਤੇ ਲੋੜੀਂਦੀਆਂ ਗਤੀਵਿਧੀਆਂ ਸਫਲਤਾਪੂਰਵਕ ਪੂਰੀਆਂ ਕਰਕੇ ਇਹ ਉਪਲਬਧੀ ਪ੍ਰਾਪਤ ਕੀਤੀ। ਇਸ ਉਪਲਬਧੀ 'ਤੇ ਕਾਲਜ ਦੇ ਇੰਚਾਰਜ ਪ੍ਰਿੰਸੀਪਲ ਪ੍ਰੋਫੈਸਰ ਰਾਜਵਿੰਦਰ ਸਿੰਘ ਨੇ ਚਾਰਾਂ ਕੈਡਿਟਾਂ ਨੂੰ ਵਧਾਈ ਦਿੰਦਿਆਂ ਉਨ੍ਹਾਂ ਦਾ ਹੌਸਲਾ ਵਧਾਇਆ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀ ਇਹ ਉਪਲਬਧੀ ਉਨ੍ਹਾਂ ਦੀ ਸਖ਼ਤ ਮਿਹਨਤ, ਅਨੁਸ਼ਾਸਨ ਅਤੇ ਸਮਰਪਣ ਦਾ ਨਤੀਜਾ ਹੈ। ਉਨ੍ਹਾਂ ਕੈਡਿਟਾਂ ਨੂੰ ਭਵਿੱਖ ਵਿੱਚ ਵੀ ਇਸੇ ਲਗਨ ਨਾਲ ਅੱਗੇ ਵਧਣ ਅਤੇ ਦੇਸ਼ ਤੇ ਸਮਾਜ ਦੀ ਸੇਵਾ ਵਿੱਚ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਐਨਸੀਸੀ ਵਿਦਿਆਰਥੀਆਂ ਦੇ ਸ਼ਖ਼ਸੀਅਤ ਵਿਕਾਸ, ਲੀਡਰਸ਼ਿਪ ਸਮਰੱਥਾ, ਆਤਮ-ਵਿਸ਼ਵਾਸ ਅਤੇ ਅਨੁਸ਼ਾਸਨ ਨੂੰ ਮਜ਼ਬੂਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਇਸ ਮੌਕੇ ਕਾਲਜ ਦੇ ਏਐਨਓ ਲੈਫਟੀਨੈਂਟ ਸਤੀਸ਼ ਕੁਮਾਰ ਨੇ ਵੀ ਸਫਲ ਕੈਡਿਟਾਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਐਨਸੀਸੀ 'ਸੀ' ਸਰਟੀਫਿਕੇਟ ਹਾਸਲ ਕਰਨਾ ਕੈਡਿਟਾਂ ਲਈ ਇੱਕ ਮਹੱਤਵਪੂਰਨ ਉਪਲਬਧੀ ਹੈ। ਚਾਰਾਂ ਕੈਡਿਟਾਂ ਨੇ ਮਿਹਨਤ ਅਤੇ ਲਗਨ ਨਾਲ ਟ੍ਰੇਨਿੰਗ ਅਤੇ ਐਨਸੀਸੀ ਦੀਆਂ ਵੱਖ-ਵੱਖ ਗਤੀਵਿਧੀਆਂ ਵਿੱਚ ਭਾਗ ਲਿਆ, ਜਿਸ ਦਾ ਨਤੀਜਾ ਉਨ੍ਹਾਂ ਨੂੰ 'ਸੀ' ਸਰਟੀਫਿਕੇਟ ਦੇ ਰੂਪ ਵਿੱਚ ਮਿਲਿਆ ਹੈ। ਉਨ੍ਹਾਂ ਕਿਹਾ ਕਿ ਇਹ ਸਫਲਤਾ ਕਾਲਜ ਦੇ ਹੋਰ ਵਿਦਿਆਰਥੀਆਂ ਨੂੰ ਵੀ ਐਨਸੀਸੀ ਵਿੱਚ ਵੱਧ-ਚੜ੍ਹ ਕੇ ਭਾਗ ਲੈਣ ਲਈ ਪ੍ਰੇਰਿਤ ਕਰੇਗੀ। ਕਾਲਜ ਪ੍ਰਸ਼ਾਸਨ ਅਤੇ ਸਟਾਫ਼ ਮੈਂਬਰਾਂ ਨੇ ਵੀ ਮੋਨਿਕਾ ਰਾਣੀ, ਸਰਿਤਾ, ਕੁਲਵਿੰਦਰ ਸਿੰਘ ਅਤੇ ਜਗਦੀਪ ਸਿੰਘ ਨੂੰ ਇਸ ਉਪਲਬਧੀ 'ਤੇ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਕਾਲਜ ਪਰਿਵਾਰ ਨੇ ਕੈਡਿਟਾਂ ਦੀ ਇਸ ਸਫਲਤਾ ਨੂੰ ਮਾਣ ਵਾਲੀ ਗੱਲ ਦੱਸਿਆ।

# ਗਲੀਆਂ-ਸੜਕਾਂ ਵਿਚਕਾਰ ਖੜ੍ਹੇ ਵਾਹਨਾਂ ਤੋਂ ਲੋਕ ਪ੍ਰੇਸ਼ਾਨ



ਬਰੇਟਾ, 12 ਅਗਸਤ (ਰੀਤਵਾਲ)-ਸ਼ਹਿਰ ਦੀਆਂ ਮੁੱਖ ਗਲੀਆਂ ਅਤੇ ਸੜਕਾਂ ਦੇ ਵਿਚਕਾਰ ਬੇਤਰਤੀਬੇ ਢੰਗ ਨਾਲ ਖੜ੍ਹੇ ਵਾਹਨਾਂ ਕਾਰਨ ਸਥਾਨਕ ਲੋਕਾਂ ਅਤੇ ਰਾਹਗੀਰਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਲਾਕਾ ਨਿਵਾਸੀਆਂ ਦਾ ਕਹਿਣਾ ਹੈ ਕਿ ਕਈ ਵਾਹਨ ਚਾਲਕ ਆਪਣੇ ਵਾਹਨ ਸੜਕ ਦੇ ਵਿਚਕਾਰ ਹੀ ਖੜ੍ਹੇ ਕਰ ਦਿੰਦੇ ਹਨ, ਜਿਸ ਨਾਲ ਆਵਾਜਾਈ ਪੂਰੀ ਤਰ੍ਹਾਂ ਪ੍ਰਭਾਵਿਤ ਹੁੰਦੀ ਹੈ ਅਤੇ ਅਕਸਰ ਲੰਬਾ ਜਾਮ ਲੱਗ ਜਾਂਦਾ ਹੈ। ਸਥਾਨਕ ਦੁਕਾਨਦਾਰਾਂ ਅਤੇ ਵਸਨੀਕਾਂ ਨੇ ਦੱਸਿਆ ਕਿ ਤੰਗ ਗਲੀਆਂ ਵਿੱਚ ਖੜ੍ਹੇ ਇਹ ਵਾਹਨ ਨਾ ਸਿਰਫ਼ ਪੈਦਲ ਚੱਲਣ ਵਾਲਿਆਂ ਲਈ ਮੁਸ਼ਕਲ ਖੜ੍ਹੀ ਕਰਦੇ ਹਨ, ਸਗੋਂ ਸਕੂਲੀ ਬੱਚਿਆਂ ਅਤੇ ਬਜ਼ੁਰਗਾਂ ਲਈ ਵੀ ਖ਼ਤਰਾ ਬਣੇ ਰਹਿੰਦੇ ਹਨ। ਐਂਬੂਲੈਂਸ ਅਤੇ ਹੋਰ ਐਮਰਜੈਂਸੀ ਵਾਹਨਾਂ ਨੂੰ ਵੀ ਲੰਘਣ ਵਿੱਚ ਭਾਰੀ ਦਿੱਕਤ ਦਾ ਸਾਹਮਣਾ ਕਰਨਾ ਪੈਂਦਾ ਹੈ, ਜਿਸ ਨਾਲ ਕਈ ਵਾਰ ਜਾਨੀ ਨੁਕਸਾਨ ਦਾ ਖ਼ਦਸ਼ਾ ਵੀ ਬਣਿਆ ਰਹਿੰਦਾ ਹੈ। ਲੋਕਾਂ ਨੇ ਸਬੰਧਤ ਪ੍ਰਸ਼ਾਸਨ ਅਤੇ ਟਰੈਫਿਕ ਪੁਲਿਸ ਤੋਂ ਮੰਗ ਕੀਤੀ ਹੈ ਕਿ ਸੜਕਾਂ ਵਿਚਕਾਰ ਖੜ੍ਹੇ ਅਜਿਹੇ ਵਾਹਨਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਨਿਯਮਿਤ ਗਸ਼ਤ ਵਧਾਈ ਜਾਵੇ। ਨਾਲ ਹੀ ਇਲਾਕੇ ਵਿੱਚ ਢੁਕਵੀਂ ਪਾਰਕਿੰਗ ਥਾਂ ਦੀ ਵਿਵਸਥਾ ਕਰਨ ਦੀ ਵੀ ਅਪੀਲ ਕੀਤੀ ਗਈ ਹੈ, ਤਾਂ ਜੋ ਆਮ ਲੋਕਾਂ ਨੂੰ ਆਉਣ-ਜਾਣ ਵਿੱਚ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

# ਆਲ ਇੰਡੀਆ ਦਸਮੇਸ਼ ਫੌਜ ਰੰਘਰੇਟਾ ਦਲ ਦੀ ਦਿਨੋਂ-ਦਿਨ ਵਧ ਰਹੀ ਪ੍ਰਸਿੱਧੀ: ਪਿੰਡ ਪਾਰੋਵਾਲ ਵਿਖੇ 11-ਮੈਂਬਰੀ ਕਮੇਟੀ ਦਾ ਕੀਤਾ ਗਿਆ ਗਠਨ

## "ਗਰੀਬ ਹੀ ਫੜੇਗਾ ਗਰੀਬ ਦੀ ਬਾਂਹ" ਮਿਸ਼ਨ ਤਹਿਤ ਆਮ ਲੋਕਾਂ ਦੀ ਆਵਾਜ਼ ਬਣੇਗੀ ਜਥੇਬੰਦੀ: ਬਾਬਾ ਗੁਰਦਿਆਲ ਸਿੰਘ

ਤਰਨ ਤਾਰਨ, 12 ਅਗਸਤ (ਜੀਵਨ ਜੱਜ/ਵਿਜੇ ਭਾਰਗਵ): ਆਲ ਇੰਡੀਆ ਦਸਮੇਸ਼ ਫੌਜ ਰੰਘਰੇਟਾ ਦਲ ਦੀ ਵਧਦੀ ਲੋਕਪ੍ਰਿਅਤਾ ਦੇ ਚੱਲਦਿਆਂ, ਜ਼ਿਲ੍ਹਾ ਗੁਰਦਾਸਪੁਰ ਦੀ ਤਹਿਸੀਲ ਬਟਾਲਾ ਅਧੀਨ ਆਉਂਦੇ ਪਿੰਡ ਪਾਰੋਵਾਲ ਵਿਖੇ ਇੱਕ ਵਿਸ਼ੇਸ਼ ਮੀਟਿੰਗ ਦਾ ਆਯੋਜਨ ਕੀਤਾ ਗਿਆ। ਭਾਈ ਮਲਕੀਤ ਸਿੰਘ ਮੱਤੇ ਨੰਗਲ ਅਤੇ ਭਾਈ ਹਰਜੀਤ ਸਿੰਘ ਮੱਤੇ ਨੰਗਲ ਦੇ ਉੱਦਮਾਂ ਸਦਕਾ ਕਰਵਾਈ ਗਈ ਇਸ ਮੀਟਿੰਗ ਵਿੱਚ ਜਥੇਬੰਦੀ ਦੀ 11-ਮੈਂਬਰੀ ਕਮੇਟੀ ਦਾ ਗਠਨ ਕੀਤਾ ਗਿਆ। ਇਹ ਮੀਟਿੰਗ ਵਾਈਸ ਚੇਅਰਮੈਨ ਰਜਿੰਦਰ ਸਿੰਘ ਸੋਢੀ ਦੀ ਰਹਿਨੁਮਾਈ ਹੇਠ ਸਫ਼ਲਤਾਪੂਰਵਕ ਨੇਪਰੇ ਚੜ੍ਹੀ। ਇਸ ਮੌਕੇ ਦਸਮੇਸ਼ ਫੌਜ ਰੰਘਰੇਟਾ ਦਲ ਦੇ ਚੇਅਰਮੈਨ ਬਾਬਾ ਗੁਰਦਿਆਲ ਸਿੰਘ, ਪੰਜਾਬ ਪ੍ਰਧਾਨ ਮਨਦੀਪ ਸਿੰਘ ਰਾਜਨ, ਜਨਰਲ ਸਕੱਤਰ ਗੁਰਪ੍ਰੀਤ ਸਿੰਘ, ਯੂਥ



ਪੰਜਾਬ ਪ੍ਰਧਾਨ ਸਰਪੰਚ ਕੁਲਦੀਪ ਸਿੰਘ ਕੋਟ ਮੁਹੰਮਦ ਖਾਂ ਅਤੇ ਨਿਹੰਗ ਸਿੰਘ ਅਮਰਜੀਤ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਕੱਠ ਨੂੰ ਸੰਬੋਧਨ ਕਰਦਿਆਂ ਪੰਜਾਬ ਪ੍ਰਧਾਨ ਮਨਦੀਪ ਸਿੰਘ ਰਾਜਨ ਨੇ ਸਮਾਜ ਵਿੱਚ ਸਿੱਖਿਆ ਦੇ ਮਹੱਤਵ 'ਤੇ ਜ਼ੋਰ ਦਿੰਦਿਆਂ ਆਖਿਆ ਕਿ ਸਾਨੂੰ ਆਪਣੇ ਬੱਚਿਆਂ ਨੂੰ ਵੱਧ ਤੋਂ ਵੱਧ ਪੜ੍ਹਾਉਣਾ ਚਾਹੀਦਾ ਹੈ, ਤਾਂ ਜੋ ਉਹ ਇੱਕ ਚੰਗੇ ਅਤੇ ਸੁਚੱਜੇ ਸਮਾਜ ਦਾ ਨਿਰਮਾਣ ਕਰ ਸਕਣ। ਇਸ ਦੌਰਾਨ ਯੂਥ ਪੰਜਾਬ ਪ੍ਰਧਾਨ ਸਰਪੰਚ ਕੁਲਦੀਪ ਸਿੰਘ ਕੋਟ ਮੁਹੰਮਦ ਖਾਂ ਨੇ ਤਿੱਖੇ ਸ਼ਬਦੀ ਹਮਲੇ ਕਰਦਿਆਂ ਕਿਹਾ ਕਿ ਕੁੱਝ ਕਥਿਤ 'ਘੜੰਮ ਚੌਧਰੀਆਂ' ਵੱਲੋਂ ਸਾਡੇ ਸ਼ਹੀਦਾਂ ਪ੍ਰਤੀ ਬਹੁਤ ਹੀ ਮਾੜਾ ਅਤੇ ਨਿਰਾਦਰਯੋਗ ਨਜ਼ਰੀਆ ਰੱਖਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸੋਸ਼ਲ ਮੀਡੀਆ 'ਤੇ ਨਿਹੰਗ ਬਾਣੇ ਵਿੱਚ ਇੱਕ ਬਜ਼ੁਰਗ ਵੱਲੋਂ ਗੱਡੀ ਵਿੱਚ ਬੈਠ ਕੇ ਹੰਕਾਰਪੂਰਨ ਤਰੀਕੇ ਨਾਲ ਜਾਤੀ-ਸੂਚਕ ਸ਼ਬਦਾਂ ਦੀ ਵਰਤੋਂ ਕਰਨ ਦੀ ਵੀਡੀਓ ਵਾਇਰਲ ਹੋ ਰਹੀ ਹੈ, ਜੋ ਕਿ ਅਤਿ ਨਿੰਦਣਯੋਗ ਹੈ। ਇਸ ਗੰਭੀਰ ਮਾਮਲੇ ਦਾ ਨੋਟਿਸ ਲੈਂਦਿਆਂ ਦਸਮੇਸ਼ ਫੌਜ ਰੰਘਰੇਟਾ ਦਲ ਦੇ ਚੇਅਰਮੈਨ ਬਾਬਾ ਗੁਰਦਿਆਲ ਸਿੰਘ ਨੇ ਐਲਾਨ ਕੀਤਾ ਕਿ ਜੋ ਵੀ ਵਿਅਕਤੀ ਇਸ ਵੀਡੀਓ ਵਾਲੇ ਸ਼ਖ਼ਸ ਬਾਰੇ ਸਹੀ ਜਾਣਕਾਰੀ ਦੇਵੇਗਾ, ਉਸ ਦਾ ਨਾਂ ਅਤੇ ਥਾਂ-ਟਿਕਾਣਾ ਪੂਰੀ ਤਰ੍ਹਾਂ ਗੁਪਤ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਜਥੇਬੰਦੀ "ਗਰੀਬ ਹੀ ਫੜੇਗਾ ਗਰੀਬ ਦੀ ਬਾਂਹ" ਦੇ ਮਿਸ਼ਨ 'ਤੇ ਪਹਿਰਾ ਦਿੰਦਿਆਂ ਹਮੇਸ਼ਾ ਆਮ ਲੋਕਾਂ ਦੀ ਬੁਲੰਦ ਆਵਾਜ਼ ਬਣ ਕੇ ਖੜ੍ਹੇਗੀ।

# ਅਕਾਲੀ ਦਲ ਵਾਰਿਸ ਪੰਜਾਬ ਪਾਰਟੀ ਹੀ ਪੰਜਾਬ ਚ ਅਮਨ ਕਾਨੂੰਨ ਅਤੇ ਵਿਵਸਥਾ ਬਦਲਣ ਦੇ ਯੋਗ: ਦਲੇਰ ਸਿੰਘ

ਪਾਤੜਾਂ 12 ਅਗਸਤ (ਬਲਬੀਰ ਸਿੰਘ ਢਿੱਲੋਂ)-ਪੰਜਾਬ ਵਿੱਚ ਅਮਨ ਕਾਨੂੰਨ, ਭ੍ਰਿਸ਼ਟਾਚਾਰੀ ਵਿਵਸਥਾ, ਨਸ਼ਿਆਂ ਦੀ ਦਲਦਲ, ਬੇਰੁਜ਼ਗਾਰੀ ਨੂੰ ਠੱਲ੍ਹ ਪਾਉਣਾ ਅਤੇ ਖੇਤੀ ਬਾੜੀ ਨੂੰ ਲਾਹੇਵੰਦ ਬਣਾਉਣ ਹੈ ਤਾਂ ਸੱਤਾ ਤੇ ਕਾਬਜ਼ ਰਾਜਨੀਤਕ ਪਾਰਟੀਆਂ ਦਾ ਖਹਿੜਾ ਛੱਡ ਕੇ ਅਕਾਲੀ ਦਲ ਵਾਰਿਸ ਪੰਜਾਬ ਦੇ ਪਾਰਟੀ ਨੂੰ ਅਗਾਮੀ ਵਿਧਾਨ ਸਭਾ ਚੋਣਾਂ ਵਿੱਚ ਲਿਆਉਣਾ ਲਾਜ਼ਮੀ ਹੋਵੇਗਾ ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਰਦਿਆਂ ਅਕਾਲੀ ਦਲ ਵਾਰਿਸ ਪੰਜਾਬ ਦੇ ਪਾਰਟੀ ਦੇ ਆਗੂ ਦਲੇਰ ਸਿੰਘ ਸ਼ੁਤਰਾਣਾ ਨੇ ਆਖਿਆ ਕਿ ਆਮ ਆਦਮੀ ਪਾਰਟੀ ਬੇਸ਼ੱਕ ਕੁੱਝ ਚੰਗੇ ਕੰਮ ਕਰ ਰਹੀ ਹੈ ਪਰ ਜਿਹੜੇ ਸੁਪਨਿਆਂ ਦੇ ਸਬਜ਼ਬਾਗ ਦਿਖਾ ਕੇ ਸੱਤਾ ਵਿਚ ਆਈ ਸੀ ਉਨ੍ਹਾਂ ਦਾਅਵਿਆਂ ਤੇ ਵਾਅਦਿਆਂ ਤੋਂ ਕੋਹਾਂ ਦੂਰ ਹੈ। ਕਿਉਂਕਿ ਨਸ਼ਿਆਂ ਦੀ ਮਾਰ ਬਰਕਰਾਰ ਹੈ ਹਰ ਦਿਨ ਹਲਕੇ ਵਿੱਚ ਕਿਸੇ ਨਾ ਕਿਸੇ ਨੌਜਵਾਨ ਦੀ ਨਸ਼ੇ ਨਾਲ ਓਵਰਡੋਜ ਹੋਕੇ ਮਰੇ ਦੀ ਲਾਸ਼ ਪ੍ਰਾਪਤ ਹੁੰਦੀ ਹੈ। ਬੇਸ਼ੱਕ ਮੁੱਖ ਮੰਤਰੀ ਲੱਖਾਂ ਨੌਕਰੀਆਂ ਦੇਣ ਦੇ ਵਾਅਦੇ ਕਰਦਾ ਹੈ ਪਰ ਬੇਰੁਜ਼ਗਾਰੀ ਸਿਖਰਾਂ ਸ਼ੋਅ ਰਹੀ ਹੈ ਉਹਨਾਂ ਸੱਤਾ ਭੋਗ ਚੁੱਕੀਆਂ ਰਵਾਇਤੀ ਪਾਰਟੀਆਂ ਸੰਬੰਧੀ ਵੀ ਆਖਿਆ ਕਿ ਅਕਾਲੀ ਦਲ ਅਤੇ ਭਾਜਪਾ ਗੱਠਜੋੜ ਤੋਂ ਇਲਾਵਾ ਕਾਂਗਰਸ ਨੇ ਵੀ ਸੱਤਾ ਸੁਖ ਭੋਗਿਆ ਹੈ ਜਦ ਕਿ ਪੰਜਾਬ ਪ੍ਰਤੀ ਉਹ ਕਦੇ ਵੀ ਸੁਹਿਰਦ ਨਹੀਂ ਹੋਏ। ਉਨ੍ਹਾਂ ਅਕਾਲੀ ਦਲ ਵਾਰਿਸ ਪੰਜਾਬ ਦੇ ਪਾਰਟੀ ਨੂੰ ਅਗਾਮੀ ਚੋਣਾਂ ਵਿੱਚ ਜਿਤਾਉਣ ਲਈ ਆਖਿਆ ਕਿ ਅਕਾਲੀ ਦਲ ਵਾਰਿਸ ਪੰਜਾਬ ਪਾਰਟੀ ਹੀ ਇਕਲੌਤੀ ਪਾਰਟੀ ਹੈ ਜਿਹੜੀ ਪੰਜਾਬ ਦੇ ਭਲੇ ਦੀ ਅਰਦਾਸ ਅਤੇ ਕਾਮਨਾ ਕਰਦੀ ਹੈ।

# ਖਾਲਸਾ ਕਾਲਜ ਦੇ ਸਾਬਕਾ ਵਿਦਿਆਰਥੀ ਗਗਨਦੀਪ ਨੇ ਜਿੱਤਿਆ ਪੀਟੀਸੀ ਪੰਜਾਬੀ ਦਾ 'ਵਾਇਸ ਆਫ ਪੰਜਾਬ ਮਾਸਟਰ ਚੈਂਪਸ'

## ਖਾਲਸਾ ਕਾਲਜ ਵਿੱਚੋਂ ਐੱਮ.ਏ. ਮਿਊਜ਼ਿਕ (ਵੋਕਲ) ਦੀ ਕੀਤੀ ਪੜ੍ਹਾਈ; ਸੰਗੀਤ ਦੇ ਖੇਤਰ ਵਿੱਚ ਕਾਲਜ ਅਤੇ ਇਲਾਕੇ ਦਾ ਨਾਮ ਕੀਤਾ ਰੌਸ਼ਨ

ਸ੍ਰੀ ਆਨੰਦਪੁਰ ਸਾਹਿਬ, 12 ਅਗਸਤ (ਚਾਨਾ): ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ ਦੇ ਸਾਬਕਾ ਵਿਦਿਆਰਥੀ ਗਗਨਦੀਪ ਸਿੰਘ ਨੇ ਆਪਣੀ ਸੁਰੀਲੀ ਆਵਾਜ਼ ਅਤੇ ਬੇਮਿਸਾਲ ਗਾਇਕੀ ਦੇ ਦਮ 'ਤੇ ਪੀਟੀਸੀ ਪੰਜਾਬੀ ਚੈਨਲ ਦੇ ਪ੍ਰਸਿੱਧ ਸੰਗੀਤਕ ਸ਼ੋਅ 'ਵਾਇਸ ਆਫ ਪੰਜਾਬ ਮਾਸਟਰ ਚੈਂਪਸ 11' ਦਾ ਖਿਤਾਬ ਜਿੱਤ ਕੇ ਕਾਲਜ, ਆਪਣੇ ਪਰਿਵਾਰ ਅਤੇ ਸਮੁੱਚੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਗਗਨਦੀਪ ਦੀ ਇਸ ਸ਼ਾਨਦਾਰ ਪ੍ਰਾਪਤੀ ਨਾਲ ਕਾਲਜ ਦੇ ਸਟਾਫ ਅਤੇ ਵਿਦਿਆਰਥੀਆਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਮਾਲੇਰਕੋਟਲਾ ਜ਼ਿਲ੍ਹੇ ਦੇ ਪਿੰਡ ਮਦਨੀਪੁਰ ਦਾ ਵਸਨੀਕ ਗਗਨਦੀਪ ਸਿੰਘ ਸੰਗੀਤ ਦੇ ਖੇਤਰ ਵਿੱਚ ਆਪਣੀ ਪ੍ਰਤਿਭਾ ਨੂੰ ਨਿਖਾਰਨ ਲਈ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਸ੍ਰੀ ਆਨੰਦਪੁਰ ਸਾਹਿਬ ਵਿਖੇ ਸਾਲ 2023 ਤੋਂ 2025 ਤੱਕ ਪੜ੍ਹਿਆ। ਉਸਨੇ ਮਾਲੇਰਕੋਟਲਾ ਦੇ ਸਰਕਾਰੀ ਕਾਲਜ ਤੋਂ ਗ੍ਰੈਜੂਏਸ਼ਨ ਦੀ




ਪੜ੍ਹਾਈ ਪੂਰੀ ਕਰਨ ਉਪਰੰਤ ਖਾਲਸਾ ਕਾਲਜ ਵਿੱਚ ਐੱਮ.ਏ. ਮਿਊਜ਼ਿਕ (ਵੋਕਲ) ਵਿੱਚ ਦਾਖਲਾ ਲਿਆ ਅਤੇ ਆਪਣੀ ਉੱਚ ਸਿੱਖਿਆ ਮੁਕੰਮਲ ਕੀਤੀ। ਗਗਨਦੀਪ ਦੀ ਇਸ ਪ੍ਰਾਪਤੀ 'ਤੇ ਕਾਲਜ ਦੇ ਪ੍ਰਿੰਸੀਪਲ ਡਾ. ਜਸਵੀਰ ਸਿੰਘ ਨੇ ਵਿਦਿਆਰਥੀ ਗਗਨਦੀਪ ਅਤੇ ਉਸਦੇ ਮਾਪਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਸਿਰਫ਼ ਗਗਨਦੀਪ ਦੀ ਨਿੱਜੀ ਪ੍ਰਾਪਤੀ ਨਹੀਂ, ਸਗੋਂ ਉਸ ਸੰਸਥਾ ਲਈ ਵੀ ਮਾਣ ਵਾਲਾ ਪਲ ਹੈ ਜਿੱਥੋਂ ਉਸਨੇ ਸੰਗੀਤ ਦੀ ਉੱਚ ਸਿੱਖਿਆ ਪ੍ਰਾਪਤ ਕੀਤੀ ਹੈ। ਉਨ੍ਹਾਂ ਕਿਹਾ ਕਿ ਗਗਨਦੀਪ ਨੇ ਆਪਣੀ ਮਿਹਨਤ, ਲਗਨ, ਸਾਧਨਾ ਅਤੇ ਪ੍ਰਤਿਭਾ ਦੇ ਬਲਬੂਤੇ ਇਹ ਮੁਕਾਮ ਹਾਸਲ ਕੀਤਾ ਹੈ। ਉਨ੍ਹਾਂ ਕਿਹਾ ਕਿ ਖਾਲਸਾ ਕਾਲਜ ਹਮੇਸ਼ਾ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਰੁਚੀਆਂ ਅਤੇ ਪ੍ਰਤਿਭਾ ਅਨੁਸਾਰ ਅੱਗੇ ਵਧਣ ਲਈ ਮੰਚ ਅਤੇ ਮੌਕੇ ਪ੍ਰਦਾਨ ਕਰਦਾ ਹੈ ਅਤੇ ਗਗਨਦੀਪ ਦੀ ਸਫਲਤਾ ਹੋਰਨਾਂ ਵਿਦਿਆਰਥੀਆਂ ਲਈ ਵੀ ਪ੍ਰੇਰਣਾ ਦਾ ਸਰੋਤ ਬਣੇਗੀ। ਉਨ੍ਹਾਂ ਗਗਨਦੀਪ ਦੇ ਉਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਉਹ ਆਉਣ ਵਾਲੇ ਸਮੇਂ ਵਿੱਚ ਸੰਗੀਤ ਦੇ ਖੇਤਰ ਵਿੱਚ ਹੋਰ ਵੱਡੀਆਂ ਉਪਲਬਧੀਆਂ ਹਾਸਲ ਕਰੇ। ਇਸ ਮੌਕੇ ਕਾਲਜ ਦੇ ਡੀਨ ਕਲਚਰਲ ਅਤੇ ਮਿਊਜ਼ਿਕ ਵਿਭਾਗ ਦੇ ਮੁਖੀ ਡਾ. ਜੇ.ਪੀ. ਸਿੰਘ ਨੇ ਗਗਨਦੀਪ ਦੀ ਪ੍ਰਾਪਤੀ ਨੂੰ ਕਾਲਜ ਲਈ ਬੇਹੱਦ ਮਾਣ ਵਾਲਾ ਪਲ ਕਰਾਰ ਦਿੰਦਿਆਂ ਕਿਹਾ ਕਿ ਸੰਗੀਤ ਇੱਕ ਅਜਿਹੀ ਕਲਾ ਹੈ ਜਿਸ ਵਿੱਚ ਨਿਰੰਤਰ ਰਿਆਜ਼, ਅਨੁਸ਼ਾਸਨ ਅਤੇ ਸਮਰਪਣ ਦੀ ਲੋੜ ਹੁੰਦੀ ਹੈ। ਉਨ੍ਹਾਂ ਕਿਹਾ ਕਿ ਗਗਨਦੀਪ ਨੇ ਆਪਣੀ ਪ੍ਰਤਿਭਾ ਨੂੰ ਸਖ਼ਤ ਮਿਹਨਤ ਨਾਲ ਤਰਾਸ਼ਦਿਆਂ ਇਹ ਸਾਬਤ ਕੀਤਾ ਹੈ ਕਿ ਸਹੀ ਮਾਰਗਦਰਸ਼ਨ ਅਤੇ ਮੌਕਾ ਮਿਲਣ 'ਤੇ ਸਾਡੇ ਵਿਦਿਆਰਥੀ ਰਾਸ਼ਟਰੀ ਪੱਧਰ 'ਤੇ ਆਪਣੀ ਵਿਲੱਖਣ ਪਛਾਣ ਬਣਾ ਸਕਦੇ ਹਨ। ਉਨ੍ਹਾਂ ਕਿਹਾ ਕਿ ਖਾਲਸਾ ਕਾਲਜ ਲਈ ਇਹ ਵਿਸ਼ੇਸ਼ ਮਾਣ ਦੀ ਗੱਲ ਹੈ ਕਿ ਇੱਥੋਂ ਸੰਗੀਤ ਦੀ ਸਿੱਖਿਆ ਪ੍ਰਾਪਤ ਕਰਨ ਵਾਲਾ ਵਿਦਿਆਰਥੀ ਅੱਜ ਪੰਜਾਬ ਦੇ ਪ੍ਰਸਿੱਧ ਸੰਗੀਤਕ ਮੰਚ 'ਤੇ ਆਪਣੀ ਕਲਾ ਦਾ ਲੋਹਾ ਮਨਵਾ ਰਿਹਾ ਹੈ। ਡਾ. ਜੇ.ਪੀ ਸਿੰਘ ਨੇ ਗਗਨਦੀਪ ਦੀ ਇਸ ਪ੍ਰਾਪਤੀ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਉਸਨੇ ਆਪਣੀ ਮਿਹਨਤ ਅਤੇ ਕਲਾ ਨਾਲ ਨਾ ਸਿਰਫ਼ ਆਪਣੇ ਮਾਪਿਆਂ ਦਾ ਸਿਰ ਮਾਣ ਨਾਲ ਉੱਚਾ ਕੀਤਾ ਹੈ, ਬਲਕਿ ਆਪਣੇ ਕਾਲਜ ਦਾ ਨਾਮ ਵੀ ਰੌਸ਼ਨ ਕੀਤਾ ਹੈ।



# ਨਿਯਮਾਂ ਨੂੰ ਛਿੱਕੇ ਤੇ ਟੰਗ ਕੇ ਗੈਰਮਨਜ਼ੂਰਸ਼ੁਦਾ ਮਾਰਕਿਟ ਦੇ ਪ੍ਰਚਾਰ ਲਈ ਵਿਸ਼ੇਸ਼ ਪ੍ਰੋਗਰਾਮ

## ਬਿਨ੍ਹਾਂ ਮਨਜ਼ੂਰੀ ਮਾਰਕਿਟ ਦਾ ਨਕਸ਼ਾ ਮਾਰਕਿਟ ਵਿਚ ਉਤਾਰਿਆ

ਜਨ ਜਾਗਰਣ ਬਿਊਰੋ

**ਸ੍ਰੀ ਮੁਕਤਸਰ ਸਾਹਿਬ (ਕੁਲਦੀਪ ਸਿੰਘ ਰਿਣੀ)** : ਸ੍ਰੀ ਮੁਕਤਸਰ ਸਾਹਿਬ ਵਿਖੇ ਪਹਿਲਾ ਹੀ ਬਹੁਤ ਸਾਰੀਆਂ ਅਣ ਅਪਰੂਵਡ ਕਾਲੋਨੀਆਂ ਕੱਟੀਆਂ ਜਾ ਚੁੱਕੀਆਂ ਹਨ ਅਤੇ ਆਮ ਲੋਕਾਂ ਵੱਲੋਂ ਅਵਾਜ ਉਠਾਏ ਜਾਣ ਤੋਂ ਬਾਅਦ ਪ੍ਰਸਾਸਨ ਵੱਲੋਂ ਇਹਨਾ ਕਾਲੋਨੀਆਂ ਵਿਰੁੱਧ ਕਾਰਵਾਈ ਕੀਤੀ ਗਈ। ਕੁਝ ਕਾਲੋਨੀਆਂ ਤੇ ਪ੍ਰਸਾਸਨ ਦਾ ਪੀਲਾ ਪੰਜਾ ਵੀ ਚੱਲਿਆ। ਪਰ ਇਸ ਸਭ ਦੇ ਬਾਵਜੂਦ ਵੀ ਸ਼ਹਿਰ ਵਿਚ ਰੀਅਲ ਅਸਟੇਟ ਵਿਚ ਬਿਨ੍ਹਾਂ ਮਨਜ਼ੂਰੀ ਕੰਮ ਕਰਨ ਲਈ ਆਏ ਦਿਨ ਕੋਈ ਨਾ ਕੋਈ ਨਵਾਂ ਚਿਹਰਾ ਸਾਹਮਣੇ ਆਉਂਦਾ ਹੈ। ਜਿਥੇ ਪ੍ਰਸਾਸਨ ਇੱਕ ਪਾਸੇ ਗੈਰਮਨਜ਼ੂਰ ਕਾਲੋਨੀਆਂ ਤੇ ਕਾਰਵਾਈ ਕਰਦਾ ਉਥੇ ਹੀ ਬਰਾਬਰ ਨਵੀਆਂ ਗੈਰਨਜ਼ੂਰ ਕਾਲੋਨੀਆਂ ਬਣਾਉਣਾ ਅਤੇ ਕੁਝ ਕੁ ਅਧਿਕਾਰੀਆਂ ਦੀ ਢਿੱਲੀ ਕਾਰਗੁਜਾਰੀ ਕਈ ਸਵਾਲ ਖੜ੍ਹੇ ਕਰਦੀ ਹੈ। ਜਿਥੇ ਇਕ ਪਾਸੇ ਸ੍ਰੀ ਮੁਕਤਸਰ ਸਾਹਿਬ ਦੇ ਬੂੜਾਗੁੱਜਰ ਰੋਡ ਤੇ ਕੱਟੀ ਜਾ ਰਹੀ ਇੱਕ ਕਾਲੋਨੀ ਦੇ ਮਾਮਲੇ ਵਿਚ ਸਬੰਧਿਤ ਵਿਭਾਗ ਕੇਵਲ ਨੋਟਿਸ ਜਾਰੀ ਕਰਕੇ ਖਹਿੜਾ ਛਡਾਉਣ ਵਾਲੀ ਤਾਕ ਵਿਚ ਹੈ। ਉਥੇ ਹੀ ਹੁਣ ਇੱਕ ਹੋਰ ਗਰੁੱਪ ਸਾਹਮਣੇ ਆਇਆ ਹੈ, ਇਹ ਗਰੁੱਪ ਜ਼ੋ ਖੁਦ ਨੂੰ ਫੋਰਕਸ ਟਰੇਡਿੰਗ ਅਤੇ ਇਨਵੈਸਟਮੈਂਟ ਲਈ ਰਜਿਸਟਰਡ ਗਰੁੱਪ ਦੱਸਦਾ ਹੈ ਨੇ ਸ਼ਹਿਰ ਵਿਚ ਸ਼ੋਅਰੂਮ ਕੱਟਣ ਦਾ ਐਲਾਨ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਗਰੁੱਪ ਫੋਰਕਸ ਟਰੇਡਿੰਗ ਵਿਚ ਵੀ ਧੂੜ ਚ ਰੇਹੜਾ ਭਜਾਈ ਫਿਰਦਾ ਜਣਕਿ ਇਸਨੂੰ ਸੇਬੀ ਆਦਿ ਤੋਂ ਰਜਿਸਟ ?ਰੇਸ਼ਨ ਨਹੀਂ ਹੈ। ਇਹ ਅਲੱਗ ਵਿਸ਼ਾ ਅਤੇ ਇਸ ਤੇ ਘੋਖ ਉਪਰੰਤ ਹੀ ਵਧੇਰੇ ਜਾਣਕਾਰੀ ਦੇਵਾਂਗੇ। ਪਰ ਫਿਲਹਾਲ ਇਹ ਗਰੁੱਪ ਸ਼ਹਿਰ ਵਿਚ ਸ਼ੋਅਰੂਮ ਕੱਟਣ ਦਾ ਐਲਾਨ ਕਰ ਚੁੱਕਾ ਹੈ।




### ਸਰਕਾਰ ਨੂੰ ਚੂਨਾ

ਇਸ ਤਰ੍ਹਾਂ ਸਰਕਾਰੀ ਫੀਸ, ਨਕਸ਼ਾ ਫੀਸ ਅਤੇ ਹੋਰ ਸਬੰਧਿਤ ਫੀਸਾਂ ਬਚਾ ਕੇ ਸ਼ਰੇਆਮ ਨਿਯਮ ਛਿੱਕੇ ਤੇ ਟੰਗ ਕੇ ਇੱਕ ਹੋਰ ਗੈਰਮਨਜ਼ੂਰ ਕਾਲੋਨੀ ਦਾ ਪ੍ਰਚਾਰ ਵੈਬਸਾਇਟ ਜਰੀਏ ਕੀਤਾ ਜਾ ਰਿਹਾ ਹੈ। ਜਦਕਿ ਨਗਰ ਕੌਂਸ਼ਲ ਵਿਚ ਇਸ ਸਬੰਧੀ ਕੋਈ ਫਾਇਲ ਅਜੇ ਤੱਕ ਨਹੀਂ ਪਹੁੰਚੀ ।

### ਗਰੀਨਟਿੱਕ ਏਕੜਸ ਦੇ ਨਾਮ 'ਤੇ ਨਵੀਂ ਮਾਰਕਿਟ ਕੱਟਣ ਦਾ ਐਲਾਨ

ਬੀਤੇ ਦਿਨੀਂ ਸ਼ਹਿਰ ਦੇ ਵੱਡੇ ਹੋਟਲ ਵਿਚ ਇੱਕ ਮੀਟਿੰਗ ਦੌਰਾਨ ਗਰੀਨਟਿੱਕ ਦੇ ਨਾਮ ਤੇ ਨਵੀਂ ਮਾਰਕਿਟ ਕੱਟਣ ਅਤੇ ਇਸ ਮਾਰਕਿਟ ਦਾ ਨਕਸ਼ਾ ਵੀ ਲਾਂਚ ਕਰ ਦਿੱਤਾ ਗਿਆ। ਹੋਰ ਤਾਂ ਹੋਰ ਇਸ ਦੌਰਾਨ ਇਸ ਮਾਰਕਿਟ ਦੇ ਸ਼ੋਅਰੂਮਾਂ ਦੇ ਰੇਟ ਅਤੇ ਮੌਕੇ ਤੇ ਬਿਆਨਾ ਦੇਣ ਤੇ ਸਕੀਮਾਂ ਦੇਣ ਦੀ ਗੱਲ ਕਰ ਲੋਕਾਂ ਨੂੰ ਆਕਰਿਸ਼ਤ ਕੀਤਾ ਗਿਆ ਕੁਝ ਸਮਾਂ ਪਹਿਲਾ ਡੋਮੈਨ ਲੈ ਕੇ ਇਸ ਨਾਮ ਤੇ ਇੱਕ ਵੈਬਸਾਇਟ ਬਣਾਈ ਗਈ ਜਿਸ ਵਿਚ ਇਹ ਨਕਸ਼ਾ ਵੀ ਅਪਲੋਡ ਕਰ ਦਿੱਤਾ ਗਿਆ। ਦਰਅਸਲ ਇਹ ਸਭ ਰੀਅਲ ਅਸਟੇਟ ਨਿਯਮਾਂ ਦੇ ਵਿਰੁੱਧ ਹੈ। ਬਿਨ੍ਹਾਂ ਕਿਸੇ ਮਨਜ਼ੂਰੀ ਜਦ ਕਿ ਕੋਈ ਫਾਇਲ ਤੱਕ ਵੀ ਨਗਰ ਕੌਂਸ਼ਲ ਨਹੀਂ ਪਹੁੰਚੀ ਅਜਿਹੀ ਕਾਲੋਨੀ ਕੱਟਣ ਦਾ ਪ੍ਰਚਾਰ ਕਰਨਾ, ਨਕਸ਼ਾ ਮਾਰਕਿਟ ਵਿਚ ਵੰਡਣਾ ਨਿਯਮਾਂ ਦੇ ਵਿਰੁੱਧ ਹੈ। ਗਰੀਨਟਿੱਕ ਦੇ ਨਾਮ ਤੇ ਬੈਂਕ ਰੋਡ ਸ਼ੋਅਰੂਮ ਕੱਟਣ ਦਾ ਇਹ ਪ੍ਰਚਾਰ ਬੀਤੇ ਦਿਨੀਂ ਇੱਕ ਹੋਟਲ ਵਿਚ ਕਰਕੇ ਨਕਸ਼ੇ ਤੱਕ ਵੰਡੇ ਗਏ।

### ਨਿਯਮਾਂ ਸਬੰਧੀ ਜਾਣਕਾਰੀ ਹੀ ਨਹੀਂ

ਉਧਰ ਜਦ ਇਸ ਮਾਮਲੇ ਵਿਚ ਪਹਿਲਾ ਵੈਬਸਾਇਟ ਤੇ ਦਿੱਤੇ ਨੰਬਰ ਨਾਲ ਸੰਪਰਕ ਕੀਤਾ ਗਿਆ ਤਾਂ ਉਹਨਾਂ ਪੰਜਾਬ ਵਿਚ ਕੰਪਨੀ ਦੇ ਇੱਕ ਵਿਅਕਤੀ ਨਾਲ ਗੱਲਬਾਤ ਕਰਨ ਲਈ ਆਖਿਆ, ਜਦ ਉਸ ਵਿਅਕਤੀ ਨਾਲ ਗੱਲਬਾਤ ਕੀਤੀ ਗਈ ਤਾਂ ਉਹਨਾਂ ਮੰਨਿਆ ਕਿ ਅਜੇ ਤੱਕ ਕਿਸੇ ਤਰ੍ਹਾਂ ਦੀ ਅਪਰੂਵਲ ਨਹੀਂ, ਪਰ ਉਹਨਾਂ ਕਿਹਾ ਕਿ ਉਹ ਅਪਰੂਵਲ ਲੈ ਕੇ ਹੀ ਸ਼ੋਅਰੂਮ ਦੀਆਂ ਰਜਿਸਟਰੀਆਂ ਕਰਵਾਉਣਗੇ। ਪਰ ਜਦ ਉਹਨਾਂ ਨੂੰ ਪੁੱਛਿਆ ਗਿਆ ਕਿ ਨਿਯਮਾਂ ਮੁਤਾਬਿਕ ਤੁਸੀ ਉਹਨਾਂ ਸਮਾਂ ਕੋਈ ਇਸ਼ਤਿਹਾਰਬਾਜ਼ੀ ਨਹੀ ਕਰ ਸਕਦੇ ਤਾਂ ਉਹ ਇਸ ਮਾਮਲੇ ਵਿਚ ਚੁੱਪ ਕਰ ਗਏ।

# ਸ੍ਰੀ ਮੁਕਤਸਰ ਸਾਹਿਬ ਦੇ ਰੀਜ਼ਨਲ ਸੈਂਟਰ ਦੀ ਉਸਾਰੀ 'ਚ ਘਟੀਆ ਮਟੀਰੀਅਲ ਵਰਤਣ ਦੇ ਦੋਸ਼, ਦੋ ਨੰਬਰ ਦੀਆਂ ਇੱਟਾਂ ਲੱਗਣ ਦਾ ਮਾਮਲਾ ਗਰਮਾਇਆ

ਜਨ ਜਾਗਰਣ ਬਿਊਰੋ



**ਸ੍ਰੀ ਮੁਕਤਸਰ ਸਾਹਿਬ: (ਦੀਪਕ ਗਗਰ)** ਮੁਕਤਸਰ ਵਿਚ ਬਣ ਰਹੇ ਰੀਜ਼ਨਲ ਸੈਂਟਰ ਦੀ ਉਸਾਰੀ ਨੂੰ ਲੈ ਕੇ ਗੰਭੀਰ ਸਵਾਲ ਖੜ੍ਹੇ ਹੋ ਰਹੇ ਹਨ। ਉਸਾਰੀ ਕਾਰਜ ਵਿੱਚ ਕਥਿਤ ਤੌਰ 'ਤੇ ਘਟੀਆ ਕੁਆਲਿਟੀ ਦੀਆਂ ਇੱਟਾਂ ਅਤੇ ਮਟੀਰੀਅਲ ਵਰਤੇ ਜਾਣ ਦੇ ਦੋਸ਼ ਸਾਹਮਣੇ ਆਏ ਹਨ। ਮੌਕੇ 'ਤੇ ਨਜ਼ਰ ਆ ਰਹੀਆਂ ਇੱਟਾਂ ਦੀ ਕੁਆਲਿਟੀ ਨੂੰ ਲੈ ਕੇ ਸਵਾਲ ਉੱਠ ਰਹੇ ਹਨ ਕਿ ਆਖਿਰ ਸਰਕਾਰੀ ਨਿਰਮਾਣ ਕਾਰਜ ਵਿੱਚ ਅਜਿਹਾ ਮਟੀਰੀਅਲ ਕਿਵੇਂ ਵਰਤਿਆ ਜਾ ਰਿਹਾ ਹੈ। ਇਸ ਮਾਮਲੇ ਸਬੰਧੀ ਜਦੋਂ ਰੀਜ਼ਨਲ ਸੈਂਟਰ ਦੇ ਡਾਇਰੈਕਟਰ ਮਨੀਸ਼ ਜਿੰਦਲ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਉਸਾਰੀ ਦਾ ਕੰਮ ਉਨ੍ਹਾਂ ਦੇ ਅਧਿਕਾਰ ਖੇਤਰ ਵਿੱਚ ਨਹੀਂ ਆਉਂਦਾ। ਉਨ੍ਹਾਂ ਮੁਤਾਬਕ ਉਨ੍ਹਾਂ ਤੋਂ ਸਿਰਫ਼ ਰਿਕੁਆਇਰਮੈਂਟ ਅਤੇ ਕਿੰਨੇ ਕਮਰੇ ਜਾਂ ਕਿੰਨਾ ਕੰਮ ਮੁਕੰਮਲ ਹੋਇਆ ਹੈ, ਇਸ ਸਬੰਧੀ ਜਾਣਕਾਰੀ ਲਈ ਜਾਂਦੀ ਹੈ। ਦੂਜੇ ਪਾਸੇ ਜਦੋਂ ਇਸ ਸਬੰਧੀ ਐੱਸਡੀਓ ਰਾਜਪਾਲ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਆ ਗਿਆ ਹੈ ਅਤੇ ਇਸ ਬਾਰੇ ਵਾਈਸ ਚਾਂਸਲਰ ਨੂੰ ਵੀ ਜਾਣੂ ਕਰਵਾਇਆ ਗਿਆ ਹੈ। ਐੱਸਡੀਓ ਨੇ ਦੱਸਿਆ ਕਿ ਇਸ ਸਮੇਂ ਉਨ੍ਹਾਂ ਕੋਲ ਸਿਰਫ਼ ਇੱਕ ਜੇਈ ਹੈ, ਜਿਸ ਕਾਰਨ ਵੱਖ-ਵੱਖ ਥਾਵਾਂ 'ਤੇ ਚੱਲ ਰਹੇ ਕੰਮਾਂ ਦੀ ਲਗਾਤਾਰ ਨਿਗਰਾਨੀ ਕਰਨਾ ਮੁਸ਼ਕਲ ਹੈ। ਉਨ੍ਹਾਂ ਕਿਹਾ ਕਿ ਮੁਕਤਸਰ ਦੇ ਇਸ ਵਿਸ਼ੇਸ਼ ਕੰਮ ਦੀ ਨਿਗਰਾਨੀ ਲਈ ਇੱਕ ਹੋਰ ਜੇਈ ਮੁਹੱਈਆ ਕਰਵਾਉਣ ਸਬੰਧੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨੂੰ ਪੱਤਰ ਵੀ ਲਿਖਿਆ ਗਿਆ ਹੈ। ਹੁਣ ਦੇਖਣਾ ਇਹ ਹੋਵੇਗਾ ਕਿ ਅਧਿਕਾਰੀਆਂ ਵੱਲੋਂ ਮੌਕੇ 'ਤੇ ਮਟੀਰੀਅਲ ਦੀ ਜਾਂਚ ਕਰਵਾਉਣ ਤੋਂ ਬਾਅਦ ਕੀ ਕਾਰਵਾਈ ਕੀਤੀ ਜਾਂਦੀ ਹੈ ਅਤੇ ਸਰਕਾਰੀ ਨਿਰਮਾਣ ਕਾਰਜ ਦੀ ਕੁਆਲਿਟੀ ਯਕੀਨੀ ਬਣਾਉਣ ਲਈ ਜ਼ਿੰਮੇਵਾਰੀ ਕਿਸ ਦੀ ਤੈਅ ਹੁੰਦੀ ਹੈ।

### ਠੇਕੇਦਾਰ 'ਤੇ ਵੀ ਹੋਵੇਗੀ ਕਾਰਵਾਈ ?

ਐੱਸਡੀਓ ਰਾਜਪਾਲ ਸਿੰਘ ਨੇ ਕਿਹਾ ਕਿ ਕਥਿਤ ਤੌਰ 'ਤੇ ਖਰਾਬ ਮਟੀਰੀਅਲ ਦੀ ਵਰਤੋਂ ਦੇ ਮਾਮਲੇ ਵਿੱਚ ਠੇਕੇਦਾਰ ਨੂੰ ਨੋਟਿਸ ਜਾਰੀ ਕੀਤਾ ਜਾਵੇਗਾ। ਉਨ੍ਹਾਂ ਮੁਤਾਬਕ ਜਿਹੜਾ ਖਰਾਬ ਮਟੀਰੀਅਲ ਮੌਕੇ 'ਤੇ ਪਿਆ ਹੈ, ਉਸਨੂੰ ਹਟਵਾਇਆ ਜਾਵੇਗਾ ਅਤੇ ਜੇਕਰ ਉਸਾਰੀ ਵਿੱਚ ਵੀ ਘਟੀਆ ਇੱਟਾਂ ਜਾਂ ਮਟੀਰੀਅਲ ਵਰਤਿਆ ਗਿਆ ਹੈ ਤਾਂ ਉਨ੍ਹਾਂ ਨੂੰ ਵੀ ਕਢਵਾਉਣ ਦੀ ਕਾਰਵਾਈ ਕੀਤੀ ਜਾਵੇਗੀ।

## ਸੰਖੇਪ ਖਬਰਾਂ

### ਖੇਤ 'ਚੋਂ 454 ਗ੍ਰਾਮ ਹੈਰੋਇਨ ਬਰਾਮਦ, ਅਣਪਛਾਤੇ ਵਿਅਕਤੀਆਂ ਵਿਰੁਧ ਮਾਮਲਾ ਦਰਜ



**ਫਿਰੋਜ਼ਪੁਰ (ਪ੍ਰੇਮ ਨਾਥ ਸ਼ਰਮਾ):** ਫਿਰੋਜ਼ਪੁਰ ਜ਼ਿਲ੍ਹੇ ਵਿਚ ਨਸ਼ਿਆਂ ਖ਼ਿਲਾਫ਼ ਚਲਾਈ ਜਾ ਰਹੀ ਮੁਹਿੰਮ ਤਹਿਤ ਥਾਣਾ ਸਦਰ ਫਿਰੋਜ਼ਪੁਰ ਦੀ ਪੁਲਿਸ ਨੇ ਕਾਰਵਾਈ ਕਰਦਿਆਂ ਪਿੰਡ ਜਲਾਲ ਵਾਲਾ ਦੇ ਇੱਕ ਖੇਤ ਵਿੱਚੋਂ 454 ਗ੍ਰਾਮ ਹੈਰੋਇਨ ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਇਸ ਸਬੰਧੀ ਪੁਲਿਸ ਨੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਐਨ.ਡੀ.ਪੀ.ਐਸ. ਐਕਟ ਦੀਆਂ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਥਾਣਾ ਸਦਰ ਫਿਰੋਜ਼ਪੁਰ ਵਿਖੇ ਦਰਜ ਕੀਤੇ ਗਏ ਮਾਮਲੇ ਮੁਤਾਬਕ ਮੁਕੱਦਮਾ ਨੰਬਰ 273 ਮਿਤੀ 11-08-2026 ਤਹਿਤ ਧਾਰਾ 21/61/85 ਐਨ.ਡੀ.ਪੀ.ਐਸ. ਐਕਟ ਅਧੀਨ ਕਾਰਵਾਈ ਕੀਤੀ ਗਈ ਹੈ। ਪੁਲਿਸ ਅਨੁਸਾਰ ਐਸ.ਆਈ. ਵਿਨੋਦ ਕੁਮਾਰ ਦੀ ਅਗਵਾਈ ਹੇਠ ਪੁਲਿਸ ਟੀਮ ਨੂੰ ਗੁਪਤ ਸੂਚਨਾ ਪ੍ਰਾਪਤ ਹੋਈ ਸੀ ਕਿ ਪਿੰਡ ਜਲਾਲ ਵਾਲਾ ਦੇ ਇੱਕ ਖੇਤ ਵਿੱਚ ਮੋਟਰ ਨੇੜੇ ਕਿਸੇ ਵਿਅਕਤੀ ਵੱਲੋਂ ਹੈਰੋਇਨ ਲੁਕਾ ਕੇ ਰੱਖੀ ਗਈ ਹੈ। ਸੂਚਨਾ ਮਿਲਣ ਉਪਰੰਤ ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਦੱਸੇ ਗਏ ਸਥਾਨ 'ਤੇ ਪਹੁੰਚ ਕੇ ਤਲਾਸ਼ੀ ਮੁਹਿੰਮ ਚਲਾਈ। ਤਲਾਸ਼ੀ ਦੌਰਾਨ ਖੇਤ ਵਿੱਚ ਮੋਟਰ ਨੇੜਿਓਂ 454 ਗ੍ਰਾਮ ਹੈਰੋਇਨ ਬਰਾਮਦ ਹੋਈ। ਪੁਲਿਸ ਨੇ ਬਰਾਮਦ ਕੀਤੇ ਨਸ਼ੀਲੇ ਪਦਾਰਥ ਨੂੰ ਕਬਜ਼ੇ ਵਿੱਚ ਲੈ ਕੇ ਮਾਮਲੇ ਦੀ ਅਗਲੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਬਰਾਮਦਗੀ ਤੋਂ ਬਾਅਦ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਹੈਰੋਇਨ ਉੱਥੇ ਕਿਸ ਵਿਅਕਤੀ ਵੱਲੋਂ ਲੁਕਾਈ ਗਈ ਸੀ ਅਤੇ ਇਸ ਦੀ ਸਪਲਾਈ ਕਿੱਥੋਂ ਹੋਣੀ ਸੀ। ਇਸ ਤੋਂ ਇਲਾਵਾ ਇਲਾਕੇ ਵਿੱਚ ਨਸ਼ਾ ਤਸਕਰੀ ਨਾਲ ਜੁੜੇ ਵਿਅਕਤੀਆਂ ਬਾਰੇ ਵੀ ਜਾਣਕਾਰੀ ਇਕੱਠੀ ਕੀਤੀ ਜਾ ਰਹੀ ਹੈ।

### ਲੜਕੀ ਨੂੰ ਅੱਧੀ ਰਾਤ ਤੱਕ ਥਾਣੇ 'ਚ ਬਠਾ ਕੇ ਰੱਖਣ ਦਾ ਮਾਮਲਾ
#### ਹਾਈਕੋਰਟ ਦੀ ਫਟਕਾਰ ਤੋਂ ਬਾਅਦ ਐਸਐਚਓ ਸਮੇਤ ਤਿੰਨ ਪੁਲਿਸ ਅਧਿਕਾਰੀ ਮੁਅੱਤਲ



**ਤਰਨ ਤਾਰਨ, (ਜੀਵਨ ਜੱਜ/ਵਿਜੇ ਭਾਰਗਵ)** : ਤਰਨ ਤਾਰਨ ਦੇ ਥਾਣਾ ਸਦਰ ਵਿਖੇ ਇੱਕ ਲੜਕੀ ਨੂੰ ਕਥਿਤ ਤੌਰ 'ਤੇ ਅੱਧੀ ਰਾਤ ਤੱਕ ਹਿਰਾਸਤ ਵਿੱਚ ਰੱਖਣ ਦੇ ਮਾਮਲੇ ਵਿੱਚ ਮਾਨਯੋਗ ਹਾਈਕੋਰਟ ਵੱਲੋਂ ਪੁਲਿਸ ਪ੍ਰਸ਼ਾਸਨ ਨੂੰ ਸਖ਼ਤ ਫਟਕਾਰ ਲਗਾਈ ਗਈ ਹੈ। ਮਾਮਲੇ 'ਚ ਤੁਰੰਤ ਕਾਰਵਾਈ ਕਰਦਿਆਂ ਐੱਸ.ਐੱਸ.ਪੀ. ਤਰਨਤਾਰਨ ਗੁਰਿੰਦਰ ਲਾਂਬਾ ਵੱਲੋਂ ਥਾਣਾ ਸਦਰ ਦੇ ਐੱਸ.ਐੱਚ.ਓ. ਸਮੇਤ ਤਿੰਨ ਪੁਲਿਸ ਅਧਿਕਾਰੀਆਂ ਨੂੰ ਮੁਅੱਤਲ (ਸਸਪੈਂਡ) ਕਰ ਦਿੱਤਾ ਗਿਆ ਹੈ। ਮੁਅੱਤਲ ਕੀਤੇ ਗਏ ਪੁਲਿਸ ਅਧਿਕਾਰੀ ਇੰਸਪੈਕਟਰ ਨਵਦੀਪ ਸਿੰਘ ਭੱਟੀ (ਐੱਸ.ਐੱਚ.ਓ.), ਏ.ਐੱਸ.ਆਈ. ਇੰਦਰਜੀਤ ਸਿੰਘ (ਡੀਊਟੀ ਅਫ਼ਸਰ) , ਏ.ਐੱਸ.ਆਈ. ਮਨਜਿੰਦਰ ਸਿੰਘ (ਨਾਈਟ ਮੁਨਸ਼ੀ) ਸੀ.ਸੀ.ਟੀ.ਵੀ. ਫੁਟੇਜ ਅਤੇ ਅਦਾਲਤ ਦੀਆਂ ਟਿੱਪਣੀਆਂ ਹਾਈਕੋਰਟ ਵਿੱਚ ਸੁਣਵਾਈ ਦੌਰਾਨ ਥਾਣੇ ਦੀ ਸੀ.ਸੀ.ਟੀ.ਵੀ. ਫੁਟੇਜ ਦਾ ਹਵਾਲਾ ਦਿੱਤਾ ਗਿਆ। ਫੁਟੇਜ ਮੁਤਾਬਕ ਲੜਕੀ ਰਾਤ 10:38 ਵਜੇ ਮੁਨਸੀ ਦੇ ਕਮਰੇ ਵਿੱਚ ਅਤੇ ਰਾਤ ਦੇ ਕਰੀਬ 11:40 ਵਜੇ ਤੱਕ ਡੀਊਟੀ ਅਫ਼ਸਰ ਦੇ ਕਮਰੇ ਵਿੱਚ ਦਿਖਾਈ ਦਿੱਤੀ ਸੀ। ਸੁਣਵਾਈ ਦੌਰਾਨ ਮਾਨਯੋਗ ਅਦਾਲਤ ਨੇ ਸਬੰਧਤ ਅਧਿਕਾਰੀਆਂ ਖ਼ ?ਲਾਫ਼ ਐੱਫ.ਆਈ.ਆਰ. ਦਰਜ ਨਾ ਕਰਨ ਸਬੰਧੀ ਵੀ ਪੁਲਿਸ ਪ੍ਰਸ਼ਾਸਨ 'ਤੇ ਸਵਾਲ ਚੁੱਕੇ। ਅਗਲੀ ਸੁਣਵਾਈ 27 ਅਗਸਤ ਨੂੰ ਮਾਨਯੋਗ ਹਾਈਕੋਰਟ ਨੇ ਇਸ ਮਾਮਲੇ 'ਚ ਐੱਸ.ਐੱਸ.ਪੀ. ਤਰਨਤਾਰਨ ਤੋਂ ਅਗਲੀ ਕਾਰਵਾਈ ਦੀ ਰਿਪੋਰਟ ਤਲਬ ਕੀਤੀ ਹੈ। ਇਸ ਮਾਮਲੇ ਦੀ ਅਗਲੀ ਸੁਣਵਾਈ 27 ਅਗਸਤ ਨੂੰ ਹੋਵੇਗੀ।

### ਰਾਸ਼ਟਰੀ ਲਾਈਬ੍ਰੇਰੀਅਨ ਦਿਵਸ' ਮੌਕੇ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ 'ਚ ਸੈਮੀਨਾਰ ਕਰਵਾਇਆ



**ਹੁਸ਼ਿਆਰਪੁਰ (ਰਿੰਕੂ ਥਾਪਰ)** : ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਖਿਆਲਾ ਜਲੰਧਰ, ਵਿਖੇ ਰਾਸ਼ਟਰੀ ਲਾਈਬ੍ਰੇਰੀਅਨ ਦਿਵਸ' ਦੇ ਮੌਕੇ 'ਤੇ ਲਾਈਬ੍ਰੇਰੀ ਦੇ ਸਾਧਨਾਂ ਅਤੇ ਆਧੁਨਿਕ ਸੂਚਨਾ ਸੇਵਾਵਾਂ ਦੀ ਪ੍ਰਭਾਵਸ਼ਾਲੀ ਵਰਤੋਂ ਬਾਰੇ ਵਿਦਿਆਰਥੀਆਂ, ਫੈਕਲਟੀ ਮੈਂਬਰਾਂ ਅਤੇ ਲਾਈਬ੍ਰੇਰੀ ਦੀ ਵਰਤੋਂ ਕਰਨ ਵਾਲਿਆਂ ਵਿੱਚ ਜਾਗਰੂਕਤਾ ਪੈਦਾ ਕਰਨ ਦੇ ਉਦੇਸ਼ ਨਾਲ ਇੱਕ ਸੈਮੀਨਾਰ ਕਰਵਾਇਆ ਗਿਆ। ਇਹ ਸੈਮੀਨਾਰ ਅਕਾਦਮਿਕ ਪੜ੍ਹਾਈ ਅਤੇ ਖੋਜ ਖੇਤਰ ਵਿਚ ਲਾਈਬ੍ਰੇਰੀ ਦੀ ਮਹੱਤਤਾ ਦੇ ਨਾਲ-ਨਾਲ ਲਾਈਬ੍ਰੇਰੀ ਦੇ ਵੱਖ-ਵੱਖ ਔਜ਼ਾਰ, ਡਿਜੀਟਲ ਸਾਧਨਾਂ, ਆਨਲਾਈਨ ਡਾਟਾਬੇਸ ਅਤੇ ਸੂਚਨਾ ਪ੍ਰਾਪਤੀ ਦੀਆਂ ਤਕਨੀਕਾਂ 'ਤੇ ਕੇਂਦਰਿਤ ਸੀ। ਸੈਸ਼ਨ ਦੌਰਾਨ ਇਸ ਗੱਲ 'ਤੇ ਚਾਨਣਾ ਪਾਇਆ ਗਿਆ ਕਿ ਵਿਦਿਆਰਥੀ ਅਤੇ ਖੋਜਕਰਤਾ ਅਕਾਦਮਿਕ ਸਿੱਖਿਆ, ਖੋਜ, ਅਸਾਈਨਮੈਂਟਾਂ ਅਤੇ ਪੇਸ਼ੇਵਰ ਵਿਕਾਸ ਲਈ ਇਹਨਾਂ ਸਾਧਨਾਂ ਦੀ ਵਰਤੋਂ ਕਿਵੇਂ ਪ੍ਰਭਾਵਸ਼ਾਲੀ ਢੰਗ ਨਾਲ ਕਰ ਸਕਦੇ ਹਨ। ਇਸ ਮੌਕੇ ਭਾਰਤ ਵਿੱਚ ਲਾਈਬ੍ਰੇਰੀ ਵਿਗਿਆਨ ਦੇ ਪਿਤਾਮਾ ਡਾ. ਐੱਸ.ਆਰ. ਰੰਗਾਨਾਥਨ ਦੇ ਜਨਮ ਦਿਨ ਅਤੇ ਲਾਈਬ੍ਰੇਰੀ ਵਿਗਿਆਨ ਦੇ ਖੇਤਰ ਵਿੱਚ ਉਨ੍ਹਾਂ ਦੇ ਬਹੁਮੁੱਲੇ ਯੋਗਦਾਨ ਨੂੰ ਵੀ ਯਾਦ ਕੀਤਾ ਗਿਆ। ਲਾਈਬ੍ਰੇਰੀ ਇੰਚਾਰਜ ਡਾ. ਕਿਰਨਜੀਤ ਕੌਰ ਬਾਲੀ ਨੇ ਵੱਖ-ਵੱਖ ਲਾਈਬ੍ਰੇਰੀ ਸੇਵਾਵਾਂ, ਟੂਲਜ਼ ਅਤੇ ਡਾਟਾਬੇਸ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ। ਉਨ੍ਹਾਂ ਨੇ ਅਕਾਦਮਿਕ ਜਾਣਕਾਰੀ ਅਤੇ ਡਿਜੀਟਲ ਸਾਧਨਾਂ ਦੀ ਖੋਜ ਕਰਨ, ਉਨ੍ਹਾਂ ਤੱਕ ਪਹੁੰਚਣ ਅਤੇ ਉਨ੍ਹਾਂ ਦਾ ਮੁਲਾਂਕਣ ਕਰਨ ਦੇ ਤਰੀਕਿਆਂ ਬਾਰੇ ਦੱਸਿਆ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਆਪਣੀਆਂ ਅਕਾਦਮਿਕ ਅਤੇ ਖੋਜ ਲੋੜਾਂ ਲਈ ਸੈਂਟਰਲ ਲਾਈਬ੍ਰੇਰੀ ਦੀ ਨਿਯਮਿਤ ਅਤੇ ਪ੍ਰਭਾਵਸ਼ਾਲੀ ਵਰਤੋਂ ਕਰਨ ਲਈ ਵੀ ਉਤਸ਼ਾਹਿਤ ਕੀਤਾ। ਇਸ ਮੌਕੇ 'ਤੇ ਵੱਖ ਵੱਖ ਵਿਭਾਗਾਂ ਦੇ ਡੀਨ ਮੁਖੀ ਅਤੇ ਪ੍ਰੋਫ਼ੈਸਰ ਸਹਿਬਾਨ ਵੀ ਹਾਜ਼ਰ ਸਨ।

# ਬੁੱਢਾਗੁੱਜਰ ਰੋਡ ਦੀ ਕਥਿਤ ਅਣਅਧਿਕਾਰਤ ਕਲੋਨੀ 'ਤੇ ਨਗਰ ਕੌਂਸਲ ਦੀ ਸਖ਼ਤੀ, ਸੱਤ ਦਿਨਾਂ ਦਾ ਨੋਟਿਸ ਜਾਰੀ

ਜਨ ਜਾਗਰਣ ਬਿਊਰੋ

**ਸ੍ਰੀ ਮੁਕਤਸਰ ਸਾਹਿਬ** : ਬੁੱਢਾਗੁੱਜਰ ਰੋਡ 'ਤੇ ਬਣ ਰਹੀ ਕਥਿਤ ਅਣਅਧਿਕਾਰਤ ਕਲੋਨੀ ਦੇ ਮਾਮਲੇ ਵਿੱਚ ਨਗਰ ਕੌਂਸਲ ਵੱਲੋਂ ਅਗਲੇਰੀ ਕਾਰਵਾਈ ਕਰਦਿਆਂ 7 ਦਿਨਾਂ ਦਾ ਨੋਟਿਸ ਜਾਰੀ ਕੀਤਾ ਗਿਆ ਹੈ। ਦੱਸਣਯੋਗ ਹੈ ਕਿ ਕੁਝ ਦਿਨ ਪਹਿਲਾਂ ਨਗਰ ਕੌਂਸਲ ਦੀ ਟੀਮ ਨੇ ਮੌਕੇ 'ਤੇ ਪਹੁੰਚ ਕੇ ਕਲੋਨੀ ਦਾ ਕੰਮ ਰੁਕਵਾਇਆ ਸੀ ਅਤੇ ਨਿਰਮਾਣ ਸਮੱਗਰੀ ਵੀ ਜ਼ਬਤ ਕੀਤੀ ਸੀ। ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਵਰੁਣ ਸਹੋਤਾ ਨੇ ਦੱਸਿਆ ਕਿ ਕਲੋਨੀ ਸਬੰਧੀ ਨੋਟਿਸ ਜਾਰੀ ਕਰ ਦਿੱਤਾ ਗਿਆ ਹੈ। ਜੇਕਰ ਨੋਟਿਸ ਵਿੱਚ ਦਿੱਤੇ ਸਮੇਂ ਦੌਰਾਨ ਕਲੋਨਾਈਜ਼ਰ ਵੱਲੋਂ ਲੋੜੀਂਦੀਆਂ ਸਰਕਾਰੀ ਮਨਜ਼ੂਰੀਆਂ ਪੂਰੀਆਂ ਨਹੀਂ ਕਰਵਾਈਆਂ ਜਾਂਦੀਆਂ ਤਾਂ ਅਗਲੇਰੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

PAPRA ਐਕਟ ਦੇ ਨਿਯਮਾਂ ਦੀ ਪਾਲਣਾ ਕਿੰਨੀ ਹੋ ਰਹੀ ਹੈ? ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ ਐਕਟ (PAPRA) ਤਹਿਤ ਕਲੋਨੀ ਵਿਕਸਤ ਕਰਨ ਤੋਂ ਪਹਿਲਾਂ ਲੋੜੀਂਦੀਆਂ ਸਰਕਾਰੀ ਮਨਜ਼ੂਰੀਆਂ ਅਤੇ ਨਿਰਧਾਰਤ ਫੀਸਾਂ/ਕੰਪਲਾਇੰਸ ਪੂਰੇ ਕਰਨਾ ਜ਼ਰੂਰੀ ਹੈ। ਬਿਨਾਂ ਲੋੜੀਂਦੀਆਂ ਮਨਜ਼ੂਰੀਆਂ ਦੇ ਕਲੋਨੀ ਦੀ ਮਾਰਕੀਟਿੰਗ ਜਾਂ ਪਲਾਟਾਂ ਦੀ ਵਿਕਰੀ ਕਰਨ 'ਤੇ ਵੀ ਕਾਨੂੰਨੀ ਕਾਰਵਾਈ ਦਾ ਪ੍ਰਬੰਧ ਹੈ। ਐਕਟ ਦੀਆਂ ਕੁਝ ਮਹੱਤਵਪੂਰਨ ਉਲੰਘਣਾਵਾਂ ਲਈ ਦੋਸ਼ ਸਾਬਤ ਹੋਣ 'ਤੇ 3 ਤੋਂ 7 ਸਾਲ ਤੱਕ ਦੀ ਕੈਦ ਅਤੇ ਜੁਰਮਾਨੇ ਦਾ ਵੀ ਪ੍ਰਬੰਧ ਹੈ। ਇਸ ਲਈ ਸਵਾਲ ਇਹ ਹੈ ਕਿ ਜੇਕਰ ਕਿਸੇ ਕਲੋਨੀ ਵਿੱਚ ਨਿਯਮਾਂ ਦੀ ਉਲੰਘਣਾ ਪਾਈ ਜਾਂਦੀ ਹੈ ਤਾਂ ਕੀ ਕਾਰਵਾਈ ਸਿਰਫ਼ ਨੋਟਿਸ ਤੱਕ ਸੀਮਤ ਰਹੇਗੀ ਜਾਂ PAPRA ਦੀਆਂ ਧਾਰਾਵਾਂ ਤਹਿਤ ਵੀ ਸਖ਼ਤ ਕਾਰਵਾਈ ਹੋਵੇਗੀ?




ਅਣਅਧਿਕਾਰਤ ਕਲੋਨੀਆਂ ਨਾਲ ਸਰਕਾਰ 'ਤੇ ਦੋਹਰਾ ਬੋਝ? ਅਣਅਧਿਕਾਰਤ ਕਲੋਨੀਆਂ ਦਾ ਮਾਮਲਾ ਸਿਰਫ਼ ਸਰਕਾਰੀ ਮਾਲੀਏ ਦੇ ਨੁਕਸਾਨ ਤੱਕ ਸੀਮਤ ਨਹੀਂ। ਜਦੋਂ ਅਜਿਹੀਆਂ ਕਲੋਨੀਆਂ ਵਿਕਸਤ ਹੋ ਜਾਂਦੀਆਂ ਹਨ ਤਾਂ ਬਾਅਦ ਵਿੱਚ ਉੱਥੇ ਰਹਿਣ ਵਾਲੇ ਲੋਕਾਂ ਨੂੰ ਸੀਵਰੇਜ, ਸੜਕਾਂ, ਪਾਣੀ ਅਤੇ ਹੋਰ ਬੁਨਿਆਦੀ ਸਹੂਲਤਾਂ ਦੇਣ ਦੀ ਜ਼ਿੰਮੇਵਾਰੀ ਵੀ ਸਰਕਾਰੀ ਤੰਤਰ 'ਤੇ ਆ ਜਾਂਦੀ ਹੈ। ਇੱਕ ਪਾਸੇ ਸਰਕਾਰ ਨੂੰ ਲੋੜੀਂਦੀਆਂ ਫੀਸਾਂ ਅਤੇ ਚਾਰਜਾਂ ਤੋਂ ਮਾਲੀਆ ਨਹੀਂ ਮਿਲਦਾ ਅਤੇ ਦੂਜੇ ਪਾਸੇ ਕਲੋਨੀ ਵਿਕਸਤ ਹੋਣ ਤੋਂ ਬਾਅਦ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ 'ਤੇ ਸਰਕਾਰੀ ਖ਼ਜ਼ਾਨੇ ਵਿੱਚੋਂ ਪੈਸਾ ਖਰਚ ਹੁੰਦਾ ਹੈ। ਇਸ ਤਰ੍ਹਾਂ ਸਰਕਾਰ 'ਤੇ ਦੋਹਰਾ ਵਿੱਤੀ ਬੋਝ ਪੈਣ ਦਾ ਸਵਾਲ ਖੜ੍ਹਾ ਹੁੰਦਾ ਹੈ। ਹੁਣ ਵੱਡਾ ਸਵਾਲ ਇਹ ਹੈ ਕਿ 7 ਦਿਨਾਂ ਦੇ ਨੋਟਿਸ ਤੋਂ ਬਾਅਦ ਕੀ ਕਾਰਵਾਈ ਸਿਰਫ਼ ਕਾਗਜ਼ਾਂ ਤੱਕ ਰਹੇਗੀ ਜਾਂ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖ਼ਿਲਾਫ਼ ਅਸਲ ਵਿੱਚ ਸਖ਼ਤ ਕਾਨੂੰਨੀ ਕਾਰਵਾਈ ਵੀ ਹੋਵੇਗੀ?

# ਅੱਜ ਸ੍ਰੀ ਮੁਕਤਸਰ ਸਾਹਿਬ 'ਚ ਪਹੁੰਚ ਰਹੇ ਮਨੁੱਖੀ ਅਧਿਕਾਰ ਕਮਿਸ਼ਨ ਦੇ ਨੈਸ਼ਨਲ ਮੈਂਬਰ ਪ੍ਰਿਯਾਂਕ ਕਾਨੂੰਗੋ

## ਭਾਜਪਾ ਦੇ ਸਾਬਕਾ ਜ਼ਿਲ੍ਹਾ ਪ੍ਰਧਾਨ ਰਾਜੇਸ਼ ਗੋਰਾ ਪਠੇਲਾ ਨੇ ਪ੍ਰੈਸ ਕਾਨਫ਼ਰੰਸ ਰਾਹੀਂ ਦਿਤੀ ਜਾਣਕਾਰੀ

ਜਨ ਜਾਗਰਣ ਬਿਊਰੋ

**ਸ੍ਰੀ ਮੁਕਤਸਰ ਸਾਹਿਬ (ਅਨਮੋਲ ਸਿੰਘ ਵੜਿੰਗ):** ਮਨੁੱਖੀ ਅਧਿਕਾਰ ਕਮਿਸ਼ਨ ਦੇ ਨੈਸ਼ਨਲ ਪੱਧਰ ਦੇ ਮੈਂਬਰ ਪ੍ਰਿਯਾਂਕ ਕਾਨੂੰਗੋ 13 ਅਗਸਤ (ਵੀਰਵਾਰ) ਨੂੰ ਸ੍ਰੀ ਮੁਕਤਸਰ ਸਾਹਿਬ ਹਲਕੇ ਦੇ ਦੌਰੇ ਤੇ ਪਹੁੰਚ ਰਹੇ ਨੇ। ਭਾਜਪਾ ਦੇ ਸਾਬਕਾ ਜਿਲਾ ਪ੍ਰਧਾਨ ਰਾਜੇਸ਼ ਗੋਰਾ ਪਠੇਲਾ ਦੇ ਯਤਨਾਂ ਸਦਕਾ ਪ੍ਰਿਯਾਂਕ ਕਾਨੂੰਗੋ ਸ੍ਰੀ ਮੁਕਤਸਰ ਆ ਰਹੇ ਨੇ। ਇਸ ਸਬੰਧੀ ਗੋਰਾ ਪਠੇਲਾ ਦੀ ਅਗਵਾਈ ਹੇਠ ਭਾਜਪਾ ਵਰਕਰਾਂ ਵੱਲੋਂ ਇਸ ਸਸੇਂ ਹੋਣ ਵਾਲੇ ਪ੍ਰੋਗਰਾਮਾਂ ਸਬੰਧੀ ਤਿਆਰੀਆਂ ਕੀਤੀਆਂ ਜਾ ਰਹੀਆਂ ਨੇ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗੋਰਾ ਪਠੇਲਾ ਨੇ ਕਿਹਾ ਕਿ ਮਨੁੱਖੀ ਅਧਿਕਾਰ ਕਮਿਸ਼ਨ ਦੇ ਨੈਸ਼ਨਲ ਪੱਧਰ ਦੇ ਮੈਂਬਰ ਪ੍ਰਿਯਾਂਕ ਕਾਨੂੰਗੋ 13 ਅਗਸਤ ਨੂੰ ਸ੍ਰੀ ਮੁਕਤਸਰ ਚ ਪਹੁੰਚ ਰਹੇ ਨੇ। ਗੋਰਾ ਪਠੇਲਾ ਨੇ ਦੱਸਿਆ ਕਿ ਪ੍ਰਿਅਂਕ ਕਾਨੂੰਗੋ ਸਭ ਤੋਂ ਪਹਿਲਾ ਸਵੇਰੇ ਸਾਢੇ ਨੌਂ ਵਜੇ ਕਾਨਿਆਂਵਾਲੀ ਵਿਖੇ ਪਹੁੰਚਣਗੇ। ਇਸ ਮਗਰੋਂ ਸਾਢੇ ਦਸ ਵਜੇ ਥਾਂਦੇਵਾਲਾ, ਡੇਢ ਵਜੇ ਰਣਜੀਤਗੜ ? ਪਹੁੰਚਣਗੇ। ਇਸ ਮਗਰੋਂ ਖੱਪਿਆਂਵਾਲੀ ਵਿਖੇ ਵੀ ਪ੍ਰੋਗਰਾਮ ਹੋਵੇਗਾ। ਸ਼ਾਮ ਨੂੰ ਪੰਜ ਵਜੇ ਮੌੜ ? ਰੋਡ ਤੇ ਵਾਈਸ ਪ੍ਰਧਾਨ ਅਖਿਲ ਭਾਰਤੀ ਦੇ ਗ੍ਰਹਿ ਵਿਖੇ ਪ੍ਰੋਗਰਾਮ ਰੱਖਿਆ ਗਿਆ ਹੈ। ਇਸ ਮਗਰੋਂ ਸ਼ਾਮ ਕਰੀਬ ਛੇ ਵਜੇ ਟਿੱਬੀ ਸਾਹਿਬ ਰੋਡ ਸਥਿਤ ਸ੍ਰੀ ਰਾਮ ਭਵਨ ਵਿਖੇ ਪ੍ਰੋਗਰਾਮ ਹੋਵੇਗਾ। ਸਬੰਧਤ ਸਾਰੇ ਖੇਤਰਾਂ ਦੇ ਲੋਕ ਮੌਕੇ ਤੇ ਹੀ ਪ੍ਰਧਾਨਮੰਤਰੀ ਆਵਾਸ ਯੋਜਨਾ, ਮਨਰੇਗਾ, ਬੁਢਾਪਾ ਪੈਂਸ਼ਨ, ਪੁਲਿਸ ਅਤਿਆਚਾਰ ਸਮੇਤ ਹੋਰ ਮੰਗਾਂ ਤੇ ਮੁਸ਼ਕਿਲਾਂ ਉਨਾਂ ਮੂਹਰੇ ਰੱਖ ਸਕਦੇ ਨੇ, ਕਿਉਂਕਿ ਮੈਂਬਰ ਪ੍ਰਿਅਂਕ ਕਾਨੂੰਗੋ ਨਾਲ ਅਫਸਰ ਵੀ ਹੋਣਗੇ ਤੇ ਉਨਾਂ ਦੀ ਕੋਸ਼ਿਸ਼ ਰਹੇਗੀ ਕਿ ਮੌਕੇ ਤੇ ਹੀ ਲੋਕਾਂ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਹੋ ਸਕੇ। ਇਸ ਮੌਕੇ ਭਾਜਪਾ ਦੇ ਵਾਈਸ ਪ੍ਰਧਾਨ ਅਖਿਲ ਭਾਰਤੀ, ਵਾਈਸ ਪ੍ਰਧਾਨ ਮਨੀਸ ਧਮੀਜਾ, ਕਿਸਾਨ ਮੋਰਚਾ ਦੇ ਪ੍ਰਧਾਨ ਸਰਪੰਚ ਸ਼ਮਿੰਦਰ ਸਿੰਘ ਸੇਖੋਂ, ਜਨਰਲ ਸੈਕਟਰੀ ਨੀਟਾ ਤੰਵਰ ਵੀ ਮੌਜੂਦ ਸਨ।




ਸ੍ਰੀ ਮੁਕਤਸਰ ਸਾਹਿਬ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਭਾਜਪਾ ਦੇ ਸਾਬਕਾ ਜਿਲਾ ਪ੍ਰਧਾਨ ਰਾਜੇਸ਼ ਗੋਰਾ ਪਠੇਲਾ।

# ਮੱਖੂ ਗੇਟ ਇਲਾਕੇ ਦੀ ਦੁੱਧ-ਡੇਅਰੀ ਦੁਕਾਨ 'ਚ ਅਚਾਨਕ ਲੱਗੀ ਅੱਗ, ਸਾਮਾਨ ਸੜ ਕੇ ਸੁਆਹ

## ਸ਼ਟਰ ਖੋਲ੍ਹਦੇ ਹੀ ਦੁਕਾਨ ਅੰਦਰੋਂ ਨਿਕਲੀਆਂ ਅੱਗ ਦੀਆਂ ਭਿਆਨਕ ਲਪਟਾਂ, ਦੁਕਾਨਦਾਰ ਦਾ ਹੋਇਆ ਭਾਰੀ ਨੁਕਸਾਨ

ਜਨ ਜਾਗਰਣ ਬਿਊਰੋ

**ਫਿਰੋਜ਼ਪੁਰ (ਪ੍ਰੇਮ ਨਾਥ ਸ਼ਰਮਾ)** : ਫਿਰੋਜ਼ਪੁਰ ਸ਼ਹਿਰ ਦੇ ਮੱਖੂ ਗੇਟ ਇਲਾਕੇ ਵਿੱਚ ਉਸ ਸਮੇਂ ਹੜਕੰਪ ਮਚ ਗਿਆ, ਜਦੋਂ ਦੁੱਧ ਅਤੇ ਡੇਅਰੀ ਉਤਪਾਦਾਂ ਦੀ ਇੱਕ ਦੁਕਾਨ ਅੰਦਰ ਅਚਾਨਕ ਅੱਗ ਲੱਗ ਗਈ। ਕੁਝ ਹੀ ਸਮੇਂ ਵਿੱਚ ਅੱਗ ਨੇ ਦੁਕਾਨ ਅੰਦਰ ਪਏ ਵੱਡੀ ਮਾਤਰਾ ਵਿੱਚ ਦੁੱਧ, ਦਹੀਂ, ਪਨੀਰ, ਮੱਖਣ ਅਤੇ ਹੋਰ ਸਮਾਨ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਇਸ ਤੋਂ ਇਲਾਵਾ ਦੁਕਾਨ ਵਿੱਚ ਰੱਖੇ ਕੀਮਤੀ ਫਰਿੱਜ ਅਤੇ ਹੋਰ ਸਾਜ਼ੋ-ਸਾਮਾਨ ਵੀ ਅੱਗ ਦੀ ਤਪਸ਼ ਕਾਰਨ ਬੁਰੀ ਤਰ੍ਹਾਂ ਨੁਕਸਾਨੇ ਗਏ। ਘਟਨਾ ਦੀ ਜਾਣਕਾਰੀ ਮਿਲਦਿਆਂ ਹੀ ਆਸ-ਪਾਸ ਦੇ ਲੋਕ ਮੌਕੇ 'ਤੇ ਇਕੱਠੇ ਹੋ ਗਏ ਅਤੇ ਉਨ੍ਹਾਂ ਨੇ ਸਾਂਝੀ ਕੋਸ਼ਿਸ਼ ਕਰਦਿਆਂ ਅੱਗ 'ਤੇ ਕਾਬੂ ਪਾਉਣ ਦੀ ਕੋਸ਼ਿਸ਼ ਸ਼ੁਰੂ ਕਰ ਦਿੱਤੀ। ਦੁਕਾਨ ਮਾਲਕ ਮੁਤਾਬਿਕ ਉਹ ਰੋਜ਼ਾਨਾ ਦੀ ਤਰ੍ਹਾਂ ਦੁਕਾਨ ਬੰਦ ਕਰਕੇ ਘਰ ਗਿਆ ਸੀ। ਕੁਝ ਸਮੇਂ ਬਾਅਦ ਆਸ-ਪਾਸ ਦੇ ਲੋਕਾਂ ਨੇ ਫੋਨ ਕਰਕੇ ਉਸ ਨੂੰ ਸੂਚਿਤ ਕੀਤਾ ਕਿ ਉਸ ਦੀ ਦੁਕਾਨ ਵਿੱਚੋਂ ਧੂੰਆਂ ਨਿਕਲ ਰਿਹਾ ਹੈ ਅਤੇ ਅੰਦਰ ਅੱਗ ਲੱਗੀ ਹੋਈ ਹੈ। ਸੂਚਨਾ ਮਿਲਦੇ ਹੀ ਉਹ ਤੁਰੰਤ ਮੌਕੇ 'ਤੇ ਪਹੁੰਚਿਆ। ਜਦੋਂ ਦੁਕਾਨ ਦਾ ਸ਼ਟਰ ਖੋਲ੍ਹਿਆ ਗਿਆ ਤਾਂ ਅੰਦਰ ਅੱਗ ਦੀਆਂ ਤੇਜ਼ ਲਪਟਾਂ ਨਜ਼ਰ ਆਈਆਂ, ਜਿਸ ਕਾਰਨ ਲੋਕਾਂ ਵਿੱਚ ਵੀ ਘਬਰਾਹਟ ਪੈਦਾ ਹੋ ਗਈ। ਘਟਨਾ ਸਬੰਧੀ ਫਾਇਰ ਬ੍ਰਿਗੇਡ ਨੂੰ ਵੀ ਸੂਚਿਤ ਕੀਤਾ ਗਿਆ। ਹਾਲਾਂਕਿ ਫਾਇਰ ਬ੍ਰਿਗੇਡ ਦੀ ਗੱਡੀ ਦੇ ਪਹੁੰਚਣ ਤੋਂ ਪਹਿਲਾਂ ਹੀ ਸਥਾਨਕ ਲੋਕਾਂ ਨੇ ਪਾਣੀ ਅਤੇ ਹੋਰ ਸਾਧਨਾਂ ਦੀ ਮਦਦ ਨਾਲ ਅੱਗ ਨੂੰ ਕਾਫ਼ੀ ਹੱਦ ਤੱਕ ਕਾਬੂ ਕਰ ਲਿਆ ਸੀ। ਇਸ ਕਾਰਨ ਅੱਗ ਨੂੰ ਹੋਰ ਦੁਕਾਨਾਂ ਅਤੇ ਆਸ-ਪਾਸ ਦੇ ਇਲਾਕੇ ਵਿੱਚ ਫੈਲਣ ਤੋਂ ਰੋਕਿਆ ਜਾ ਸਕਿਆ। ਮੁੱਢਲੀ ਜਾਣਕਾਰੀ ਅਨੁਸਾਰ ਅੱਗ ਲੱਗਣ ਦੇ ਅਸਲ ਕਾਰਨਾਂ ਦੀ ਪੁਸ਼ਟੀ ਨਹੀਂ ਹੋ ਸਕੀ। ਦੁਕਾਨਦਾਰ ਅਤੇ ਮੌਕੇ 'ਤੇ ਮੌਜੂਦ ਲੋਕਾਂ ਵੱਲੋਂ ਅੰਦਾਜ਼ਾ ਲਗਾਇਆ ਜਾ ਰਿਹਾ ਹੈ ਕਿ ਬਿਜਲੀ ਦੀ ਤਾਰ ਜਾਂ ਸਰਕਟ ਵਿੱਚ ਖਰਾਬੀ ਕਾਰਨ ਸ਼ਾਰਟ ਸਰਕਟ ਹੋਣ ਨਾਲ ਅੱਗ ਲੱਗੀ ਹੋ ਸਕਦੀ ਹੈ। ਹਾਲਾਂਕਿ ਅੱਗ ਦੇ ਸਹੀ ਕਾਰਨਾਂ ਦਾ ਪਤਾ ਜਾਂਚ ਤੋਂ ਬਾਅਦ ਹੀ ਲੱਗ ਸਕੇਗਾ। ਦੁਕਾਨ ਮਾਲਕ ਨੇ ਦੱਸਿਆ ਕਿ ਅੱਗ ਕਾਰਨ ਉਸ ਦਾ ਕਾਫ਼ੀ ਆਰਥਿਕ ਨੁਕਸਾਨ ਹੋਇਆ ਹੈ। ਦੁਕਾਨ ਅੰਦਰ ਰੱਖੇ ਡੇਅਰੀ ਉਤਪਾਦਾਂ ਦੇ ਨਾਲ-ਨਾਲ ਮਹਿੰਗੇ ਫਰਿੱਜ ਅਤੇ ਹੋਰ ਜ਼ਰੂਰੀ ਸਾਮਾਨ ਵੀ ਬੁਰੀ ਤਰ੍ਹਾਂ ਨੁਕਸਾਨਿਆ ਗਿਆ ਹੈ। ਘਟਨਾ ਦੀ ਜਾਣਕਾਰੀ ਮਿਲਣ ਉਪਰੰਤ ਨਗਰ ਕੌਂਸਲ ਫਿਰੋਜ਼ਪੁਰ ਸ਼ਹਿਰ ਦੇ ਸੀਨੀਅਰ ਉਪ ਪ੍ਰਧਾਨ ਬੋਹੜ ਸਿੰਘ ਵੀ ਮੌਕੇ 'ਤੇ ਪਹੁੰਚੇ। ਉਨ੍ਹਾਂ ਨੇ ਘਟਨਾ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਅੱਗ ਨਾਲ ਦੁਕਾਨਦਾਰ ਨੂੰ ਭਾਰੀ ਨੁਕਸਾਨ ਝੱਲਣਾ ਪਿਆ ਹੈ। ਉਨ੍ਹਾਂ ਨੇ ਪ੍ਰਭਾਵਿਤ ਦੁਕਾਨਦਾਰ ਨਾਲ ਹਮਦਰਦੀ ਪ੍ਰਗਟ ਕਰਦਿਆਂ ਹਰ ਸੰਭਵ ਸਹਾਇਤਾ ਲਈ ਸਹਿਯੋਗ ਦਾ ਭਰੋਸਾ ਦਿੱਤਾ।

# ਤ੍ਰਿਵੇਣੀ ਸੁਸਾਇਟੀ 'ਚ ਚੋਰਾਂ ਵਲੋਂ ਘਰ ਵਿਚ ਵੜਨ ਦੀ ਕੋਸ਼ਿਸ਼ ਅਸਫਲ ਰਹੀ

ਜਨ ਜਾਗਰਣ ਬਿਊਰੋ

**ਪੰਚਕੂਲਾ (ਗੁਰਮੀਤ ਪਨੇਸਰ):** ਤ੍ਰਿਵੇਣੀ ਸੁਸਾਇਟੀ, ਸੈਕਟਰ 20, ਪੰਚਕੂਲਾ ਦੇ ਫਲੈਟ 'ਚ ਸ਼੍ਰੀ ਐਮ.ਐਲ. ਟੱਕਰ ਦਾ ਪਰਿਵਾਰ ਰਹਿੰਦਾ ਹੈ। ਅੱਜ ਕੁਝ ਅਣਪਛਾਤੇ ਵਿਅਕਤੀਆਂ ਨੇ ਸਵੇਰੇ 3.30 ਵਜੇ ਦੇ ਕਰੀਬ ਦਰਵਾਜ਼ੇ ਦੀ ਘੰਟੀ ਕਈ ਵਾਰ ਵਜਾਈ। ਵਾਰ ਵਾਰ ਘੰਟੀ ਵੱਜਣ ਕਾਰਨ ਪਰਿਵਾਰ ਕੁਝ ਘਬਰਾ ਗਿਆ ਉਹਨਾਂ ਨੇ ਦਰਵਾਜ਼ਾ ਨਹੀਂ ਖੋਲਿਆ। ਬਾਅਦ ਵਿਚ ਸੁਸਾਇਟੀ ਦੇ ਸੀਸੀਟੀਵੀ ਦੀ ਜਾਂਚ ਦੌਰਾਨ ਇਹ ਦੇਖਿਆ ਗਿਆ ਹੈ ਕਿ ਬੀ-ਬਲਾਕ ਦੀਆਂ ਪੌੜੀਆਂ ਵਿੱਚ 3.35 ਵਜੇ ਚਾਰ ਵਿਅਕਤੀ ਚਿਹਰੇ ਦੇ ਮਾਸਕ ਅਤੇ ਕੈਰੀ ਬੈਗ ਪਹਿਨ ਕੇ ਦਾਖਲ ਹੋਏ ਸਨ। ਉਹਨਾਂ ਨੇ ਅੱਜ ਸਵੇਰੇ 3.30 ਵਜੇ ਕੁਝ ਅਣਪਛਾਤੇ ਲੋਕ ਇਕ ਘਰ ਵੈਲ ਵਜਾ ਕੇ ਵੜਨ ਦੀ ਕੋਸ਼ਿਸ ਕੀਤੀ। ਉਸ ਘਰ ਵਿਚ ਬਜ਼ੁਰਗ ਜੋੜਾ ਰਹਿੰਦਾ ਹੈ। ਉਨ੍ਹਾਂ ਨੇ ਉਸ ਫਲੈਟ ਨੰਬਰ 27 ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕੀਤੀ ਪਰ ਫਲੈਟ ਮਾਲਕ ਨੇ ਦਰਵਾਜ਼ਾ ਨਹੀਂ ਖੋਲ੍ਹਿਆ ਅਤੇ ਉਹ 3.40 ਵਜੇ ਪਿਛਲੇ ਗੇਟ ਤੋਂ ਸੁਸਾਇਟੀ ਵਿਚੋ ਭੱਜ ਗਏ। ਘਟਨਾ ਸੀਸੀਟੀਵੀ ਕੈਮਰੇ ਵਿਚ ਰਿਕਾਰਡਿੰਗ ਹੋ ਗਈ ਹੈ। ਫਲੈਟ ਦੇ ਮਾਲਕ ਬਜ਼ੁਰਗ ਸਨ ਉਨ੍ਹਾਂ ਨੇ ਹਿਮਤ ਤੋਂ ਕੰਮ ਲਿਆ ਅਤੇ ਦਰਵਾਜ਼ਾ ਨਹੀਂ ਖੋਲਿਆ ਜਿਸ ਕਰਕੇ ਉਨ੍ਹਾਂ ਦੀ ਜਾਨ ਬਚ ਗਈ ਹੈ। ਜੇਕਰ ਕੋਈ ਇਨ੍ਹਾਂ ਮਾਸਕ ਵਾਲੇ ਵਿਅਕਤੀ ਦੇਖਦਾ ਹੈ ਤਾਂ ਉਨ੍ਹਾਂ ਨੂੰ ਪੁਲਿਸ ਨੂੰ ਦੱਸਣਾ ਚਾਹੀਦਾ ਹੈ ਤਾ ਕਿਸੇ ਵੀ ਪਰਿਵਾਰ ਨੂੰ ਕੋਈ ਹਾਨੀ ਨਾ ਹੋਵੇ।




# ਬੀਬੀਐਮਬੀ ਹਸਪਤਾਲ ਦੇ ਆਧੁਨਿਕੀਕਰਨ ਲਈ ਕੇਂਦਰ ਸਰਕਾਰ ਦਾ ਧੰਨਵਾਦ: ਐਡਵੋਕੇਟ ਅਰਵਿੰਦ ਮਿੱਤਲ

ਜਨ ਜਾਗਰਣ ਬਿਊਰੋ

**ਸ੍ਰੀ ਅਨੰਦਪੁਰ ਸਾਹਿਬ (ਚਾਨਾ):** ਪੰਜਾਬ ਭਾਜਪਾ ਦੇ ਸਾਬਕਾ ਸਕੱਤਰ ਐਡਵੋਕੇਟ ਅਰਵਿੰਦ ਮਿੱਤਲ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਬੀਬੀਐਮਬੀ ਦੇ ਹਸਪਤਾਲ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਕਰਨ ਲਈ ਕੇਂਦਰ ਸਰਕਾਰ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਮੰਤਰੀ ਮਨੋਹਰ ਲਾਲ ਖੱਟਰ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐਡਵੋਕੇਟ ਅਰਵਿੰਦ ਮਿੱਤਲ ਨੇ ਦੱਸਿਆ ਕਿ ਕਰੀਬ ਦੋ ਮਹੀਨੇ ਪਹਿਲਾਂ ਉਨ੍ਹਾਂ ਵੱਲੋਂ ਬੀਬੀਐਮਬੀ ਦੇ ਚੀਫ ਇੰਜੀਨੀਅਰ ਸੀ.ਪੀ. ਸਿੰਘ ਨਾਲ ਇਸ ਸਬੰਧੀ ਵਿਸ਼ੇਸ਼ ਮੀਟਿੰਗ ਕੀਤੀ ਗਈ ਸੀ। ਇਸ ਦੌਰਾਨ ਉਨ੍ਹਾਂ ਨੇ ਮੰਗ ਰੱਖੀ ਸੀ ਕਿ ਐਨਐਫਐਲ ਦੇ ਹਸਪਤਾਲ ਦੀ ਤਰਜ਼ 'ਤੇ ਬੀਬੀਐਮਬੀ ਦੇ ਹਸਪਤਾਲ ਨੂੰ ਵੀ ਆਧੁਨਿਕ ਬਣਾਇਆ ਜਾਵੇ, ਤਾਂ ਜੋ ਇਲਾਕੇ ਦੇ ਲੋਕਾਂ ਅਤੇ ਬੀਬੀਐਮਬੀ ਨਾਲ ਜੁੜੇ ਮੁਲਾਜ਼ਮਾਂ ਨੂੰ ਬਿਹਤਰ ਸਿਹਤ ਸਹੂਲਤਾਂ ਮਿਲ ਸਕਣ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਕੇਂਦਰ ਸਰਕਾਰ ਦੀ ਇੱਕ ਵਿਸ਼ੇਸ਼ ਸਕੀਮ ਤਹਿਤ ਬੀਬੀਐਮਬੀ ਹਸਪਤਾਲ ਦੇ ਆਧੁਨਿਕੀਕਰਨ ਲਈ ਪ੍ਰੋਜੈਕਟ ਤਿਆਰ ਕਰਕੇ ਭੇਜਿਆ ਗਿਆ ਹੈ। ਇਸ ਪ੍ਰੋਜੈਕਟ ਤਹਿਤ ਹਸਪਤਾਲ ਵਿੱਚ ਆਧੁਨਿਕ ਸਿਹਤ ਸਹੂਲਤਾਂ ਅਤੇ ਲੋੜੀਂਦਾ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣ ਦੀ ਦਿਸ਼ਾ ਵਿੱਚ ਕੰਮ ਕੀਤਾ ਜਾਵੇਗਾ। ਐਡਵੋਕੇਟ ਮਿੱਤਲ ਨੇ ਕਿਹਾ ਕਿ ਹਸਪਤਾਲ ਦੇ ਆਧੁਨਿਕੀਕਰਨ ਸਬੰਧੀ ਟੈਂਡਰ ਵੀ ਪਿਛਲੇ ਦਿਨੀਂ ਜਾਰੀ ਕੀਤਾ ਜਾ ਚੁੱਕਾ ਹੈ, ਜਿਸ ਨਾਲ ਇਸ ਪ੍ਰੋਜੈਕਟ ਨੂੰ ਅਮਲੀ ਰੂਪ ਦੇਣ ਦੀ ਪ੍ਰਕਿਰਿਆ ਸ਼ੁਰੂ ਹੋ ਗਈ ਹੈ। ਉਨ੍ਹਾਂ ਕਿਹਾ ਕਿ ਬੀਬੀਐਮਬੀ ਹਸਪਤਾਲ ਦਾ ਆਧੁਨਿਕੀਕਰਨ ਹੋਣ ਨਾਲ ਇਲਾਕੇ ਦੇ ਲੋਕਾਂ ਨੂੰ ਵੱਡੀ ਰਾਹਤ ਮਿਲੇਗੀ ਅਤੇ ਉਨ੍ਹਾਂ ਨੂੰ ਇਲਾਜ ਲਈ ਦੂਰ-ਦੁਰਾਡੇ ਦੇ ਹਸਪਤਾਲਾਂ ਵਿੱਚ ਜਾਣ ਦੀ ਲੋੜ ਘੱਟ ਹੋਵੇਗੀ। ਉਨ੍ਹਾਂ ਕੇਂਦਰ ਸਰਕਾਰ ਵੱਲੋਂ ਇਸ ਪ੍ਰੋਜੈਕਟ ਨੂੰ ਮਨਜ਼ੂਰੀ ਦੇ ਕੇ ਅੱਗੇ ਵਧਾਉਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਮੰਤਰੀ ਮਨੋਹਰ ਲਾਲ ਖੱਟਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਸਿਹਤ ਸਹੂਲਤਾਂ ਨੂੰ ਬਿਹਤਰ ਬਣਾਉਣ ਲਈ ਕੀਤੇ ਜਾ ਰਹੇ ਉਪਰਾਲੇ ਸ਼ਲਾਘਾਯੋਗ ਹਨ। ਇਸ ਮੌਕੇ ਐਡਵੋਕੇਟ ਅਰਵਿੰਦ ਮਿੱਤਲ ਦੇ ਨਾਲ ਭਾਜਪਾ ਦੇ ਵਰਕਰ ਵੀ ਹਾਜ਼ਰ ਸਨ।



# ਲਾਇਨਜ਼ ਕਲੱਬ ਆਨੰਦਪੁਰ ਸਾਹਿਬ ਵਲੋਂ ਤੀਆਂ ਦਾ ਤਿਉਹਾਰ ਸ਼ਾਨਦਾਰ ਢੰਗ ਨਾਲ ਮਨਾਇਆ

ਜਨ ਜਾਗਰਣ ਬਿਊਰੋ

**ਆਨੰਦਪੁਰ ਸਾਹਿਬ (ਚਾਨਾ):** ਲਾਇਨਜ਼ ਕਲੱਬ ਆਨੰਦਪੁਰ ਸਾਹਿਬ ਵੱਲੋਂ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਦੇ ਪ੍ਰਚਾਰ-ਪ੍ਰਸਾਰ ਦੇ ਉਦੇਸ਼ ਨਾਲ ਤੀਆਂ ਦਾ ਮੇਲਾ ਸਰਕਾਰੀ ਮਿਡਲ ਸਕੂਲ ਥੱਪਲ ਵਿੱਚ ਬਹੁਤ ਹੀ ਉਤਸ਼ਾਹ ਅਤੇ ਉਮੰਗ ਨਾਲ ਆਯੋਜਿਤ ਕੀਤਾ ਗਿਆ। ਇਸ ਸਮਾਗਮ ਵਿੱਚ ਮਹਿਲਾਵਾਂ ਅਤੇ ਕਲੱਬ ਮੈਂਬਰਾਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ। ਪ੍ਰੋਗਰਾਮ ਦੌਰਾਨ ਪੀਂਘਾਂ ਅਤੇ ਝੂਲੇ ਵਿਸ਼ੇਸ਼ ਆਕਰਸ਼ਣ ਦਾ ਕੇਂਦਰ ਰਹੇ। ਇਸ ਸਮਾਗਮ ਨੂੰ ਡਾ. ਗੁਰਪਾਲ ਸਿੰਘ (ਸੁਖਮਨੀ ਹਸਪਤਾਲ), ਪ੍ਰਿਤਪਾਲ ਸਿੰਘ ਗੰਡਾ (ਗੰਡਾ ਸ਼ੂ ਸਟੋਰ), ਜਪਜੋਤ ਸਿੰਘ ਸੈਫੀ (ਬੇਨਟੋ ਬੇਕਰੀ), ਲਾਇਨ ਲੇਡੀ ਪਰਮਜੀਤ ਕੌਰ ਪੰਮੀ ਅਤੇ ਹਰਸ਼ੀਨ ਕੌਰ ਅਰੋੜਾ ਵੱਲੋਂ ਵਿਸ਼ੇਸ਼ ਸਹਿਯੋਗ ਪ੍ਰਾਪਤ ਹੋਇਆ। ਸਟੇਜ ਦੀ ਜ਼ਿੰਮੇਵਾਰੀ ਐਂਕਰ ਰਾਜ ਘਈ ਅਤੇ ਅਨਵਿੰਦਰ ਕੌਰ (ਗਿੱਧਾ ਕੋਚ) ਵੱਲੋਂ ਸੁਚਾਰੂ ਢੰਗ ਨਾਲ ਨਿਭਾਈ ਗਈ, ਜਦਕਿ ਮਹਿੰਦਰਪਾਲ (ਇੰਟਰਨੈਸ਼ਨਲ ਗਿੱਧਾ ਕੋਚ) ਅਤੇ ਢੋਲਕ ਮਾਸਟਰ ਪ੍ਰੋਵੇਜ਼ ਖਾਨ ਢੋਲੀ ਨੇ ਆਪਣੀਆਂ ਸੰਗੀਤਕ ਪ੍ਰਸਤੁਤੀਆਂ ਰਾਹੀਂ ਸਮਾਗਮ ਨੂੰ ਰੰਗੀਨ ਅਤੇ ਮਨਮੋਹਕ ਬਣਾਇਆ। ਇਸ ਮੌਕੇ ਵੱਖ-ਵੱਖ ਪਕਵਾਨਾਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ, ਜਿਨ੍ਹਾਂ ਵਿੱਚ ਗੋਲ ਗੱਪੇ, ਖੀਰ, ਮਾਲਪੂੜੇ, ਪੂੜੀ-ਛੋਲੇ, ਨੂਡਲਜ਼ ਅਤੇ ਹੋਰ ਸਨੈਕਸ ਸ਼ਾਮਲ ਸਨ, ਜਿਨ੍ਹਾਂ ਦਾ ਸਭ ਨੇ ਭਰਪੂਰ ਆਨੰਦ ਮਾਣਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਕਲੱਬ ਦੇ ਪੀ.ਆਰ.ਓ. ਲਾਇਨ ਦੇਵਿੰਦਰ ਕੌਸ਼ਲ ਨੇ ਦੱਸਿਆ ਕਿ ਮੇਲੇ ਦੌਰਾਨ ਪੰਜਾਬੀ ਸੱਭਿਆਚਾਰ ਦੀਆਂ ਰਵਾਇਤੀ ਝਲਕੀਆਂ ਪ੍ਰਦਰਸ਼ਿਤ ਕੀਤੀਆਂ ਗਈਆਂ। ਗਿੱਧਾ, ਬੋਲੀਆਂ ਅਤੇ ਹੋਰ ਸੱਭਿਆਚਾਰਕ ਪ੍ਰਸਤੁਤੀਆਂ ਨੇ ਸਮੂਹ ਮਾਹੌਲ ਨੂੰ ਖੁਸ਼ਨੁਮਾ ਅਤੇ ਰੰਗੀਨ ਬਣਾ ਦਿੱਤਾ। ਮਹਿਲਾਵਾਂ ਨੇ ਰਵਾਇਤੀ ਪੰਜਾਬੀ ਪਹਿਰਾਵਿਆਂ ਵਿੱਚ ਸ਼ਮੂਲੀਅਤ ਕਰਕੇ ਤੀਆਂ ਦੇ ਰੰਗ ਹੋਰ ਵੀ ਵਧਾ ਦਿੱਤੇ। ਇਸ ਮੌਕੇ ਵੱਖ-ਵੱਖ ਮੁਕਾਬਲੇ ਵੀ ਕਰਵਾਏ ਗਏ, ਜਿਨ੍ਹਾਂ ਵਿੱਚ ਮਹਿਲਾਵਾਂ ਨੇ ਉਤਸ਼ਾਹ ਨਾਲ ਭਾਗ ਲਿਆ। 'ਮਿਸ ਤੀਜ' ਦਾ ਨਤੀਜਾ ਇਸ ਪ੍ਰਕਾਰ ਰਿਹਾ: ਹਰਜੀਤ ਕੌਰ (ਮਿਸ ਤੀਜ), ਮੁਨਮੁਨ ਕੌਰ (ਫਸਟ ਰਨਰ ਅਪ) ਅਤੇ ਗੁਰਪ੍ਰੀਤ ਕੌਰ (ਸੈਕੰਡ ਰਨਰ ਅਪ)। ਜੇਤੂਆਂ ਵੱਲੋਂ ਕੇਕ ਕੱਟ ਕੇ ਖ਼ੁਸ਼ੀ ਸਾਂਝੀ ਕੀਤੀ ਗਈ। ਕਲੱਬ ਦੇ ਪ੍ਰਧਾਨ ਲਾਇਨ ਭੁਪਿੰਦਰ ਪਾਲ ਸਿੰਘ ਤਲਵਾੜ ਨੇ ਕਿਹਾ ਕਿ ਤੀਆਂ ਪੰਜਾਬੀ ਸੱਭਿਆਚਾਰ ਦੀ ਇੱਕ ਮਹੱਤਵਪੂਰਨ ਰਵਾਇਤੀ ਪਹਿਚਾਣ ਹੈ ਅਤੇ ਅਜਿਹੇ ਪ੍ਰੋਗਰਾਮ ਨਵੀਂ ਪੀੜ੍ਹੀ ਨੂੰ ਆਪਣੇ ਵਿਰਸੇ ਨਾਲ ਜੋੜਨ ਵਿੱਚ ਸਹਾਇਕ ਹੁੰਦੇ ਹਨ।



# ਮਕਾਨ ਵੇਚਣ ਦੇ ਨਾਂ 'ਤੇ 7.50 ਲੱਖ ਰੁਪਏ ਦੀ ਠੱਗੀ, ਪੁਲਿਸ ਵਲੋਂ ਮਾਮਲਾ ਦਰਜ

ਜਨ ਜਾਗਰਣ ਬਿਊਰੋ



**ਫਿਰੋਜ਼ਪੁਰ (ਪ੍ਰੇਮ ਨਾਥ ਸ਼ਰਮਾ):** ਮਕਾਨ ਵੇਚਣ ਦੇ ਨਾਂ 'ਤੇ ਬਿਆਨੇ ਵਜੋਂ 7 ਲੱਖ 50 ਹਜ਼ਾਰ ਰੁਪਏ ਲੈਣ ਅਤੇ ਬਾਅਦ ਵਿੱਚ ਉਸੇ ਮਕਾਨ ਦੀ ਰਜਿਸਟਰੀ ਕਿਸੇ ਹੋਰ ਵਿਅਕਤੀ ਦੇ ਨਾਂ ਕਰ ਦੇਣ ਦੇ ਦੋਸ਼ ਹੇਠ ਪੁਲਿਸ ਨੇ ਦੋ ਔਰਤਾਂ ਖ਼ਿਲਾਫ਼ ਧੋਖਾਧੜੀ ਦਾ ਮਾਮਲਾ ਦਰਜ ਕੀਤਾ ਹੈ। ਪੁਲਿਸ ਵੱਲੋਂ ਦਰਜ ਕੀਤੇ ਗਏ ਮਾਮਲੇ ਵਿੱਚ ਬੀ.ਐਨ.ਐਸ. ਦੀਆਂ ਧਾਰਾਵਾਂ 318(4), 61(2) ਅਤੇ ਹੋਰ ਸੰਬੰਧਤ ਧਾਰਾਵਾਂ ਤਹਿਤ ਕਾਰਵਾਈ ਕੀਤੀ ਗਈ ਹੈ। ਪੁਲਿਸ ਰਿਕਾਰਡ ਅਨੁਸਾਰ ਮੁਕੱਦਮਾ ਨੰਬਰ 142 ਮਿਤੀ 11-08-2026 ਦਰਜ ਕੀਤਾ ਗਿਆ ਹੈ। ਮਾਮਲੇ ਵਿੱਚ ਸਾਹਿਬ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਸੀ ਜੰਡ ਮਾਣੇ ਕੇ, ਥਾਣਾ ਸਦਰ ਪੱਟੀ ਵੱਲੋਂ ਦਿੱਤੀ ਗਈ ਦਰਖਾਸਤ ਅਤੇ ਕੀਤੀ ਗਈ ਪੜਤਾਲ ਦੇ ਆਧਾਰ 'ਤੇ ਕਾਰਵਾਈ ਅਮਲ ਵਿੱਚ ਲਿਆਂਦੀ ਗਈ। ਮਾਮਲੇ ਵਿੱਚ ਮੁਲਜ਼ਮ ਵਜੋਂ ਸਿਮਰਜੀਤ ਕੌਰ ਪਤਨੀ ਕਿਰਪਾਲ ਸਿੰਘ ਵਾਸੀ ਫਤਿਹਗੜ੍ਹ ਸਭਰਾ ਅਤੇ ਰਾਜ ਕੌਰ ਪਤਨੀ ਮਲੂਕ ਸਿੰਘ ਵਾਸੀ ਵਾਰਡ ਨੰਬਰ 1, ਬਸਤੀ ਕਰਤਾਰਪੁਰ, ਸੰਗਰੂਰ ਦੇ ਨਾਂ ਦਰਜ ਕੀਤੇ ਗਏ ਹਨ। ਦਰਖਾਸਤਕਰਤਾ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੋਸ਼ ਲਗਾਇਆ ਕਿ ਮਕਾਨ ਨੂੰ ਵੇਚਣ ਲਈ ਉਸ ਨਾਲ ਸੌਦਾ ਕੀਤਾ ਗਿਆ ਸੀ। ਸੌਦੇ ਤਹਿਤ ਮਕਾਨ ਦੀ ਕੀਮਤ ਤੈਅ ਕਰਕੇ ਉਸ ਵੱਲੋਂ ਬਿਆਨੇ ਦੀ ਰਕਮ ਵਜੋਂ 7,50,000 ਰੁਪਏ ਦਿੱਤੇ ਗਏ। ਬਿਆਨਾ ਲੈਣ ਤੋਂ ਬਾਅਦ ਮਕਾਨ ਦੀ ਰਜਿਸਟਰੀ ਕਰਵਾਉਣ ਲਈ ਤਰੀਕ ਵੀ ਤੈਅ ਕੀਤੀ ਗਈ ਸੀ। ਦਰਖਾਸਤਕਰਤਾ ਨੂੰ ਉਮੀਦ ਸੀ ਕਿ ਤੈਅ ਕੀਤੀ ਤਰੀਕ 'ਤੇ ਮਕਾਨ ਦੀ ਰਜਿਸਟਰੀ ਉਸਦੇ ਨਾਂ ਕਰ ਦਿੱਤੀ ਜਾਵੇਗੀ। ਸ਼ਿਕਾਇਤ ਅਨੁਸਾਰ ਬਾਅਦ ਵਿੱਚ ਮੁਲਜ਼ਮਾਂ ਨੇ ਕਥਿਤ ਤੌਰ 'ਤੇ ਆਪਸ ਵਿੱਚ ਮਿਲੀਭੁਗਤ ਕਰਕੇ ਦਰਖਾਸਤਕਰਤਾ ਨਾਲ ਕੀਤੇ ਸਮਝੌਤੇ ਦੀ ਉਲੰਘਣਾ ਕੀਤੀ ਅਤੇ ਮਕਾਨ ਦੀ ਰਜਿਸਟਰੀ ਕਿਸੇ ਹੋਰ ਵਿਅਕਤੀ ਦੇ ਨਾਂ ਕਰ ਦਿੱਤੀ। ਇਸ ਕਾਰਨ ਦਰਖਾਸਤਕਰਤਾ ਨੂੰ ਨਾ ਤਾਂ ਮਕਾਨ ਮਿਲਿਆ ਅਤੇ ਨਾ ਹੀ ਉਸ ਵੱਲੋਂ ਬਿਆਨੇ ਵਜੋਂ ਦਿੱਤੀ ਗਈ 7.50 ਲੱਖ ਰੁਪਏ ਦੀ ਰਕਮ ਵਾਪਸ ਕੀਤੀ ਗਈ। ਪੁਲਿਸ ਵੱਲੋਂ ਕੀਤੀ ਗਈ ਪੜਤਾਲ ਤੋਂ ਬਾਅਦ ਮਾਮਲੇ ਵਿੱਚ ਧੋਖਾਧੜੀ ਦੇ ਦੋਸ਼ਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਕੇਸ ਦਰਜ ਕੀਤਾ ਗਿਆ ਹੈ। ਹੁਣ ਜਾਂਚ ਅਧਿਕਾਰੀ ਵੱਲੋਂ ਸੌਦੇ ਨਾਲ ਸਬੰਧਤ ਦਸਤਾਵੇਜ਼ਾਂ, ਬਿਆਨੇ ਦੀ ਰਕਮ, ਮਕਾਨ ਦੀ ਮਲਕੀਅਤ ਅਤੇ ਰਜਿਸਟਰੀ ਨਾਲ ਸਬੰਧਤ ਰਿਕਾਰਡ ਦੀ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਇਹ ਵੀ ਪਤਾ ਲਗਾ ਰਹੀ ਹੈ ਕਿ ਮਕਾਨ ਦੀ ਰਜਿਸਟਰੀ ਕਿਸ ਵਿਅਕਤੀ ਦੇ ਨਾਂ ਕੀਤੀ ਗਈ ਅਤੇ ਇਸ ਸਬੰਧੀ ਮੁਲਜ਼ਮਾਂ ਵੱਲੋਂ ਕਿਹੜੇ ਦਸਤਾਵੇਜ਼ ਵਰਤੇ ਗਏ। ਮਾਮਲੇ ਵਿੱਚ ਅਗਲੇਰੀ ਜਾਂਚ ਜਾਰੀ ਹੈ ਅਤੇ ਪੁਲਿਸ ਵੱਲੋਂ ਤੱਥਾਂ ਦੇ ਆਧਾਰ 'ਤੇ ਅਗਲੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# ਬੰਦੀ ਸਿੰਘਾਂ ਦੀ ਰਿਹਾਈ ਲਈ ਪੰਥਕ ਜਥੇਬੰਦੀਆਂ ਇਕਜੁੱਟ ਹੋ ਕੇ ਅੱਗੇ ਆਉਣ : ਭਾਈ ਸਰਬਜੀਤ ਸਿੰਘ ਖ਼ਾਲਸਾ

## ਭਾਈ ਹਵਾਰਾ ਦੀ ਪੈਰੋਲ ਲਈ ਸਰਕਾਰ 'ਤੇ ਬਣਾਇਆ ਜਾਵੇ ਦਬਾਅ : ਜਥੇਦਾਰ ਨਛੱਤਰ ਸਿੰਘ ਢਿੱਲੋਂ

ਜਨ ਜਾਗਰਣ ਬਿਊਰੋ



**ਜੈਤੋ (ਮਨਜੀਤ ਸਿੰਘ ਢੱਲਾ):** ਅਕਾਲੀ ਦਲ ਵਾਰਿਸ ਪੰਜਾਬ ਪਾਰਟੀ ਦੇ ਸੀਨੀਅਰ ਆਗੂ ਅਤੇ ਮੈਂਬਰ ਪਾਰਲੀਮੈਂਟ ਫਰੀਦਕੋਟ ਭਾਈ ਸਰਬਜੀਤ ਸਿੰਘ ਖਾਲਸਾ ਅਤੇ ਪਾਰਟੀ ਦੇ ਜ਼ਿਲ੍ਹਾ ਫ਼ਰੀਦਕੋਟ ਪ੍ਰਧਾਨ ਜਥੇਦਾਰ ਨਛੱਤਰ ਸਿੰਘ ਢਿੱਲੋਂ ਦਬੜੀਖਾਨਾ ਨੇ ਸਾਂਝੇ ਤੌਰ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬੰਦੀ ਸਿੰਘਾਂ ਦੀ ਰਿਹਾਈ ਦੇ ਮੁੱਦੇ 'ਤੇ ਪੰਥਕ ਜਥੇਬੰਦੀਆਂ ਨੂੰ ਇਕਜੁੱਟ ਹੋ ਕੇ ਆਵਾਜ਼ ਬੁਲੰਦ ਕਰਨ ਦੀ ਅਪੀਲ ਕੀਤੀ। ਭਾਈ ਸਰਬਜੀਤ ਸਿੰਘ ਖਾਲਸਾ ਨੇ ਕਿਹਾ ਕਿ ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ ਲੰਮੇ ਸਮੇਂ ਤੋਂ ਪੰਥ ਦੀਆਂ ਭਾਵਨਾਵਾਂ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਕਿਹਾ ਕਿ ਪੰਥਕ ਜਥੇਬੰਦੀਆਂ ਨੂੰ ਆਪਸੀ ਮਤਭੇਦਾਂ ਤੋਂ ਉੱਪਰ ਉੱਠ ਕੇ ਇਸ ਮਸਲੇ 'ਤੇ ਸਾਂਝੀ ਆਵਾਜ਼ ਬਣਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਕਜੁੱਟ ਯਤਨਾਂ ਰਾਹੀਂ ਸਰਕਾਰ ਤੱਕ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਹੋਰ ਪ੍ਰਭਾਵਸ਼ਾਲੀ ਢੰਗ ਨਾਲ ਪਹੁੰਚਾਈ ਜਾ ਸਕਦੀ ਹੈ। ਜਥੇਦਾਰ ਨਛੱਤਰ ਸਿੰਘ ਢਿੱਲੋਂ ਨੇ ਕਿਹਾ ਕਿ ਭਾਈ ਜਗਤਾਰ ਸਿੰਘ ਹਵਾਰਾ ਨੂੰ ਪੈਰੋਲ 'ਤੇ ਰਿਹਾਈ ਦਿਵਾਉਣ ਲਈ ਸਰਕਾਰ 'ਤੇ ਲੋੜੀਂਦਾ ਦਬਾਅ ਬਣਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਮਸਲੇ ਲਈ ਪੰਥਕ ਜਥੇਬੰਦੀਆਂ, ਸਿੱਖ ਸੰਗਤ ਅਤੇ ਸਮਾਜ ਦੀ ਸਾਂਝੀ ਆਵਾਜ਼ ਨੂੰ ਮਜ਼ਬੂਤ ਕਰਨ ਦੀ ਲੋੜ ਹੈ। ਉਨ੍ਹਾਂ ਕਿਹਾ ਕਿ 15 ਅਗਸਤ ਨੂੰ ਚੰਡੀਗੜ੍ਹ ਵਿਖੇ ਕੌਮੀ ਇਨਸਾਫ਼ ਮੋਰਚੇ ਵਿੱਚ ਵੱਧ ਤੋਂ ਵੱਧ ਸੰਗਤ ਨੂੰ ਸ਼ਾਮਲ ਹੋ ਕੇ ਬੰਦੀ ਸਿੰਘਾਂ ਦੀ ਰਿਹਾਈ ਲਈ ਅਰਦਾਸ ਕਰਨ ਅਤੇ ਸਰਕਾਰ ਤੋਂ ਰਿਹਾਈ ਦੀ ਮੰਗ ਉਠਾਉਣੀ ਚਾਹੀਦੀ ਹੈ। ਆਗੂਆਂ ਨੇ ਕਿਹਾ ਕਿ ਪੰਥਕ ਏਕਤਾ ਅਤੇ ਸਾਂਝੇ ਉਪਰਾਲਿਆਂ ਨਾਲ ਹੀ ਇਸ ਮਸਲੇ ਨੂੰ ਹੋਰ ਮਜ਼ਬੂਤੀ ਨਾਲ ਉਠਾਇਆ ਜਾ ਸਕਦਾ ਹੈ।

# ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਆਉਣ 'ਤੇ ਹਲਕਾ ਖੇਮਕਰਨ ਦੇ ਪਿੰਡ ਜਮਾਲਪੁਰ 'ਚ ਹੋਇਆ ਤਾਬੜ ਤੋੜ ਵਿਕਾਸ: ਆਪ ਆਗੂ ਸਰਵਣ ਸਿੰਘ, ਰਣਜੀਤ ਸਿੰਘ

ਜਨ ਜਾਗਰਣ ਬਿਊਰੋ



**ਝਬਾਲ (ਪ੍ਰਗਟ ਸਿੰਘ ਸਿੱਧੂਵਾਂ):** ਪਿੰਡ ਜਮਾਲਪੁਰ:ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਕਾਰਜਕਾਲ ਦੌਰਾਨ ਹਲਕਾ ਖੇਮਕਰਨ ਦੇ ਪਿੰਡ ਜਮਾਲਪੁਰ ਵਿੱਚ ਵਿਕਾਸ ਕਾਰਜਾਂ ਨੂੰ ਵੱਡੇ ਪੱਧਰ 'ਤੇ ਹੁਲਾਰਾ ਮਿਲਿਆ ਹੈ। ਪਿੰਡ ਵਿੱਚ ਹੋਏ ਇਨ੍ਹਾਂ ਤਾਬੜ ਤੋੜ ਵਿਕਾਸ ਕਾਰਜਾਂ ਕਾਰਨ ਪਿੰਡ ਵਾਸੀਆਂ ਵਿੱਚ ਭਾਰੀ ਖ਼ੁਸ਼ੀ ਦੀ ਲਹਿਰ ਹੈ। ਇਸ ਮੌਕੇ ਪਿੰਡ ਵਾਸੀਆਂ ਵੱਲੋਂ ਹਲਕਾ ਵਿਧਾਇਕ ਸਰਵਣ ਸਿੰਘ ਧੁੰਨ ਦੇ ਵਿਸ਼ੇਸ਼ ਯਤਨਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ ਹੈ। ਪਿੰਡ ਵਾਸੀਆਂ ਨੇ ਦੱਸਿਆ ਕਿ ਸਰਕਾਰ ਦੀਆਂ ਨੀਤੀਆਂ ਤਹਿਤ ਪਿੰਡ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕੀਤਾ ਗਿਆ ਹੈ, ਜਿਸ ਵਿੱਚ ਗਲੀਆਂ-ਦਲੀਆਂ ਅਤੇ ਪੱਕੇ ਰਸਤਿਆਂ ਦਾ ਨਿਰਮਾਣ ਮੁੱਖ ਤੌਰ 'ਤੇ ਸ਼ਾਮਲ ਹੈ। ਐਮ ਐਲ ਏ ਵੱਲੋਂ ਪਿੰਡ ਦੀ ਮੰਗਤੇ ਪਿੰਡ ਦੇ ਚਾਰ ਚੁਫੇਰੇ ਵਾਲੀ ਫਿਰਨੀ ਨੂੰ ਪੱਕਿਆਂ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਪਿੰਡ ਵਿੱਚ ਜਨਤਕ ਸਹੂਲਤਾਂ ਵਿੱਚ ਵੀ ਵੱਡਾ ਸੁਧਾਰ ਦੇਖਣ ਨੂੰ ਮਿਲ ਰਿਹਾ ਹੈ। ਇਸ ਮੌਕੇ ਆਪ ਆਗੂ ਸਰਵਣ ਸਿੰਘ ਅਤੇ ਰਣਜੀਤ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਹਲਕੇ ਦੇ ਹਰ ਪਿੰਡ ਦਾ ਸਰਵਪੱਖੀ ਵਿਕਾਸ ਕਰਵਾਉਣ ਲਈ ਵਚਨਬੱਧ ਹੈ ਅਤੇ ਭਵਿੱਖ ਵਿੱਚ ਵੀ ਵਿਕਾਸ ਕਾਰਜਾਂ ਵਿੱਚ ਕੋਈ ਕਮੀ ਨਹੀਂ ਛੱਡੀ ਜਾਵੇਗੀ।

# ਸਰਕਾਰੀ ਪ੍ਰਾਇਮਰੀ ਸਕੂਲ ਵਾੜਾ ਵਰਿਆਮ ਸਿੰਘ ਵਿਚ ਤੀਆਂ ਦਾ ਰੰਗਾਰੰਗ ਸਮਾਗਮ ਕਰਵਾਇਆ

## ਪੰਜਾਬੀ ਵਿਰਸੇ, ਸੱਭਿਆਚਾਰ ਅਤੇ ਲੋਕ-ਰਿਵਾਜਾਂ ਨਾਲ ਵਿਦਿਆਰਥੀਆਂ ਨੂੰ ਜੋੜਨ ਲਈ ਕਰਵਾਇਆ ਵਿਸ਼ੇਸ਼ ਪ੍ਰੋਗਰਾਮ



ਸਰਕਾਰੀ ਪ੍ਰਾਇਮਰੀ ਸਕੂਲ ਵਾੜਾ ਵਰਿਆਮ ਸਿੰਘ ਵਿਚ ਤੀਆਂ ਤਿਉਹਾਰ ਮਨਾਉਂਦੀਆਂ ਲੜਕੀਆਂ।

ਜਨ ਜਾਗਰਣ ਬਿਊਰੋ

**ਫਿਰੋਜ਼ਪੁਰ (ਪ੍ਰੇਮ ਨਾਥ ਸ਼ਰਮਾ):** ਸਰਕਾਰੀ ਪ੍ਰਾਇਮਰੀ ਸਕੂਲ ਵਾੜਾ ਵਰਿਆਮ ਸਿੰਘ ਵਿਖੇ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਨੂੰ ਪ੍ਰਫੁੱਲਤ ਕਰਨ ਦੇ ਉਦੇਸ਼ ਨਾਲ ਤੀਆਂ ਦਾ ਰੰਗਾਰੰਗ ਸਮਾਗਮ ਬੜੇ ਉਤਸ਼ਾਹ ਅਤੇ ਖ਼ੁਸ਼ੀ ਨਾਲ ਮਨਾਇਆ ਗਿਆ। ਸਮਾਗਮ ਦਾ ਮੁੱਖ ਉਦੇਸ਼ ਨਵੀਂ ਪੀੜ੍ਹੀ ਦੇ ਵਿਦਿਆਰਥੀਆਂ ਨੂੰ ਪੰਜਾਬ ਦੇ ਅਮੀਰ ਵਿਰਸੇ, ਲੋਕ-ਰਿਵਾਜਾਂ ਅਤੇ ਸੱਭਿਆਚਾਰਕ ਪਰੰਪਰਾਵਾਂ ਨਾਲ ਜੋੜਨਾ ਸੀ। ਇਸ ਮੌਕੇ ਸਰਕਾਰੀ ਪ੍ਰਾਇਮਰੀ ਸਕੂਲ ਗੋਗੋਆਣੀ ਦੇ ਵਿਦਿਆਰਥੀਆਂ ਨੇ ਵੀ ਰਵਾਇਤੀ ਪੰਜਾਬੀ ਪਹਿਰਾਵੇ ਵਿਚ ਸਜ ਕੇ ਸਮਾਗਮ ਵਿਚ ਵੱਧ ਚੜ੍ਹ ਕੇ ਭਾਗ ਲਿਆ। ਸਕੂਲ ਦਾ ਮਾਹੌਲ ਪੰਜਾਬੀਅਤ ਦੇ ਰੰਗ ਵਿਚ ਰੰਗਿਆ ਨਜ਼ਰ ਆਇਆ। ਵਿਦਿਆਰਥੀਆਂ ਵੱਲੋਂ ਪੰਜਾਬੀ ਲੋਕ-ਗੀਤਾਂ, ਗਿੱਧੇ ਅਤੇ ਹੋਰ ਸੱਭਿਆਚਾਰਕ ਗਤੀਵਿਧੀਆਂ ਰਾਹੀਂ ਪੰਜਾਬੀ ਵਿਰਸੇ ਦੀ ਮਨਮੋਹਕ ਝਲਕ ਪੇਸ਼ ਕੀਤੀ ਗਈ। ਸਮਾਗਮ ਦੌਰਾਨ ਸਕੂਲ ਵਿਚ ਰਵਾਇਤੀ ਪੰਜਾਬੀ ਸਜਾਵਟ ਕੀਤੀ ਗਈ, ਜਿਸ ਨੇ ਸਮਾਗਮ ਦੀ ਖ਼ੂਬਸੂਰਤੀ ਨੂੰ ਹੋਰ ਵਧਾ ਦਿੱਤਾ। ਵਿਦਿਆਰਥੀਆਂ ਨੇ ਪੂਰੇ ਉਤਸ਼ਾਹ ਨਾਲ ਗਤੀਵਿਧੀਆਂ ਵਿਚ ਹਿੱਸਾ ਲੈਂਦਿਆਂ ਆਪਣੀ ਕਲਾ ਅਤੇ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਇਸ ਮੌਕੇ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ ਭੁਪਿੰਦਰ ਸਿੰਘ ਮੁੱਖ ਮਹਿਮਾਨ ਵਜੋਂ ਪਹੁੰਚੇ ਅਤੇ ਸੈਂਟਰ ਹੈੱਡ ਟੀਚਰ ਬਲਰਾਜ ਸਿੰਘ ਵਿਸ਼ੇਸ਼ ਮਹਿਮਾਨ ਰਹੇ। ਸਕੂਲ ਦੀ ਮੁੱਖ ਅਧਿਆਪਕਾ ਰੰਜੂ ਬਾਲਾ ਅਤੇ ਮੁੱਖ ਅਧਿਆਪਕਾ ਅਨੁਰਾਧਾ ਨੇ ਕਿਹਾ ਕਿ ਅਜਿਹੇ ਸੱਭਿਆਚਾਰਕ ਪ੍ਰੋਗਰਾਮ ਬੱਚਿਆਂ ਨੂੰ ਆਪਣੀਆਂ ਜੜ੍ਹਾਂ ਅਤੇ ਵਿਰਸੇ ਨਾਲ ਜੋੜਨ ਵਿਚ ਅਹਿਮ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਕਿਹਾ ਕਿ ਪੰਜਾਬੀ ਸੱਭਿਆਚਾਰ ਦੀਆਂ ਅਮੀਰ ਪਰੰਪਰਾਵਾਂ ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਣਾ ਸਾਡੀ ਸਾਂਝੀ ਜ਼ਿੰਮੇਵਾਰੀ ਹੈ। ਸਕੂਲ ਸਟਾਫ਼ ਵੱਲੋਂ ਵਿਦਿਆਰਥੀਆਂ ਨੂੰ ਉਤਸ਼ਾਹਿਤ ਕੀਤਾ ਗਿਆ ਅਤੇ ਤੀਆਂ ਦੇ ਇਸ ਸਮਾਗਮ ਨੂੰ ਯਾਦਗਾਰੀ ਬਣਾਉਣ ਲਈ ਸਹਿਯੋਗ ਦਿੱਤਾ ਗਿਆ। ਸਮਾਗਮ ਨੇ ਵਿਦਿਆਰਥੀਆਂ ਵਿਚ ਆਪਣੀ ਮਾਂ-ਬੋਲੀ, ਪੰਜਾਬੀ ਸੱਭਿਆਚਾਰ ਅਤੇ ਵਿਰਸੇ ਪ੍ਰਤੀ ਪਿਆਰ ਅਤੇ ਸਤਿਕਾਰ ਦੀ ਭਾਵਨਾ ਹੋਰ ਮਜ਼ਬੂਤ ਕੀਤੀ। ਇਸ ਮੌਕੇ ਕਮਲਜੀਤ ਸਿੰਘ, ਸੰਦੀਪ ਕੁਮਾਰ, ਸਿਮਰਜੀਤ ਕੌਰ, ਪ੍ਰਿਅੰਕਾ ਰਾਣੀ, ਜਸਵਿੰਦਰ ਸਿੰਘ, ਪਰਮਜੀਤ ਕੌਰ, ਗੁਰਜੀਤ ਕੌਰ, ਆਰਤੀ, ਰੀਨਾ, ਸੁਖਜਿੰਦਰ ਕੌਰ ਆਦਿ ਹਾਜ਼ਰ ਸਨ।

# ਆਊਟਸੋਰਸ ਕਾਮਿਆਂ ਵਲੋਂ ਪੀ.ਐਸ.ਪੀ.ਸੀ.ਐਲ. ਡਿਵੀਜ਼ਨ ਦਫ਼ਤਰ, ਸ੍ਰੀ ਮੁਕਤਸਰ ਸਾਹਿਬ 'ਚ 19ਵੇਂ ਦਿਨ ਵੀ ਧਰਨਾ ਜਾਰੀ



ਜਨ ਜਾਗਰਣ ਬਿਊਰੋ

**ਸ੍ਰੀ ਮੁਕਤਸਰ ਸਾਹਿਬ (ਅਨਮੋਲ ਸਿੰਘ ਵੜਿੰਗ):** ਤਾਲਮੇਲ ਕਮੇਟੀ ਪਾਵਰਕਾਮ-ਟਰਾਂਸਕੋ ਠੇਕਾ ਮੁਲਾਜ਼ਮ ਪੰਜਾਬ ਦੇ ਬੈਨਰ ਹੇਠ ਪੀ.ਐਸ.ਪੀ.ਸੀ.ਐਲ. ਡਿਵੀਜ਼ਨ ਦਫ਼ਤਰ, ਸ੍ਰੀ ਮੁਕਤਸਰ ਸਾਹਿਬ ਵਿਖੇ ਆਊਟਸੋਰਸ ਕਾਮਿਆਂ ਦਾ ਧਰਨਾ ਲਗਾਤਾਰ ਉਨੀਵੇਂ ਦਿਨ ਵੀ ਜਾਰੀ ਰਿਹਾ। ਧਰਨੇ ਦੀ ਅਗਵਾਈ ਕੰਪਿਊਟਰ ਓਪਰੇਟਰਾਂ ਦੇ ਸਰਕਲ ਪ੍ਰਧਾਨ ਵਰਿੰਦਰਪਾਲ ਸਿੰਘ ਅਤੇ ਸਟੋਰਾਂ ਦੇ ਮੀਤ ਪ੍ਰਧਾਨ ਅਮਰ ਸਿੰਘ ਵੱਲੋਂ ਕੀਤੀ ਗਈ। ਆਗੂਆਂ ਨੇ ਦੱਸਿਆ ਕਿ ਜਦੋਂ ਤੱਕ ਆਊਟਸੋਰਸ ਕਾਮਿਆਂ ਦੀਆਂ ਹੱਕੀ ਮੰਗਾਂ ਨਹੀਂ ਮੰਨੀਆਂ ਜਾਂਦੀਆਂ, ਉਦੋਂ ਤੱਕ ਇਹ ਸੰਘਰਸ਼ ਲਗਾਤਾਰ ਜਾਰੀ ਰਹੇਗਾ। ਧਰਨੇ ਵਿੱਚ ਸਟੋਰਾਂ ਦੇ ਸਾਥੀਆਂ, ਕੰਪਿਊਟਰ ਆਪਰੇਟਰਾਂ ਵਲੋਂ ਭਰਵੀਂ ਸ਼ਮੂਲੀਅਤ ਕੀਤੀ। ਇਸ ਮੌਕੇ ਸਾਥੀਆਂ ਵਲੋਂ ਇਹ ਵੀ ਦੱਸਿਆ ਗਿਆ। ਪੰਜਾਬ ਸਰਕਾਰ ਵਲੋਂ 65000 ਕਾਮਿਆਂ ਨੂੰ ਪੱਕੇ ਕਰਨ ਸਬੰਧੀ ਵਿਧਾਨ ਸਭਾ ਵਿੱਚ ਬਿੱਲ ਪਾਸ ਕਰਨ ਦਾ ਲਾਰਾ ਲਾ ਕੇ ਰੱਖਿਆ ਗਿਆ ਸੀ। ਹੁਣ ਵਿਧਾਨ ਸਭਾ ਦੇ ਚੱਲ ਰਹੇ ਸ਼ੈਸ਼ਨ ਵਿੱਚ ਮਿਤੀ 10-08-2026 ਨੂੰ ਪੰਜਾਬ ਸਰਕਾਰ ਵਲੋਂ 65000 ਦੀ ਜਗਾ ਸਿਰਫ 28000 ਕਾਮਿਆਂ ਨੂੰ ਪੱਕਾ ਕਰਨ ਸਬੰਧੀ ਬਿੱਲ ਪਾਸ ਕੀਤਾ ਗਿਆ। ਜਿਸ ਵਿੱਚ ਪੀਐੱਸਪੀਸੀਐੱਲ ਦੇ ਐਮਰਜੰਸੀ ਸੇਵਾਵਾਂ ਨਿਭਾ ਰਹੇ ਕਾਮਿਆਂ ਨੂੰ ਮਹਿਕਮੇ ਦੇ ਕੰਟਰੈਕਟ ਲੈਣ ਸੰਬੰਧੀ ਗੱਲ ਕੀਤੀ ਗਈ। ਜਦਕਿ ਕੇ ਬਿਜਲੀ ਵਿਭਾਗ ਵਿੱਚ ਆਊਟ ਸੋਰਸ ਰਾਹੀਂ ਹੋਰ ਅਨੇਕਾਂ ਕੈਟਾਗਰੀਆਂ ਨੂੰ ਭਰਤੀ ਕੀਤਾ ਹੋਇਆ ਹੈ। ਜਿਵੇਂ ਕਿ ਕੰਪਿਊਟਰ ਓਪਰੇਟਰ, ਸੇਵਾਦਾਰ ਡਰਾਈਵਰ ਅਤੇ ਸਟੋਰਾਂ ਦੇ ਵਰਕਰ ਵੀ ਹਨ ਜੋ ਪਿਛਲੇ 12-15 ਸਾਲਾ ਤੋਂ ਆਪਣੀਆਂ ਸੇਵਾਵਾਂ ਲਗਾਤਾਰ ਨਿਭਾ ਰਹੇ ਹਨ ਵਲੋਂ ਇਸ ਬਿੱਲ ਦੀ ਸਖ਼ਤ ਨਖੇਧੀ ਕੀਤੀ ਗਈ' ਧਰਨੇ ਵਿੱਚ ਸ਼ਾਮਲ ਸਾਥੀਆਂ ਸੰਦੀਪ ਸਿੰਘ, ਦਰਸ਼ਨ ਸਿੰਘ, ਜੈਤਿੰਦਰ ਕੁਮਾਰ ਅਤੇ ਰਾਹੁਲ ਕੁਮਾਰ ਵਲੋਂ ਦੱਸਿਆ ਗਿਆ ਕੇ ਜੇ ਕਰ ਪੰਜਾਬ ਸਰਕਾਰ ਵੱਲੋਂ ਪਾਲਸੀ ਤੋਂ ਬਾਹਰ ਰੱਖੇ ਗਏ ਕਾਮਿਆਂ ਨੂੰ ਪਾਲਸੀ ਅਧੀਨ ਕਰਕੇ ਪੱਕਾ ਨਹੀਂ ਕੀਤਾ ਜਾਂਦਾ ਤਾਂ ਜਥੇਬੰਧੀਆ ਵਲੋਂ ਚੱਲ ਰਹੇ ਸ਼ੰਘਰਸ਼ ਨੂੰ ਹੋਰ ਤਿੱਖਾ ਕੀਤਾ ਜਾਵੇਗਾ ਜਿਸਦੀ ਸਾਰੀ ਜ਼ੁੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।

# ਸਰਕਾਰੀ ਸੇਵਾ ਮੁਕਤ ਕਰਮਚਾਰੀ ਜਥੇਬੰਦੀ ਦੀ ਮੀਟਿੰਗ ਹੋਈ

## ਮੀਟਿੰਗ ਵਿਚ ਮੰਗਾਂ ਨੂੰ ਲੈ ਕੇ ਕੀਤਾ ਵਿਚਾਰ ਵਟਾਂਦਰਾ

ਜਨ ਜਾਗਰਣ ਬਿਊਰੋ

**ਫਿਰੋਜ਼ਪੁਰ (ਪ੍ਰੇਮ ਨਾਥ ਸ਼ਰਮਾ):** ਸਰਕਾਰੀ ਸੇਵਾ ਮੁਕਤ ਕਰਮਚਾਰੀ ਜਥੇਬੰਦੀ ਦੀ ਮੀਟਿੰਗ ਬੂਟਾ ਰਾਮ ਰਿਟਾਰਇਡ ਬੀਓ ਦੀ ਅਗਵਾਈ ਵਿਚ ਫਾਰਮ ਹਾਊਸ (ਸ਼ੈਲਰ) ਵਿਖੇ ਹੋਈ। ਜਿਸ ਵਿਚ ਲਗਭਗ ਸੇਵਾ ਮੁਕਤ ਕਰਮਚਾਰੀ ਇਕੱਤਰ ਹੋਏ। ਮੀਟਿੰਗ ਵਿਚ ਪੈਨਸ਼ਨਰ ਸਾਥੀਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਡੀਏ ਦੀਆਂ ਕਿਸ਼ਤਾਂ ਦਾ ਬਕਾਇਆ ਜਾਰੀ ਕੀਤਾ ਜਾਵੇ। ਇਸ ਤੋਂ ਇਲਾਵਾ 7 ਅਗਸਤ ਨੂੰ ਲਾ ਮਿਸਾਲ ਰੈਲੀ ਵਿਚ ਸ਼ਮੂਲੀਅਤ ਸੰਘਰਸ਼ੀ ਯੋਧਿਆ ਨੂੰ ਸਲਾਮ ਕੀਤਾ। ਮੀਟਿੰਗ ਵਿਚ ਪੈਨਸ਼ਨਰ ਯੂਨੀਅਨ ਨੇ ਮੈਡੀਕਲ ਵਿਦਿਆਰਥੀਆਂ ਦੀਆਂ ਜ਼ਿਆਦਾ ਫੀਸਾਂ ਵਧਾਉਣ ਜ਼ੋਰਦਾਰ ਵਿਰੋਧ ਕੀਤਾ ਤੇ ਇਸ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ। ਇਹ ਫੈਸਲਾ ਵਾਪਸ ਲਿਆ ਜਾਵੇ। ਮੀਟਿੰਗ ਵਿਚ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਮੈਡੀਕਲ ਭੱਤਾ 2000 ਰੁਪਏ ਮਹੀਨੇ ਕੀਤਾ ਜਾਵੇ। ਬਜ਼ੁਰਗ ਪੈਨਸ਼ਨਰ ਸਾਥੀਆਂ ਨੇ 7 ਅਗਸਤ ਨੂੰ ਮੁਜਾਹਰਾਕਾਰੀਆਂ ਤੇ ਪਾਣੀ ਦੀਆਂ ਬੁਛਾੜਾਂ ਤੇ ਲਾਠੀਆਂ ਮਾਰਨ ਦੀ ਮੁੱਖ ਮੰਤਰੀ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ। ਰੈਲੀ ਦੀ ਇਕੱਤਰਤਾ ਤੋਂ ਸਰਕਾਰ ਨੂੰ ਸਬਕ ਸਿੱਖਣਾਂ ਚਾਹੀਦਾ ਤੇ ਮੰਗਾਂ ਪੂਰੀਆਂ ਕਰਨੀਆਂ ਚਾਹੀਦੀਆਂ ਹਨ। ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਨਾਇਬ ਸਿੰਘ ਬਰਾੜ, ਮਲਕੀਤ ਸਿੰਘ, ਹਰਜੀਤ ਸਿੰਘ ਬੇਦੀ, ਗੁਰਬਚਨ ਸਿੰਘ ਭਾਊ, ਸੂਬਾ ਸਿੰਘ ਭੁੱਲਰ, ਬਨਾਰਸੀ ਦਾਸ, ਦਰਸ਼ਨ ਲਾਲ ਬਜਾਜ, ਸ਼ਿਵਦੇਵ ਸਿੰਘ, ਪ੍ਰਾਣ ਨਾਥ, ਕਰਮ ਸਿੰਘ ਸ਼ਾਮਲ ਸਨ।


CSB Bank
Trusted Heritage Smart Future

**ਗਿਰਵੀ ਰੱਖੇ ਸੋਨੇ ਦੇ ਗਹਿਣਿਆਂ ਦੀ ਨਿਲਾਮੀ ਬਾਰੇ ਜਨਤਕ ਨੋਟਿਸ**

ਖਾਸ ਤੌਰ 'ਤੇ ਕਰਜ਼ਾ ਲੈਣ ਵਾਲਿਆਂ ਅਤੇ ਆਮ ਤੌਰ 'ਤੇ ਦਿਲਚਸਪੀ ਰੱਖਣ ਵਾਲੇ ਬੋਲੀਕਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬੈਂਕ ਦੁਆਰਾ ਜਾਰੀ ਕੀਤੇ ਗਏ ਭੁਗਤਾਨ ਨੋਟਿਸ ਅਤੇ ਵਾਪਸੀ/ਨਿਲਾਮੀ ਨੋਟਿਸ ਦੇ ਬਾਵਜੂਦ ਉਧਾਰ ਲੈਣ ਵਾਲਿਆਂ ਦੁਆਰਾ ਬੈਂਕਾਂ ਦੀ ਬਕਾਇਆ ਰਕਮ ਦੀ ਅਦਾਇਗੀ ਨਾ ਕਰਨ ਦੇ ਕਾਰਨ, ਸਬੰਧਤ ਉਧਾਰ ਲੈਣ ਵਾਲਿਆਂ ਦੁਆਰਾ ਬੈਂਕ ਸੁਰੱਖਿਆ ਨਾਲ ਗਿਰਵੀ ਰੱਖੇ ਗਏ ਸੋਨੇ ਦੇ ਗਹਿਣੇ **29 ਅਗਸਤ 2026 ਨੂੰ ਸਵੇਰੇ 10.30 ਵਜੇ** ਸ਼ਾਖਾ ਦੇ ਅਹਾਤੇ ਵਿੱਚ 'ਜਿਵੇਂ ਹੈ, ਜਿੱਥੇ ਹੈ' ਅਤੇ 'ਨਾਨ-ਰਿਕੋਰਸ' 'ਤੇ ਜਨਤਕ ਨਿਲਾਮੀ ਵਿੱਚ ਵੇਚੇ ਜਾਣਗੇ। ਬੈਂਕ ਦੇ ਨੋਟਿਸ ਬੋਰਡ 'ਤੇ ਪ੍ਰਕਾਸ਼ਿਤ ਹੋਣ 'ਤੇ ਬੈਂਕ ਦੇ ਫੈਸਲੇ 'ਤੇ ਨਿਲਾਮੀ ਨੂੰ ਬਾਅਦ ਦੀ ਕਿਸੇ ਵੀ ਹੋਰ ਮਿਤੀ ਤੱਕ ਮੁਲਤਵੀ ਕੀਤਾ ਜਾ ਸਕਦਾ ਹੈ। ਉਧਾਰ ਲੈਣ ਵਾਲਿਆਂ ਨੂੰ ਇਸ ਦੁਆਰਾ ਅੱਗੇ ਸੂਚਿਤ ਕੀਤਾ ਜਾਂਦਾ ਹੈ ਕਿ ਸੋਨੇ ਦੇ ਗਹਿਣਿਆਂ ਦਾ ਨਿਪਟਾਰਾ ਜਨਤਕ ਨਿਲਾਮੀ/ਈ-ਨਿਲਾਮੀ ਦੁਆਰਾ ਕੀਤਾ ਜਾਵੇਗਾ, ਜੇਕਰ ਨਿਲਾਮੀ ਸਫਲ ਨਹੀਂ ਹੁੰਦੀ ਹੈ ਅਤੇ ਜੇਕਰ ਉਸ ਤੋਂ ਬਾਅਦ ਹੋਰ ਬਕਾਇਆ ਰਕਮ ਦੀ ਵਸੂਲੀ ਕਰਨੀ ਪੈਂਦੀ ਹੈ, ਤਾਂ ਬੈਂਕ ਨੂੰ ਬਕਾਇਆ ਰਕਮ ਦੀ ਵਸੂਲੀ ਲਈ ਉਧਾਰ ਲੈਣ ਵਾਲੇ/ਉਧਾਰ ਲੈਣ ਵਾਲਿਆਂ ਵਿਰੁੱਧ ਕਾਨੂੰਨੀ ਕਾਰਵਾਈ ਸ਼ੁਰੂ ਕੀਤੀ ਜਾਵੇਗੀ। 'ਮ੍ਰਿਤਕ ਉਧਾਰ ਲੈਣ ਵਾਲੇ ਦੇ ਮਾਮਲੇ ਵਿੱਚ, ਸਾਰੀਆਂ ਸ਼ਰਤਾਂ ਕਾਨੂੰਨੀ ਵਾਰਸਾਂ 'ਤੇ ਲਾਗੂ ਹੋਣਗੀਆਂ।'

| ਲੜੀ ਨੰ. | ਨਿਲਾਮੀ ਕੇਂਦਰ | ਖਾਤਾ ਨਾਮ | ਕਲਾਇੰਟ ਆਈਡੀ | ਖਾਤੇ ਦੀ ਗਿਣਤੀ | ਬਾਲ. ਆਊਟਸਟਨ 10-08-2026 ਤੱਕ ਜਿਵੇਂ ਕਿ | ਭਾਰ (ਗ੍ਰਾਮ) |
|---|---|---|---|---|---|---|
| 1 | ਚੰਡੀਗੜ੍ਹ | ਸਰੋਜ ਕੁਮਾਰੀ | 04879914 | 001 | 3,84,753.44 | 34.50 |
| 2 | ਜਲੰਧਰ | ਰਿਸ਼ੀ ਸ਼ਰਮਾ | 07726115 | 001 | 1,70,289.75 | 42.14 |
| 3 | ਜਲੰਧਰ | ਯਸ਼ ਕਰਨ ਮਲਹੋਤਰਾ | 05049432 | 001 | 55,189.47 | 9.80 |
| 4 | ਫਗਵਾੜਾ | ਪਰਦੀਪ ਕੁਮਾਰ | 02983927 | 002 | 9,19,351.38 | 97.80 |
| 5 | ਜਲੰਧਰ 2-ਐਸਯੂਐਸ ਨਗਰ | ਯਸ਼ ਕਰਨ ਮਲਹੋਤਰਾ | 05049432 | 001 | 60,258.08 | 16.00 |
| 6 | ਮੋਹਾਲੀ | ਗੁਰਪ੍ਰੀਤ ਸਿੰਘ | 07849177 | 001 | 1,73,353.80 | 22.26 |
| 7 | ਮੋਹਾਲੀ | ਕਮਲਪ੍ਰੀਤ ਸਿੰਘ | 10178647 | 001 | 1,26,704.56 | 13.28 |
| 8 | ਅੰਮ੍ਰਿਤਸਰ | ਚੇਤਨਾ | 07695321 | 001 | 5,36,733.33 | 79.36 |
| 9 | ਅੰਮ੍ਰਿਤਸਰ | ਜਸਵਿੰਦਰ ਕੌਰ | 10115186 | 001 | 4,92,721.46 | 59.32 |

ਵਧੇਰੇ ਜਾਣਕਾਰੀ/ਖਾਤਾ ਵਾਰ ਜਾਣਕਾਰੀ ਲਈ ਕਰਜ਼ਾ ਲੈਣ ਵਾਲੇ/ਦਿਲਚਸਪੀ ਰੱਖਣ ਵਾਲੇ ਬੋਲੀਕਾਰ ਸਬੰਧਤ ਸ਼ਾਖਾਵਾਂ ਨਾਲ ਸੰਪਰਕ ਕਰ ਸਕਦੇ ਹਨ ਅਤੇ ਨਿਲਾਮੀ ਵਿੱਚ ਹਿੱਸਾ ਲੈ ਸਕਦੇ ਹਨ।

ਚੰਡੀਗੜ੍ਹ + ਪੰਜਾਬ
13.08.2026
ਸਹੀ/-
ਅਧਿਕਾਰਤ ਅਧਿਕਾਰੀ, ਸੀਐਸਬੀ ਬੈਂਕ



HDFC BANK
We understand your world

ਰਜਿਸਟਰਡ ਦਫ਼ਤਰ: ਐਚਡੀਐਫਸੀ ਬੈਂਕ ਹਾਊਸ, ਸੈਨਾਪਤੀ ਬਾਪਟ ਮਾਰਗ, ਲੋਅਰ ਪਰੇਲ (ਪੱਛਮ) ਮੁੰਬਈ - 400013 ਅਤੇ ਇਸਦਾ ਦਫ਼ਤਰ
ਐਚਡੀਐਫਸੀ ਬੈਂਕ ਲਿਮਟਿਡ ਵਿਖੇ ਰਿਟੇਲ ਪੋਰਟਫੋਲੀਓ ਪ੍ਰਬੰਧਨ, ਪਹਿਲੀ ਮੰਜ਼ਿਲ, ਆਈ-ਥਿੰਕ ਟੈਕਨੋ ਕੈਂਪਸ ਕੰਜੁਰਮਾਰਗ (ਪੂਰਬ), ਮੁੰਬਈ - 400042

**ਐਚਡੀਐਫਸੀ ਬੈਂਕ ਲਿਮਟਿਡ ਨੂੰ ਗਿਰਵੀ ਰੱਖੀਆਂ ਗਈਆਂ ਪ੍ਰਤੀਭੂਤੀਆਂ ਦੀ ਵਿਕਰੀ ਲਈ ਵਿਕਰੀ ਦੀ ਸੂਚਨਾ ਅਤੇ ਨੋਟਿਸ**

ਐਚਡੀਐਫਸੀ ਬੈਂਕ ਲਿਮਟਿਡ (÷ਬੈਂਕ÷) ਦੇ ਹੇਠਾਂ ਦੱਸੇ ਗਏ ਉਧਾਰ ਲੈਣ ਵਾਲਿਆਂ ਨੂੰ ਬੈਂਕ ਨੂੰ ਗਿਰਵੀ ਰੱਖੀਆਂ ਗਈਆਂ ਪ੍ਰਤੀਭੂਤੀਆਂ ਦੀ ਵਿਕਰੀ ਬਾਰੇ ਸੂਚਿਤ ਕੀਤਾ ਜਾਂਦਾ ਹੈ, ਪ੍ਰਤੀਭੂਤੀਆਂ ਦੇ ਵਿਰੁੱਧ ਕਰਜ਼ਿਆਂ/ਓਵਰਡਰਾਫਟ ਦੀ ਪ੍ਰਕਿਰਤੀ ਵਿੱਚ ਕ੍ਰੈਡਿਟ ਸਹੂਲਤਾਂ ਪ੍ਰਾਪਤ ਕਰਨ ਲਈ।
ਕਰਜ਼ਦਾਰਾਂ ਦੁਆਰਾ ਸਹਿਮਤ ਕਰਜ਼ਿਆਂ/ਸਹੂਲਤਾਂ ਦੀਆਂ ਸ਼ਰਤਾਂ ਅਨੁਸਾਰ ਬਕਾਇਆ ਬਕਾਏ ਦੀ ਅਦਾਇਗੀ ਕਰਨ ਵਿੱਚ ਲਗਾਤਾਰ ਡਿਫਾਲਟ ਹੋਣ ਕਾਰਨ, ਹੇਠਾਂ ਦਿੱਤੇ ਕਰਜ਼ਿਆਂ/ਸਹੂਲਤਾਂ ਖਾਤੇ ਬਕਾਇਆ ਸਥਿਤੀ ਵਿੱਚ ਹਨ ਜਾਂ NPA (ਗੈਰ-ਪ੍ਰਦਰਸ਼ਨ ਕਰਨ ਵਾਲੀ ਸੰਪਤੀ) ਵਜੋਂ ਸ਼੍ਰੇਣੀਬੱਧ ਕੀਤੇ ਗਏ ਹਨ। ਬੈਂਕ ਨੇ ਇਹਨਾਂ ਉਧਾਰ ਲੈਣ ਵਾਲਿਆਂ ਨੂੰ ਕਈ ਨੋਟਿਸ/ਕਰਜ਼ਾ ਵਾਪਸ ਲੈਣ ਦਾ ਨੋਟਿਸ ਜਾਰੀ ਕੀਤਾ ਹੈ, ਜਿਸ ਵਿੱਚ ਹੇਠਾਂ ਦੱਸੀ ਗਈ ਮਿਤੀ 'ਤੇ ਅੰਤਿਮ ਵਿਕਰੀ ਨੋਟਿਸ ਸ਼ਾਮਲ ਹੈ ਜਿਸ ਵਿੱਚ, ਬੈਂਕ ਨੇ ਗਿਰਵੀ ਰੱਖਣ ਦੀ ਮੰਗ ਕੀਤੀ ਸੀ ਅਤੇ ਉਧਾਰ ਲੈਣ ਵਾਲੇ ਨੂੰ ਹੇਠਾਂ ਦਿੱਤੇ ਖਾਤਿਆਂ ਵਿੱਚ ਪੂਰੇ ਬਕਾਇਆ ਬਕਾਏ ਦੀ ਅਦਾਇਗੀ ਕਰਨ ਲਈ 7 ਦਿਨਾਂ ਦਾ ਸਮਾਂ ਦਿੱਤਾ ਸੀ, ਅਜਿਹਾ ਨਾ ਕਰਨ 'ਤੇ, ਬੈਂਕ ਇਸ ਸਬੰਧ ਵਿੱਚ ਹੋਰ ਨੋਟਿਸ ਜਾਰੀ ਕੀਤੇ ਬਿਨਾਂ ਗਿਰਵੀ ਰੱਖੀਆਂ ਗਈਆਂ ਪ੍ਰਤੀਭੂਤੀਆਂ ਵੇਚਣ ਦੀ ਆਜ਼ਾਦੀ ਰੱਖਦਾ ਹੈ।
ਕਰਜ਼ਦਾਰਾਂ ਨੇ ਅਣਗਹਿਲੀ ਕੀਤੀ ਹੈ ਅਤੇ ਬਕਾਇਆ ਅਦਾਇਗੀ ਕਰਨ ਵਿੱਚ ਅਸਫਲ ਰਹੇ ਹਨ, ਇਸ ਲਈ, ਬੈਂਕ ਨੇ ਕਰਜ਼ ਸਮਝੌਤੇ ਦੇ ਤਹਿਤ ਆਪਣੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਇੱਕ ਗਿਰਵੀਦਾਰ ਵਜੋਂ **20 ਅਗਸਤ 2026** ਨੂੰ ਜਾਂ ਇਸ ਤੋਂ ਬਾਅਦ ਪ੍ਰਤੀਭੂਤੀਆਂ ਨੂੰ ਵੇਚਣ / ਨਿਪਟਾਉਣ ਦਾ ਫੈਸਲਾ ਕੀਤਾ ਹੈ ਤਾਂ ਜੋ ਕਰਜ਼ਦਾਰਾਂ ਦੁਆਰਾ ਬੈਂਕ ਨੂੰ ਬਕਾਇਆ ਬਕਾਇਆ ਰਕਮ ਦੀ ਵਸੂਲੀ ਕੀਤੀ ਜਾ ਸਕੇ। ਉਧਾਰ ਲੈਣ ਵਾਲਿਆਂ ਨੂੰ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਇਸਨੂੰ ਭਾਰਤੀ ਇਕਰਾਰਨਾਮਾ ਐਕਟ, 1872 ਦੀ ਧਾਰਾ 176 ਦੀ ਪਾਲਣਾ ਵਿੱਚ ਵਿਕਰੀ ਦੇ ਨੋਟਿਸ ਵਜੋਂ ਮੰਨਣ। ਉਧਾਰ ਲੈਣ ਵਾਲਿਆਂ ਨੂੰ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ, ਜੇਕਰ ਕਿਸੇ ਵੀ ਸਮੇਂ, ਗਿਰਵੀ ਪ੍ਰਤੀਭੂਤੀਆਂ ਦਾ ਮੁੱਲ ਸਟਾਕ ਮਾਰਕੀਟ ਵਿੱਚ ਅਸਥਿਰਤਾ ਦੇ ਕਾਰਨ ਹੋਰ ਡਿੱਗਦਾ ਹੈ ਤਾਂ ਜੋ ਮਾਰਜਿਨ ਦੀ ਜ਼ਰੂਰਤ ਵਿੱਚ ਹੋਰ ਕਮੀ ਪੈਦਾ ਹੋ ਸਕੇ, ਤਾਂ ਬੈਂਕ ਆਪਣੇ ਵਿਵੇਕ ਅਨੁਸਾਰ ਇੱਕ (1) ਕੈਲੰਡਰ ਦਿਨ ਦੇ ਅੰਦਰ ਗਿਰਵੀ ਪ੍ਰਤੀਭੂਤੀਆਂ ਨੂੰ ਵੇਚ ਦੇਵੇਗਾ, ਇਸ ਸਬੰਧ ਵਿੱਚ ਕੋਈ ਹੋਰ ਨੋਟਿਸ ਦਿੱਤੇ ਬਿਨਾਂ। ਗਿਰਵੀ ਪ੍ਰਤੀਭੂਤੀਆਂ ਦੀ ਵਿਕਰੀ ਤੋਂ ਪ੍ਰਾਪਤ ਹੋਣ ਵਾਲੀ ਆਮਦਨ ਦੇ ਸਮਾਯੋਜਨ ਤੋਂ ਬਾਅਦ, ਕਿਸੇ ਵੀ ਬਾਕੀ ਬਕਾਇਆ ਰਕਮ ਦੀ ਅਦਾਇਗੀ ਲਈ ਕਰਜ਼ਦਾਰ ਬੈਂਕ ਪ੍ਰਤੀ ਜ਼ਿੰਮੇਵਾਰ ਰਹੇਗਾ।

| ਸ. ਨੰ. | ਕਰਜ਼ਾ ਖਾਤਾ ਨੰਬਰ | ਕਰਜ਼ਾ ਲੈਣ ਵਾਲੇ ਦਾ ਨਾਮ | 10 ਅਗਸਤ 2026 ਨੂੰ ਬਕਾਇਆ ਰਕਮ | ਵਿਕਰੀ ਦੀ ਮਿਤੀ ਨੋਟਿਸ |
|---|---|---|---|---|
| 1 | XXXXXXXXXX8785 | ਦਲਜੀਤ ਸਿੰਘ | 1,00,182.53 | 11-08-2026 |
| 2 | XXXXXXXXXX0011 | ਰਾਜਨ ਮਹਿਤਾ | 10,01,190.28 | 11-08-2026 |
| 3 | XXXXXXXXXX0222 | ਜੇ. ਕਿਸ਼ੋਰ ਐਕਸਪਰਟ | 1,14,532.49 | 03-07-2026 |
| 4 | XXXXXXXXXX6131 | ਰਜਨੀ ਸ਼ਰਮਾ | 2,27,110.62 | 11-08-2026 |
| 5 | XXXXXXXXXX6584 | ਅਜੇ ਕੁਮਾਰ | 46,86,894.25 | 11-08-2026 |

ਮਿਤੀ : 13.08.2026 ਸਥਾਨ : ਪੰਜਾਬ ਸਹੀ/- ਐਚਡੀਐਫਸੀ ਬੈਂਕ ਲਿਮਟਿਡ



**ਉੱਤਰ ਰੇਲਵੇ**

**ਟੈਂਡਰ ਸੂਚਨਾ**

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਇਲੈਕਿਟ੍ਰਕ ਲੋਕੋ ਸ਼ੇਡ, ਉੱਤਰ ਰੇਲਵੇ, ਲੁਧਿਆਣਾ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਈ-ਟੈਂਡਰਾ ਨੰ: 2026-27-05 ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਅਪਣੇ ਮੂਲ/ਸੰਸ਼ੋਧਿਤ ਟੈਂਡਰ ਮਿਤੀ **05.09.2026 ਨੂੰ 14.00 ਵਜੇ** ਤਕ ਪੇਸ਼ ਕਰ ਸਕਦੇ ਹਨ। ਇਨ੍ਹਾਂ ਟੈਂਡਰਾਂ ਦੇ ਲਈ ਮੈਨੂੰਅਲ ਪ੍ਰਸਤਾਵ ਮਾਨਯ ਨਹੀਂ ਹੈ ਅਤੇ ਐਸੇ ਕਿਸੀ ਵੀ ਮੈਨੂੰਅਲ ਪ੍ਰਾਪਤ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਟੈਂਡਰਕਰਤਾ ਟੈਂਡਰ ਪ੍ਰਪੱਤਰ ਦੀ ਲਾਗਤ ਅਤੇ ਬਿਆਨਾ ਰਾਸ਼ੀ ਦੇ ਭੁਗਤਾਨ ਕਰਨ ਦੇ ਲਈ ਕੇਵਲ ਆਈ.ਆਰ.ਈ.ਪੀ.ਐਸ. ਪੋਰਟਲ ਉਤੇ ਉਪਲਬਧ ਆਨਲਾਈਨ ਸਾਧਨਾਂ ਦੇ ਦੁਆਰਾ ਜਿਸ ਤਰ੍ਹਾਂ ਨੇਟ ਬੈਕਿੰਗ, ਡੇਬਿਟ ਕਾਰਡ ਤੇ ਕ੍ਰੇਡਿਟ ਕਾਰਡ ਤੋਂ ਭੁਗਤਾਨ ਕਰ ਸਕਦੇ ਹਨ।

| | |
|---|---|
| **ਟੈਂਡਰ ਨੰਬਰ :** 2026-27-05 | |
| **ਕੰਮਾਂ ਦਾ ਵੇਰਵਾ :** ਲੁਧਿਆਣਾ ਦੇ ਇਲੈਕਿਟ੍ਰਕ ਲੋਕੋ ਸ਼ੇਡ ਵਿਚ EOT ਗੈਨਟਰੀ ਰੇਲਸ ਓ ਜ਼ਰੂਰੀ ਫਾਸਟਰਨਸ ਨੂੰ ਹਟਾਣਾ, ਅਲਾਈਨਮੈਂਟ ਕਰਨਾ, ਗੇਜ ਠੀਕ ਕਰਨਾ ਅਤੇ ਉਨ੍ਹਾਂ ਨੂੰ ਲਗਾਣਾ। | |
| **ਅਨੁਮਾਨਿਤ ਲਾਗਤ :** ਰੁ: 35,51,656/- | |
| **ਟੈਂਡਰ ਦੀ ਕੀਮਤ :** ਰੁ: 0 | |
| **ਟੈਂਡਰ ਪੂਰਾ ਕਰਨ ਦੀ ਮਿਤੀ ਅਤੇ ਸਮਾਂ :** 05.09.2026, 14:00 ਵਜੇ ਤਕ | |
| **ਬਿਆਨਾ ਰਾਸ਼ੀ :** ਰੁ: 71,000/- | |
| **ਕੰਮ ਦਾ ਸਮਾਂ :** 06 ਮਹੀਨੇ | |
| **ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ :** 05.09.2026, 14:00 ਵਜੇ ਦੇ ਬਾਦ | |
| **ਵੈੱਬਸਾਈਟ :** www.ireps.gov.in | |

ਨੰ: 230-Elect/TRS/LDH/WC/EOT Gantry/2026-27/05 ਮਿਤੀ :12.08.2026 2789/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ



**ਉੱਤਰ ਰੇਲਵੇ**

**ਈ-ਟੈਂਡਰ ਸੂਚਨਾ**

ਸੀਨੀਅਰ ਡਵੀਜਨ ਸਾਕੇਤ ਅਤੇ ਦੂਰਸੰਚਾਰ ਇੰਜੀਨੀਅਰ, ਉੱਤਰ ਰੇਲਵੇ, ਫ਼ਿਰੋਜ਼ਪੁਰ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਟੈਂਡਰ ਨੰ: 433-ਸਿੰਗ-ਟੀ-35-26-27 ਈ-ਟੈਂਡਰਿੰਗ ਦੁਆਰਾ ਤੋਂ ਮਿਤੀ **02.09.2026 ਨੂੰ 15.00 ਵਜੇ ਤਕ https://www.ireps.gov.in ਵੇਬਸਾਈਟ ਉਤੇ** ਟੈਂਡਰਾਂ ਮੰਗ ਕੀਤੀ ਜਾਂਦੀ ਹੈ। ਟੈਂਡਰਕਰਤਾ ਅਪਣੀ ਟੈਂਡਰਾਂ ਅਸਲੀ/ਸੰਸ਼ੋਧਿਤ ਨਿਸ਼ਚਿਤ ਕੀਤੇ ਗਏ ਸਮੇਂ ਅਤੇ ਮਿਤੀ ਤਕ ਜ਼ਰੂਰ ਜਮਾਂ ਕਰਵਾਏ। ਇਸ ਟੈਂਡਰ ਦੇ ਤਹਿਤ ਮੈਨੂਅਲ ਟੈਂਡਰ ਵਰਜਿਤ ਹੈ ਅਤੇ ਜੇਕਰ ਕੋਈ ਮੈਨੂਅਲ ਟੈਂਡਰ ਪ੍ਰਾਪਤ ਹੋਵੇਗੀ ਤਾਂ ਉਹ ਮਾਨਯ ਨਹੀਂ ਹੋਵੇਗੀ। ਠੇਕੇਦਾਰਾਂ ਦੁਵਾਰਾ ਟੈਂਡਰ ਡਾਕਯੂਮੈਂਟ ਦੀ ਕੀਮਤ ਅਤੇ ਬਿਆਨਾ ਰਾਸ਼ੀ ਜੋਕਿ ਇਸ ਟੈਂਡਰ ਦੇ ਲਈ ਮਾਨਯ ਹੈ ਉਹ ਕੇਵਲ ਆਈਆਰਈਪੀਐਸ ਪੋਰਟਲ ਜਿਸ ਤਰ੍ਹਾਂ ਕਿ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਆਦਿ ਦੁਵਾਰਾ ਹੀ ਸਵੀਕਾਰ ਕੀਤੀ ਜਾਵੇਗੀ ਇਸਦੇ ਅਤਿਰਿਕਤ ਡਿਮਾਂਡ ਡਰਾਫਟ, ਬੈਂਕਰ ਚੈਂਕ, ਡਿਪੋਜਿਟ ਰਸੀਦ, ਐਫਡੀਆਰ ਆਦਿ ਦੇ ਦੁਵਾਰਾ ਜਮਾਂ ਕਰਵਾਈ ਗਈ ਰਾਸ਼ੀ ਮਾਨਯ ਨਹੀਂ ਹੋਵੇਗੀ।

| | | | |
|---|---|---|---|
| **ਕੰਮ ਦਾ ਨਾਮ** | (i) ਫ਼ਿਰੋਜ਼ਪੁਰ ਡਵੀਜਨ ਦੇ ਸਬੰਧ ਵਿਚ S&T ਦਾ ਕੰਮ - TTR(FS+TWS+WCMSC) - 54 ਸੇਟ, TTR(TWS) - 4 ਸੇਟ, TTR(TSR) - 22 ਸੇਟ ਅਤੇ TTR(TWS+WCMSC) - 23 ਸੇਟ (ii) ਫ਼ਿਰੋਜ਼ਪੁਰ ਡਵੀਜਨ ਦੇ ਬਟਾਲਾ (BAT) ਸਟੇਸ਼ਨ ਉਤੇ ਲਗੇ ਸੀਮੇਂਸ (ਵੇਸਟਰੇਸ ਮਾਰਕ-II) ਮੇਕ ਇਲੇਕਟ੍ਰੋਨਿਕ ਇੰਟਰਲਾਕਿੰਗ ਸਿਸਟਮ ਦਾ ਤਿੰਨ (03) ਸਾਲਾਂ ਦੇ ਲਈ ਪੂਰਾ ਸਲਾਨਾ ਰੱਖ-ਰੱਖਾਵ ਅਨੁਬੰਧ ਦਾ ਕੰਮ। | | |
| **ਟੈਂਡਰ ਬੰਦ ਕਰਨ ਦੀ ਮਿਤੀ ਅਤੇ ਸਮਾਂ** | (i) 02/09/2026 15:00<br>(ii) 02/09/2026 15:00 | **ਟੈਂਡਰ ਦੀ ਅਪਲੋਡ ਕਰਨ ਦੀ ਮਿਤੀ ਅਤੇ ਸਮਾਂ** | 11/08/2026 16:05 |
| **ਅਨੁਮਾਨਿਤ ਕੀਮਤ** | (i) 39088876.00<br>(ii) 5370407.25 | **ਬਿਡਿੰਗ ਸ਼ੁਰੂ ਦੀ ਮਿਤੀ (ਆਈ.ਆਰ.ਈ.ਪੀ.ਐਸ)** | (i) 19/08/2026<br>(ii)19/08/2026 |
| **ਬਿਆਨਾ ਰਾਸ਼ੀ (ਰੁ:)** | (i) 781800.00<br>(ii) 107400.00 | **ਕੰਮ ਪੂਰਾ ਕਰਨ ਦਾ ਸਮਾਂ** | (i) 09 ਮਹੀਨੇ<br>(ii) 36 ਮਹੀਨੇ |
| **ਨੋਟ** | ਟੈਂਡਰਕਰਤਾ ਨਿਯਮਿਤ ਰੂਪ ਤੋਂ ਵੈਬਸਾਈਟ ਦੇ ਸੰਪਰਕ ਵਿਚ ਰਹਿਕ ਟੈਂਡਰ ਸੰਸ਼ੋਧਨਾਂ, ਸ਼ੁੱਧੀਪੱਤਰ ਆਦਿ ਬਾਰੇ ਵਿਚ ਖੁਦ ਨੂੰ ਅਪਡੇਟ ਰੱਖੇ। | | |

**ਟੈਂਡਰ ਸੂਚਨਾ ਨੰ: 433-ਸਿਗ-ਟੀ-35-26-27 ਬੰਦ ਹੋਣ ਦੀ ਮਿਤੀ/ਸਮਾਂ: ਨੂੰ 02/09/2026 15:00 ਵਜੇ ਮਿਤੀ- 11/08/2026**

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 2781/26



Arcil

**ਐਸੇਟ ਰੀਕੰਸਟਰਕਸ਼ਨ ਕੰਪਨੀ (ਇੰਡੀਆ) ਲਿਮਟਿਡ (ਆਰਸਿਲ)**
ਵੱਖ-ਵੱਖ ਆਰਸਿਲ ਟਰੱਸਟਾਂ ਦੇ ਟਰੱਸਟੀ ਵਜੋਂ ਆਪਣੀ ਹੈਸੀਅਤ ਵਿੱਚ ਕੰਮ ਕਰਨਾ
ਆਰਸਿਲ ਦਫ਼ਤਰ: ਦ ਰੂਬੀ, 10ਵੀਂ ਮੰਜ਼ਿਲ, 29, ਸੈਨਾਪਤੀ ਬਾਪਟ ਮਾਰਗ। ਦਾਦਰ (ਪੱਛਮ) ਮੁੰਬਈ-400028
ਵੈੱਬਸਾਈਟ: Website: https:"auction.aroil.co.ing CIN-U65999MH2002PLC134884

**ਡਿਮਾਂਡ ਨੋਟਿਸ**

ਜਦੋਂ ਕਿ ਸੰਪਤੀ ਪੁਨਰ ਨਿਰਮਾਣ ਕੰਪਨੀ (ਇੰਡੀਆ) ਲਿਮਟਿਡ (ਹੇਠਾਂ ਦੱਸੇ ਗਏ ਟਰੱਸਟਾਂ ਲਈ ਟਰੱਸਟੀ ਵਜੋਂ ਕੰਮ ਕਰ ਰਹੀ ਹੈ) ਦਾ ਅਧਿਕਾਰਤ ਅਧਿਕਾਰੀ, ਜਿਸਨੂੰ ਇਸ ਤੋਂ ਬਾਅਦ "ARCIL" ਕਿਹਾ ਜਾਂਦਾ ਹੈ, ਕੰਪਨੀ ਐਕਟ, 1956 ਦੇ ਤਹਿਤ ਸ਼ਾਮਲ ਕੀਤਾ ਗਿਆ ਹੈ ਅਤੇ ਰਿਜ਼ਰਵ ਬੈਂਕ ਆਫ਼ ਇੰਡੀਆ ਆਫ਼ ਸੇਕਿਓਰਿਟਾਈਜ਼ੇਸ਼ਨ ਐਂਡ ਰੀਕੰਸਟ ?ਰਕਸ਼ਨ ਆਫ਼ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ਼ ਸਕਿਓਰਿਟੀ ਇੰਟਰਸਟ ਐਕਟ, 2002 (ਇਸ ਤੋਂ ਬਾਅਦ Co ਨੂੰ 'SARFAESI ਐਕਟ' ਕਿਹਾ ਜਾਂਦਾ ਹੈ) ਨਾਲ ਇੱਕ ਸੰਪਤੀ ਪੁਨਰ ਨਿਰਮਾਣ ਕੰਪਨੀ ਵਜੋਂ ਰਜਿਸਟਰਡ ਹੈ ਅਤੇ ਜਦੋਂ ਕਿ ਹੇਠਾਂ ਦੱਸੇ ਗਏ ਚਾਰਟ ਦੇ ਕਾਲਮ ਨੰਬਰ 2 ਵਿੱਚ ਦੱਸੇ ਗਏ ਕਰਜ਼ਦਾਰ / ਸਹਿ-ਉਧਾਰ ਲੈਣ ਵਾਲਿਆਂ ਨੇ ਮੂਲ ਰਿਣਦਾਤਾ ਤੋਂ ਕਰਜ਼ਾ ਪ੍ਰਾਪਤ ਕੀਤਾ ਹੈ ਅਤੇ ਜਦੋਂ ਕਿ ARCIL ਨੇ ਹੇਠਾਂ ਦੱਸੇ ਗਏ ਕਰਜ਼ ਖਾਤਿਆਂ ਨਾਲ ਸਬੰਧਤ ਵਿੱਤੀ ਸੰਪਤੀਆਂ ਪ੍ਰਾਪਤ ਕੀਤੀਆਂ ਹਨ ਅਤੇ ਜਦੋਂ ਕਿ ARCIL SARFAESI ਐਕਟ ਦੇ ਤਹਿਤ ਸੁਰੱਖਿਅਤ ਲੈਣਦਾਰ ਹੈ, ਅਤੇ ਸੁਰੱਖਿਆ ਹਿੱਤ (ਇਨਫੋਰਸਮੈਂਟ) ਨਿਯਮ 2002 ਦੇ ਨਿਯਮ 2 ਦੇ ਨਾਲ ਪੜ੍ਹੇ ਗਏ ਉਕਤ ਐਕਟ ਦੀ ਧਾਰਾ 13(2) ਦੇ ਤਹਿਤ ਦਿੱਤੀਆਂ ਗਈਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਹੇਠਾਂ ਦੱਸੇ ਗਏ ਉਧਾਰ ਲੈਣ ਵਾਲਿਆਂ / ਸਹਿ-ਉਧਾਰ ਲੈਣ ਵਾਲਿਆਂ ਨੂੰ ਬੁਲਾਉਂਦੇ ਹੋਏ ਮੰਗ ਨੋਟਿਸ ਜਾਰੀ ਕੀਤਾ ਹੈ, ਨੋਟਿਸਾਂ ਵਿੱਚ ਦੱਸੀ ਗਈ ਰਕਮ ਨੂੰ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਹੋਰ ਵਿਆਜ ਸਮੇਤ ਵਾਪਸ ਕਰਨ ਲਈ, ਪਰ ਕੁਝ ਲੂਪੋਨ ਨੂੰ ਕਈ ਕਾਰਨਾਂ ਕਰਕੇ ਨੋਟਿਸ ਨਹੀਂ ਦਿੱਤੇ ਜਾ ਸਕੇ।

| LAN / ਮੂਲ ਰਿਣਦਾਤਾ ਦਾ ਨਾਮ/ ਮੰਗ ਨੋਟਿਸ ਮਿਤੀ/ ਟਰੱਸਟ ਦਾ ਨਾਮ: | ਉਧਾਰ ਲੈਣ ਵਾਲਾ / ਸਹਿ-ਉਧਾਰ ਲੈਣ ਵਾਲਾ ਨਾਮ/ਗਾਰੰਟਰ | ਡਿਮਾਂਡ ਨੋਟਿਸ ਮਿਤੀ ਅਨੁਸਾਰ ਕੁੱਲ ਬਕਾਇਆ INR |
|---|---|---|
| LAN: LP0000000161462<br>ਮੂਲ ਰਿਣਦਾਤਾ : ਵਾਸਤੂ ਹਾਊਸਿੰਗ ਫਾਈਨੈਂਸ ਲਿਮਟਿਡ<br>ਮੰਗ ਨੋਟਿਸ ਦੀ ਮਿਤੀ-22-ਜੁਲਾਈ-26<br>ਟਰੱਸਟ ਦਾ ਨਾਮ: ARCIL-ਟਰੱਸਟ-2026-019 | 1) ਨਰਾਇਣ ਦਾਸ (ਉਧਾਰ ਲੈਣ ਵਾਲਾ)<br>2) ਬਿਸਕੀ ਗੋਇਲ (ਸਹਿ-ਉਧਾਰ ਲੈਣ ਵਾਲਾ)<br>3) ਪਰਮਜੀਤ ਗੋਇਲ (ਸਹਿ-ਉਧਾਰ ਲੈਣ ਵਾਲਾ) | 19-ਮਈ-26 ਨੂੰ 2189348 ਰੁਪਏ |

**ਜਾਇਦਾਦ ਦਾ ਵੇਰਵਾ:** ਜਾਇਦਾਦ ਭਾਵ 04 ਮਰਲੇ ਦੀ ਜਾਇਦਾਦ, ਜੋ ਕਿ ਖਸਰਾ ਨੰਬਰ 594 (0-4), ਖੇਵਟ/ਖਤੌਣੀ ਨੰਬਰ 122/626 ਵਿੱਚ ਸ਼ਾਮਲ ਹੈ, ਜੋ ਕਿ 1992-1993 ਦੀ ਜਮ੍ਹਾਂਬੰਦੀ ਦੇ ਅਨੁਸਾਰ ਬੁਰਜ ਕਾਹਨ ਸਿੰਘ ਵਾਲਾ ਤਹਿਸੀਲ ਨਥਾਣਾ, ਜ਼ਿਲ੍ਹਾ ਬਠਿੰਡਾ-151101 ਵਿੱਚ ਹੈ, ਜੋ ਕਿ ਨਰਾਇਣ ਦਾਸ ਪੁੱਤਰ ਮੇਘ ਰਾਜ ਪੁੱਤਰ ਰਾਮ ਜੀ ਦਾਸ ਦੇ ਨਾਮ 'ਤੇ ਹੈ, ਵਿਕਰੀ ਡੀਡ ਨੰਬਰ 1945 ਮਿਤੀ 31.12.1998 ਦੇ ਅਨੁਸਾਰ। ਉੱਤਰ: ਲਾਗੂ ਨਹੀਂ, ਦੱਖਣ: ਲਾਗੂ ਨਹੀਂ, ਪੂਰਬ: ਲਾਗੂ ਨਹੀਂ, ਪੱਛਮ: ਲਾਗੂ ਨਹੀਂ।

ਇਸ ਲਈ, ਉਧਾਰ ਲੈਣ ਵਾਲਿਆਂ/ਸਹਿ-ਉਧਾਰ ਲੈਣ ਵਾਲਿਆਂ ਨੂੰ ਨੋਟਿਸ ਦਿੱਤਾ ਜਾਂਦਾ ਹੈ, ਜਿਵੇਂ ਕਿ ਇੱਥੇ ਉੱਪਰ ਦੱਸਿਆ ਗਿਆ ਹੈ, ਉਹਨਾਂ ਨੂੰ ਇਸ ਨੋਟਿਸ ਦੇ ਪ੍ਰਕਾਸ਼ਨ ਦੇ 60 ਦਿਨਾਂ ਦੇ ਅੰਦਰ, ਸੰਬੰਧਿਤ ਉਧਾਰ ਲੈਣ ਵਾਲੇ/ਸਹਿ-ਉਧਾਰ ਲੈਣ ਵਾਲੇ ਦੇ ਵਿਰੁੱਧ ਉੱਪਰ ਦਰਸਾਈ ਗਈ ਕੁੱਲ ਬਕਾਇਆ ਰਕਮ ਦਾ ਭੁਗਤਾਨ ਕਰਨ ਲਈ ਕਿਹਾ ਜਾਂਦਾ ਹੈ। ਸਬੰਧਤ ਕਰਜ਼ਦਾਰ/ਸਹਿ-ਕਰਜ਼ਦਾਰ ਦੁਆਰਾ ਕੁੱਲ ਬਕਾਇਆ ਰਕਮ ਦਾ ਭੁਗਤਾਨ ਕਰਨ ਵਿੱਚ ਅਸਫਲ ਰਹਿਣ 'ਤੇ, ARCIL ਉੱਪਰ ਦੱਸੇ ਅਨੁਸਾਰ ਜਾਇਦਾਦਾਂ 'ਤੇ ਸੁਰੱਖਿਆ ਹਿੱਤ ਲਾਗੂ ਕਰਨ ਲਈ ਧਾਰਾ 13(4) ਦੇ ਤਹਿਤ ਲੈਣ ਲਈ ਮਜਬੂਰ ਹੋਵੇਗਾ, ਐਕਟ ਅਤੇ ਇੱਥੇ ਬਣਾਏ ਗਏ ਨਿਯਮਾਂ ਦੇ ਤਹਿਤ ਨਿਰਧਾਰਤ ਹੋਰ ਤਰੀਕਿਆਂ ਨਾਲ ਨੋਟਿਸ ਦੀ ਸੇਵਾ ਲਈ ਵੀ ਕਦਮ ਚੁੱਕੇ ਜਾ ਰਹੇ ਹਨ। ਤੁਹਾਨੂੰ ਸੂਚਿਤ ਕੀਤਾ ਜਾਂਦਾ ਹੈ ਕਿ SARFAESI ਐਕਟ ਦੀ ਧਾਰਾ 13(8) ਵਿੱਚ ਦੱਸੇ ਅਨੁਸਾਰ, ਜਨਤਕ ਨਿਲਾਮੀ ਜਾਂ ਵਿਕਰੀ ਦੇ ਜ਼ਰੀਏ ਟਰਾਂਸਫਰ ਲਈ ਨਿੱਜੀ ਸੰਧੀ ਲਈ ਨੋਟਿਸ ਪ੍ਰਕਾਸ਼ਨ ਦੀ ਮਿਤੀ ਤੋਂ ਪਹਿਲਾਂ ਕਿਸੇ ਵੀ ਸਮੇਂ Arcil ਦੁਆਰਾ ਕੀਤੇ ਗਏ ਖਰਚਿਆਂ, ਖਰਚਿਆਂ ਅਤੇ ਖਰਚਿਆਂ ਦੇ ਨਾਲ ਸਾਰੀ ਬਕਾਇਆ ਰਕਮ ਦਾ ਭੁਗਤਾਨ ਕਰਨ 'ਤੇ ਉਕਤ ਮੌਰਗੇਜ ਨੂੰ ਰੀਡੀਮ ਕੀਤਾ ਜਾ ਸਕਦਾ ਹੈ। ਧਿਆਨ ਦਿਓ ਕਿ SARFAESI ਐਕਟ ਦੇ S-13(13) ਦੇ ਅਨੁਸਾਰ, ਤੁਹਾਨੂੰ ਇਸ ਦੁਆਰਾ ਸੁਰੱਖਿਅਤ ਜਾਇਦਾਦਾਂ ਨੂੰ ਵਿਕਰੀ, ਲੀਜ਼ ਜਾਂ ਕਿਸੇ ਹੋਰ ਤਰੀਕੇ ਨਾਲ ਟਰਾਂਸਫਰ ਕਰਨ ਅਤੇ/ਜਾਂ ਉਹਨਾਂ ਨਾਲ ਨਜਿੱਠਣ ਤੋਂ ਰੋਕਿਆ ਜਾਂਦਾ ਹੈ।

ਸਥਾਨ: ਬਠਿੰਡਾ
ਮਿਤੀ: 13.08.2026
ਸਹੀ/-
ਅਧਿਕਾਰਤ ਅਧਿਕਾਰੀ
ਸੰਪਤੀ ਪੁਨਰ ਨਿਰਮਾਣ ਕੰਪਨੀ (ਇੰਡੀਆ) ਲਿਮਟਿਡ
ARCIL ਟਰੱਸਟ ਦਾ -ਟਰੱਸਟੀ-2026-019



## ਟੂਰ ਅਤੇ ਟਰੈਵਲਜ਼

☞ ਕੈਨੇਡਾ-ਆਸਟਰੇਲੀਆ ਮੁਫ਼ਤ ਵੀਜ਼ਾ, ਰਹਿਣਾ, ਖਾਣਾ, 2 ਸਾਲ ਦਾ ਵਰਕ ਪਰਮਿਟ। ਕਮਾਓ 3 ਲੱਖ ਮਹੀਨਾ। ਕੋਈ ਪੈਸਾ ਨਾ ਵੀਜ਼ਾ ਤੋਂ ਪਹਿਲੇ ਨਾ ਬਾਅਦ ਵਿਚ। ਚਾਹੀਦਾ ਹੈ ਹੈਲਪਰ, ਕਾਰਪੇਂਟਰ, ਮੇਸਨ, ਵੈਲਡਰ, ਪਲੰਬਰ, ਡਰਾਈਵਰ, ਅਪਰੇਟਰ, ਸਟੋਰਕੀਪਰ, ਵੇਟਰ, ਸੁਪਰਵਾਈਜ਼ਰ, ਮੈਨੇਜਰ, ਕੁੱਕ ਆਦਿ। ਸਰਕਾਰੀ ਰਜਿਸਟਰਡ ਕੰਪਨੀ ਤੋਂ ਹੀ ਅਪਲਾਈ ਕਰੋ। ਫੋਨ : 73476708

☞ ਕੈਨੇਡਾ-ਆਸਟਰੇਲੀਆ 3 ਸਾਲ ਦਾ ਵੀਜ਼ਾ, ਮੁਫ਼ਤ ਰਹਿਣਾ, ਖਾਣਾ ਅਤੇ ਟਿਕਟ ਕੰਪਨੀ ਦੇਵੇਗੀ। ਸੈਲਰੀ 2 ਤੋਂ 3 ਲੱਖ ਮਹੀਨਾ। ਹੈਲਪਰ, ਕਾਰਪੇਂਟਰ, ਮੈਸਨ, ਪਲੰਬਰ, ਡਾਈਵਰ, ਕੁੱਕ, ਵੇਟਰ, ਅਪਰੇਟਰ, ਸੁਪਰਵਾਈਜ਼ਰ ਆਦਿ ਚਾਹੀਦੈ। ਰਜਿਸਟਰਡ ਕੰਪਨੀ ਤੋਂ ਹੀ ਅਪਲਾਈ ਕਰੋ। ਫੋਨ : 7087033731

☞ ਕੈਨੇਡਾ, ਆਸਟਰੇਲੀਆ, ਦੁੱਬਈ, ਕੁਵੈਤ, ਸਾਊਦੀ, ਰਸ਼ੀਆ, ਸਿੰਗਾਪੁਰ ਵਿਚ ਪੜ੍ਹੇ ਲਿਖੇ ਅਤੇ ਅਨਪੜ੍ਹ ਕਾਰੀਗਰਾਂ ਅਤੇ ਹੈਲਪਰ ਦੀ ਭਾਰੀ ਜ਼ਰੂਰਤ। ਵੀਜ਼ਾ ਦੇ ਪੈਸੇ ਸੈਲਰੀ ਤੋਂ ਕਟਵਾਓ। ਫੋਨ : 7710404041

☞ ਵਰਕ ਵੀਜ਼ਾ ਕੈਨੇਡਾ, ਆਸਟਰੇਲੀਆ, ਕੰਸਟਰਕਸ਼ਨ/ਸਟੋਰ/ ਆਈਟੀ ਕੰਪਨੀਆਂ ਵਿਚ ਜ਼ਰੂਰਤ : ਸਟੋਰ ਕੀਪਰ, ਕੰਪਿਊਟਰ ਅਪਰੇਟਰ, ਫੂਡ ਪੈਕਰ, ਡਾਈਵਰ, ਇਲੈਕਟ੍ਰੀਸ਼ਨ, ਪਲੰਬਰ, ਸਕਿਓਰਟੀ, ਗਾਰਡ, ਵੇਟਰ, ਕੁੱਕ, ਨੋ ਐਡਵਾਂਸ, ਰਹਿਣਾ, ਖਾਣਾ, ਟਿਕਟ, ਬੀਮਾ ਮੁਫ਼ਤ। ਏਜੰਟ ਵੈਲਕਮ। ਰੁਦਾਸ਼ 9815119633, 98555777523

## ਨਾਮ ਬਦਲੀ

☞ ਮੈਂ, ਸ਼ਿਵ ਕੁਮਾਰ ਪੁੱਤਰ ਬਾਲ ਕਿਸ਼ਨ ਵਾਸੀ ਮਕਾਨ ਨੰਬਰ 8585, ਮੋਹਨ ਲਾਲ ਸਟਰੀਟ, ਨੇੜੇ ਵੈਟਰਨਰੀ ਹਸਪਤਾਲ ਸ੍ਰੀ ਮੁਕਤਸਰ ਸਾਹਿਬ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ (152026) ਪੰਜਾਬ ਨੇ ਆਪਣਾ ਨਾਮ ਸ਼ਿਵ ਕੁਮਾਰ ਗਾਵੜੀ ਤੋਂ ਬਦਲ ਕੇ ਸ਼ਿਵ ਕੁਮਾਰ ਰੱਖ ਲਿਆ ਹੈ।

## ਬੇਦਖਲੀ

☞ ਮੈਂ, ਸਿਮਰਜੀਤ ਕੌਰ ਪਤਨੀ ਗੁਰਮੀਤ ਸਿੰਘ ਵਾਸੀ ਕੋਠੇ ਮਹਾਂ ਸਿੰਘ ਵਾਲੇ , ਮਹਿਰਾਜ, ਪੱਤੀ ਕਰਮਚੰਦ ਜ਼ਿਲਾ ਬਠਿੰਡਾ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਕਾਜਲ ਕੌਰ ਨੂੰ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾ ਮੇਰੇ ਪਰਿਵਾਰ ਦੇ ਕਿਸੇ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਬੰਧਤ ਨੋਟ ਕਰਨ।

☞ ਮੈਂ ਨਿਰਵੈਲ ਸਿੰਘ ਪੁੱਤਰ ਜਗੀਰ ਸਿੰਘ ਵਾਸੀ ਮਕਾਨ ਨੰ. 202, ਵਾਰਡ ਨੰ. 3, ਗਲੀ ਸੁੱਚਾ ਸਿੰਘ ਸੈਕਟਰੀ ਵਾਲੀ, ਤਰਨ ਤਾਰਨ ਜਿਲ੍ਹਾ ਤਰਨ ,ਤਾਰਨ ਦਾ ਰਹਿਣ ਵਾਲਾ ਹਾਂ ਮੇਰਾ ਲੜਕਾ ਵਿਜੇਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਮੈਂ ਆਪਣੇ ਹੋਸ ਹਵਾਸ ਵਿੱਚ ਵਿਜੇਜੀਤ ਸਿੰਘ ਨੂੰ ਆਪਣੀ ਚੱਲ ਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ਇਸ ਨਾਲ ਜੋਂ ਵੀ ਲੈਣ ਦੇਣ ਕਰਦਾ ਹੈ ਉਸਦਾ ਉਹ ਖੁਦ ਜਿੰਮੇਵਾਰ ਹੋਵੇਗਾ ।

## ਮੋਟਰ ਕੁਨੈਕਸ਼ਨ

☞ ਇਕ ਟਿਊਬਵੈਲ ਕੁਨੈਕਸ਼ਨ ਜਿਸ ਦਾ ਖਾਤਾ ਨੰ: RY-558-AP ਜੋ ਕਿ ਮਹਿੰਦਰ ਕੌਰ ਪਤਨੀ ਰੂਪ ਸਿੰਘ ਦੇ ਨਾਮ ਤੇ ਪਿੰਡ ਰਾਈਆ ਵਿਖੇ ਚੱਲ ਰਿਹਾ ਹੈ ਹੁਣ ਉੱਕਤ ਕੁਨੈਕਸ਼ਨ ਨੂੰ ਬਲਵਿੰਦਰ ਸਿੰਘ ਪੁੱਤਰ ਬਿੱਕਰ ਸਿੰਘ ਵਾਸੀ ਪਿੰਡ ਰਾਈਆ ਨੇ ਅਪਣੇ ਨਾਮ ਤੇ ਤਬਦੀਲ ਕਰਨ ਲਈ ਅਰਜੀ ਦਿੱਤੀ ਹੈ ।ਇਤਰਾਜ ਕਰਤਾ 15 ਦਿਨਾਂ ਦੇ ਅੰਦਰ ਉਪ ਮੰਡਲ ਅਫਸਰ ਦਿਹਾਤੀ ਰਾਮਪੁਰਾ ਨਾਲ ਸੰਪਰਕ ਕਰਨ । ਇਸ ਤੋਂ ਬਾਅਦ ਇਤਰਾਜ ਮੰਨਣਯੋਗ ਨਹੀ ਹੋਵੇਗਾ ।



**ਜਨ ਜਾਗਰਣ**
**(ਰਾਸ਼ਟਰੀ ਪੰਜਾਬੀ ਦੈਨਿਕ)**
ਅਖ਼ਬਾਰ ਵਿੱਚ ਵਰਗੀਕ੍ਰਿਤ, ਅਦਾਲਤੀ ਨੋਟਿਸ, ਪਾਸਪੋਰਟ ਵਿੱਚ ਨਾਮ ਬਦਲਣਾ, ਗੁੰਮ ਅਤੇ ਮਿਲਿਆ, ਨਾਮ ਬਦਲਣਾ, ਨਾਮ ਸੁਧਾਰ, ਬੇਦਖਲੀ ਨੋਟਿਸ, ਧਰਮ ਤਬਦੀਲੀ, ਬੈਂਕ ਨੋਟਿਸ ਸਮੇਤ ਹਰ ਕਿਸਮ ਦੀ ਜਾਣਕਾਰੀ ਅਤੇ ਇਸ਼ਤਿਹਾਰ ਪ੍ਰਕਾਸ਼ਿਤ ਕਰਨ ਲਈ ਸੰਪਰਕ ਕਰੋ:-
**ਜਨ ਜਾਗਰਣ ਮੀਡੀਆ ਹਾਊਸ**
ਬਾਬਾ ਸੋਹਨ ਸਿੰਘ ਭਕਨਾ ਭਵਨ, ਪਹਿਲੀ ਮੰਜ਼ਿਲ, ਆਫਿਸ ਨੰਬਰ 5, ਸੈਕਟਰ 29 ਡੀ, ਚੰਡੀਗੜ੍ਹ-160030
E-mail : janjagranpunjab@gmail.com
ਇਸ਼ਤਿਹਾਰਾਂ ਲਈ ਭਾਰਤ ਸਰਕਾਰ, ਹਰਿਆਣਾ ਸਰਕਾਰ, ਪੰਜਾਬ ਸਰਕਾਰ, ਦਿੱਲੀ ਸਰਕਾਰ, ਹਿਮਾਚਲ ਪ੍ਰਦੇਸ਼ ਸਰਕਾਰ, ਉਤਰ ਪ੍ਰਦੇਸ਼, ਰੇਲਵੇ ਵਿਭਾਗ, ਪੰਜਾਬ ਹਰਿਆਣਾ ਹਾਈਕੋਰਟ ਸਮੇਤ ਸਾਰੇ ਸਰਕਾਰੀ ਵਿਭਾਗਾਂ ਦੁਆਰਾ ਮਾਨਤਾ ਪ੍ਰਾਪਤ।

# ਸ਼੍ਰੀ ਬਾਲਾ ਜੀ ਖਾਟੂ ਸ਼ਿਆਮ ਮੰਦਿਰ ਵਿਖੇ ਸਾਉਣ ਮਹੀਨੇ ਦੀ ਸ਼ਿਵਰਾਤਰੀ ਦਾ ਪਵਿੱਤਰ ਤਿਉਹਾਰ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ

ਸੁਨਾਮ ਊਧਮ ਸਿੰਘ ਵਾਲਾ, 12 ਅਗਸਤ (ਰਾਜੂ ਸਿੰਗਲਾ / ਰਾਜ਼ੇਸ਼ ਕੁਮਾਰ): ਸ਼੍ਰੀ ਬਾਲਾ ਜੀ ਖਾਟੂ ਸ਼ਿਆਮ ਮੰਦਿਰ ਵਿਖੇ ਸਾਉਣ ਮਹੀਨੇ ਦੀ ਸ਼ਿਵਰਾਤਰੀ ਦਾ ਪਵਿੱਤਰ ਤਿਉਹਾਰ ਬੜੀ ਸ਼ਰਧਾ ਅਤੇ ਧੂਮਧਾਮ ਨਾਲ ਮਨਾਇਆ ਗਿਆ।ਮੰਦਿਰ ਮੈਂਬਰ ਗੌਰਵ ਜਨਾਲੀਆ ਨੇ ਦੱਸਿਆ ਕਿ ਸ਼ਿਵਰਾਤਰੀ ਦੇ ਪਵਿੱਤਰ ਤਿਉਹਾਰ ’ਤੇ ਸ਼੍ਰੀ ਬਾਲਾ ਜੀ ਖਾਟੂ ਸ਼ਿਆਮ ਮੰਦਿਰ ਦੇ ਕਾਂਵੜੀਆਂ ਨੇ ਹਰਿਦੁਆਰ ਤੋਂ ਡਾਕ ਕਾਂਵੜ ਰਾਹੀਂ ਪਵਿੱਤਰ ਗੰਗਾ ਜਲ (ਕਾਂਵੜ) ਲਿਆਂਦੀ ਅਤੇ ਸ਼੍ਰੀ ਨਰਮਦੇਸ਼ਵਰ ਮਹਾਂਦੇਵ ਜੀ ਦਾ ਜਲਾਭਿਸ਼ੇਕ ਕੀਤਾ।ਮੰਦਰ ਪਹੁੰਚਣ ’ਤੇ ਮੰਦਰ ਕਮੇਟੀ ਮੈਂਬਰਾਂ ਅਤੇ ਭਗਤਾਂ ਵੱਲੋਂ ਸਮੂਹ ਕਾਂਵੜੀਆਂ ਦਾ ਫੁੱਲਾਂ ਦੀ ਵਰਖਾ ਕਰਦੇ ਹੋਏ ਸਵਾਗਤ ਕੀਤਾ ਗਿਆ ਅਤੇ ਸਾਰਾ ਹੀ ਮਾਹੌਲ ਬਮ ਬਮ ਭੋਲੇ, ਹਰ ਹਰ ਮਹਾਦੇਵ ਦੇ ਜੈਕਾਰਿਆਂ ਨਾਲ ਗੂੰਜ ਉੱਠਿਆ। ਇਸ ਤੋਂ ਬਾਅਦ ਸਾਰੇ ਕਾਂਵੜੀਆਂ ਨੇ ਬਮ ਬਮ ਭੋਲੇ, ਜੈ ਸ਼ਿਵ



ਸ਼ੰਕਰ, ਗੰਗਾ ਮਾਂ ਦੀ ਜੈ, ਭੋਲੇ ਬਾਬਾ ਦੇ ਜੈਕਾਰਿਆਂ ਵਿੱਚ ਭੋਲੇ ਬਾਬਾ ਨੂੰ ਜਲ ਚੜ੍ਹਾਇਆ ਅਤੇ ਪੂਜਾ ਕੀਤੀ। ਉਨ੍ਹਾਂ ਦੱਸਿਆ ਕਿ ਸੰਤ ਸ਼ਿਰੋਮਣੀ ਇੱਛਾਪੂਰਤੀ ਸ਼੍ਰੀ ਬਾਲਾ ਚੈਰੀਟੇਬਲ ਟਰੱਸਟ ਸੁਨਾਮ ਵੱਲੋਂ ਮੋਬਾਈਲ ਹਸਪਤਾਲ ਵੈਨ ਰਾਹੀਂ ਚਾਰ ਦਿਨ ਮੈਡੀਕਲ ਕੈਂਪ ਹਰਿਦੁਆਰ ਤੋਂ ਸੁਨਾਮ ਦੇ ਰਸਤੇ ਵਿੱਚ ਲਗਾਇਆ ਗਿਆ, ਇਸ ਵਿੱਚ ਕਾਵੜੀਆਂ ਅਤੇ ਲੋੜਵੰਦ ਵਿਅਕਤੀਆਂ ਦਾ ਮੁਫ਼ਤ ਚੈਕਅੱਪ ਫਾਰਮਾਸਿਸਟ ਅਮਨਦੀਪ ਗੋਇਲ ਵੱਲੋਂ ਕੀਤਾ ਗਿਆ ਅਤੇ ਸ਼੍ਰੀ ਬਾਲਾ ਜੀ ਟਰੱਸਟ ਵੱਲੋਂ ਦਵਾਈਆਂ, ਪਾਣੀ ਦੀਆਂ ਬੋਤਲਾਂ, ਓਡੋਮਾਸ, ਗਰਮ ਪਟੀਆਂ ਮੁਫ਼ਤ ਵੰਡੀਆਂ ਅਤੇ ਇਸਦੇ ਨਾਲ-ਨਾਲ ਸ਼ੂਗਰ ਤੇ ਬੀ.ਪੀ. ਦਾ ਵੀ ਚੈਕਅੱਪ ਕੀਤਾ ਗਿਆ। ਇਸ ਮੌਕੇ ਸੰਗਤਾਂ ਲਈ ਟਰੱਸਟ ਵੱਲੋਂ ਪਕੌੜਿਆਂ, ਖੀਰ ਅਤੇ ਚਾਹ ਦਾ ਲੰਗਰ ਲਗਾਇਆ ਗਿਆ। ਭੋਲੇ ਬਾਬਾ ਦੇ ਦਰਸ਼ਨਾਂ ਅਤੇ ਜਲ ਚੜ੍ਹਾਉਣ ਲਈ ਸਵੇਰ ਤੋਂ ਰਾਤ ਤੱਕ ਸ਼ਰਧਾਲੂਆਂ ਦੀ ਭਾਰੀ ਆਮਦ ਰਹੀ।ਇਸ ਮੌਕੇ ਪ੍ਰਵੇਸ਼ ਅਗਰਵਾਲ, ਕਮਲ ਸਿੰਗਲਾ, ਵਿਕਾਸ ਕਾਂਸਲ, ਸ਼ੀਤਲ ਮਿੱਤਲ, ਅਨਿਲ ਲੀਲਾ, ਕੇਸ਼ਵ ਗੁਪਤਾ, ਅਜੇ ਗੁਪਤਾ, ਹੈਪੀ ਗਰਗ, ਲੱਕੀ ਖਿੱਪਲ, ਰੈਮ ਕੁਮਾਰ, ਪੰਕਜ ਸ਼ਰਮਾ, ਸਚਿਨ ਗੋਇਲ, ਮਾਧਵ, ਗੌਤਮ, ਰਵੀ ਕੁਮਾਰ, ਭਾਵੇਸ਼, ਗੋਲੂ, ਰਵਿਕਾਂਤ, ਜਤਿਨ, ਚਕਸ਼ੂ, ਕਮਲ ਗਰਗ, ਹਰੀਸ਼ ਆਦਿ ਹਾਜ਼ਰ ਸਨ।

# ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਹਲਕਾ ਸੰਗਰੂਰ ਦੀ ਗੁਰਦੁਆਰਾ ਨੌਵੀਂ ਪਾਤਸ਼ਾਹੀ ਭਵਾਨੀਗੜ੍ਹ ਵਿੱਖੇ ਹੋਈ ਵਿਸ਼ੇਸ਼ ਮੀਟਿੰਗ

ਭਵਾਨੀਗੜ੍ਹ, 12 ਅਗਸਤ (ਕ੍ਰਿਸ਼ਨ ਚੌਹਾਨ)- ਸ਼੍ਰੋਮਣੀ ਅਕਾਲੀ ਪੁਨਰ ਸੁਰਜੀਤ ਦੇ ਸੀਨੀਅਰ ਆਗੂ ਬਾਬੂ ਪ੍ਰਕਾਸ਼ ਚੰਦ ਗਰਗ ਸਾਬਕਾ ਮੁੱਖ ਸੰਸਦੀ ਸਕੱਤਰ ਨੇ ਜਾਣਕਾਰੀ ਦਿੰਦਿਆਂ ਕਿਹਾ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਹਲਕਾ ਸੰਗਰੂਰ ਦੀ ਵਿਸ਼ੇਸ਼ ਮੀਟਿੰਗ ਗੁਰਦੁਆਰਾ ਨੌਵੀਂ ਪਾਤਸ਼ਾਹੀ ਭਵਾਨੀਗੜ੍ਹ ਵਿੱਖੇ 15 ਤਾਰੀਖ ਸਵੇਰੇ 11 ਬਜੇ ਦਿਨ ਸ਼ਨਿਚਰਵਾਰ ਨੂੰ ਰੱਖੀ ਗਈ ਹੈ ਜਿਸ ਵਿੱਚ ਪਰਮਿੰਦਰ ਸਿੰਘ ਢੀਂਡਸਾ ਸਾਹਿਬ ਸਾਬਕਾ ਵਿੱਤ ਮੰਤਰੀ ਅਤੇ ਜਿਲ੍ਹਾ ਲੀਡਰਸ਼ਿਪ ਪਹੁੰਚ ਰਹੀ ਹੈ ਮੀਟਿੰਗ ਵਿੱਚ 20 ਅਗਸਤ 2026 ਦਿਨ ਵੀਰਵਾਰ ਨੂੰ ਅਮਰ ਸ਼ਹੀਦ ਸੰਤ ਹਰਚੰਦ ਸਿੰਘ ਜੀ ਲੌਂਗੋਵਾਲ ਦੀ ਬਰਸੀ ਸਬੰਧੀ ਤਿਆਰੀ ਲਈ ਵਿਚਾਰ ਵਟਾਂਦਰਾ ਕਰਨ ਅਤੇ ਪਾਰਟੀ ਵਲੋਂ ਨਿਯੁਕਤ ਕੀਤੇ ਜਿਲ੍ਹਾ ਪ੍ਰਧਾਨ ( ਦਿਹਾਤੀ, ਸ਼ਹਿਰੀ ) ਸਰਕਲ



ਪ੍ਰਧਾਨ ( ਦਿਹਾਤੀ, ਸ਼ਹਿਰੀ ) ਸੂਬੇ ਦੇ ਅਹੁਦੇਦਾਰਾਂ ਅਤੇ ਜਿਲ੍ਹਾ ਜੱਥੇਬੰਦੀ ਦੇ ਅਹੁਦੇਦਾਰਾਂ ਨੂੰ ਸਨਮਾਨਿਤ ਕੀਤਾ ਜਾਵੇਗਾ ਉਨ੍ਹਾਂ ਨਿਮਰਤਾ ਸਹਿਤ ਅਪੀਲ ਕਰਦਿਆਂ ਪਾਰਟੀ ਦੇ ਸੀਨੀਅਰ ਆਗੂਆਂ ਅਤੇ ਵਰਕਰਾਂ ਨੂੰ ਵੱਡੀ ਗਿਣਤੀ ਵਿੱਚ ਮੀਟਿੰਗ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੱਤਾ ।

# ਕਮਲ ਧਾਲੀਵਾਲ ਦੀਆਂ ਹਲਕੇ ’ਚ ਜ਼ੋਰਦਾਰ ਸਰਗਰਮੀਆਂ ਨਾਲ ਕਾਂਗਰਸੀ ਵਰਕਰਾਂ ਦੇ ਹੌਸਲੇ ਬੁਲੰਦ

ਅਮਰਗੜ੍ਹ 12 ਅਗਸਤ (ਕੁਲਵੰਤ ਸਿੰਘ ਮੁਹਾਲੀ) ਵਿਧਾਨ ਸਭਾ ਹਲਕਾ ਅਮਰਗੜ੍ਹ ਅੰਦਰ ਕਾਂਗਰਸ ਆਗੂ ਕਮਲ ਧਾਲੀਵਾਲ ਦੀਆਂ ਕਾਂਗਰਸ ਪਾਰਟੀ ’ਚ ਲਗਾਤਾਰ ਸਰਗਰਮੀਆਂ ਦੇਖਕੇ ਹਲਕੇ ਦੇ ਕਾਂਗਰਸੀ ਵਰਕਰਾਂ ਦੇ ਹੌਸਲੇ ਬੁਲੰਦ ਹੋਣ ਲੱਗੇ ਹਨ। ਉਨ੍ਹਾਂ ਨੂੰ ਕਾਂਗਰਸੀ ਆਗੂ ਕਮਲ ਧਾਲੀਵਾਲ ਵਿੱਚੋਂ ਹਲਕੇ ਦੀ ਅਗਵਾਈ ਕਰਨ ਵਾਲੇ ਭਵਿੱਖ ਦੇ ਆਗੂ ਦੀ ਉਮੀਦ ਦਿਖਾਈ ਦੇਣ ਲੱਗ ਪਈ ਹੈ।ਹਲਕਾ ਅਮਰਗੜ੍ਹ ਦੇ ਲੋਕਾਂ ਦੇ ਹਰ ਦੁੱਖ-ਸੁੱਖ ਵਿੱਚ ਹਮੇਸਾ ਹਾਜ਼ਰ ਰਹਿਣ ਵਾਲੇ ਕਮਲ ਧਾਲੀਵਾਲ ਹਲਕੇ ਅੰਦਰ ਹੋਣ ਵਾਲੇ ਹਰ ਖੇਡ ਮੇਲੇ, ਧਾਰਮਿਕ ਅਤੇ ਸਮਾਜਿਕ ਸਮਾਗਮਾਂ ਵਿੱਚ ਨਿਰੰਤਰ ਸ਼ਿਰਕਤ ਕਰ ਰਹੇ ਹਨ। ਉਹਨਾਂ ਵੱਲੋਂ ਕਾਂਗਰਸ ਪਾਰਟੀ ਨੂੰ ਜ਼ਮੀਨੀ ਪੱਧਰ ’ਤੇ ਮਜ਼ਬੂਤ ਕਰਨ ਦੇ ਲਈ ਦਿਨ-ਰਾਤ ਸਖਤ ਮਿਹਨਤ ਜਾਰੀ ਹੈ। ਕਮਲ ਧਾਲੀਵਾਲ ਦੀਆਂ ਸਰਗਰਮੀਆਂ ਨੂੰ ਦੇਖ ਕੇ ਕਾਂਗਰਸੀ



ਆਗੂਆਂ ਤੇ ਵਰਕਰਾਂ ਦੇ ਹੌਸਲੇ ਪੂਰੇ ਸਿਖਰਾਂ ’ਤੇ ਹਨ।

ਹਲਕੇ ਦੇ ਨੌਜਵਾਨ ਕਾਂਗਰਸੀ ਆਗੂ ਪ੍ਰਿੰਸ ਜੋਸ਼ੀ ਰੌਕੀ ਤੇ ਗੁਰਪ੍ਰੀਤ ਸਿੰਘ ਬਾਬਾ ਸੂਬਾ ਜਨਰਲ ਸਕੱਤਰ ਕਾਂਗਰਸ ਐਸ.ਸੀ ਸੈੱਲ ਨੇ ਆਖਿਆ ਹਰਜਿੰਦਰ ਸਿੰਘ ਕਾਕਾ ਨੇ ਕਿਹਾ ਕਿ ਕਮਲ ਧਾਲੀਵਾਲ ਨੇ ਆਪਣੀਆਂ ਜ਼ੋਰਦਾਰ ਸਰਗਰਮੀਆਂ ਨਾਲ਼ ਹਲਕੇ ਦੀ ਕਾਂਗਰਸ ਪਾਰਟੀ ਅੰਦਰ ਨਵੀਂ ਜਾਨ ਪਾ ਦਿੱਤੀ ਹੈ ; ਧਾਲੀਵਾਲ ਆਪਣੇ ਮਿਲਾਪੜੇ ਸੁਭਾਅ ਤੇ ਚੰਗੀ ਸ਼ਖਸ਼ੀਅਤ ਹੋਣ ਕਰਕੇ ਹਲਕੇ ਦੇ ਹਰ ਇੱਕ ਵਿਅਕਤੀ ਨੂੰ ਆਪਣੇ ਨਾਲ ਤੋਰ ਰਹੇ ਹਨ। ਹਲਕਾ ਅਮਰਗੜ੍ਹ ਦੇ ਲੋਕਾਂ ਦੀ ਪਹਿਲੀ ਪਸੰਦ ਦਾ ਆਗੂ ਹੋਣ ਕਾਰਨ ਕਮਲ ਧਾਲੀਵਾਲ ਬਹੁਤ ਵੱਡੇ ਅੰਤਰ ਦੇ ਨਾਲ ਇਹ ਸੀਟ ਜਿੱਤ ਕੇ ਕਾਂਗਰਸ ਪਾਰਟੀ ਦੀ ਝੋਲੀ ਵਿੱਚ ਪਾਉਣਗੇ। ਇਸ ਮੌਕੇ ਬਲਾਕ ਕਾਂਗਰਸ ਸ਼ਹਿਰੀ ਪ੍ਰਧਾਨ ਮਹਿੰਦਰ ਸਿੰਘ,ਜਿਲ੍ਹਾ ਪੰਚਾਇਤੀ ਰਾਜ ਸੰਗਠਨ ਦੇ ਪ੍ਰਧਾਨ ਭੁਪਿੰਦਰ ਸਿੰਘ ਲਾਂਗੜੀਆਂ,ਸੀਨੀਅਰ ਕਾਂਗਰਸ ਆਗੂ ਚਤਿੰਨ ਸਿੰਘ ਚੌਂਦਾ,ਅਮਰਿੰਦਰ ਸਿੰਘ ਭੁੱਲਰ,ਹਲਕਾ ਯੂਥ ਪ੍ਰਧਾਨ ਬਬਲੂ ਮਾਹੋਰਾਣਾ,ਲਖਵੀਰ ਸਿੰਘ ਨਿੱਕਾ,ਸਾਬਕਾ ਮੈਂਬਰ ਬਲਾਕ ਸੰਮਤੀ ਦੀਪਾ ਲਸੋਈ,ਹਰਪ੍ਰੀਤ ਸਿੰਘ ਸੋਹੀ ਬਾਗੜੀਆਂ,ਬਲਵੰਤ ਸਿੰਘ ਭੱਟੀ,ਸੇਠੀ ਨਿਆਮਤਪੁਰ,ਧਰਮਾਂ ਬਗੜੀਆਂ, ਹਰਪ੍ਰੀਤ ਸਿੰਘ ਫੌਜੀ ਭੱਟੀਆਂ ਖੁਰਦ, ਰਮੇਸ਼ ਕੁਮਾਰ,ਸਾਬਕਾ ਪੰਚ ਰੂਪ ਸਿੰਘ,ਚੇਤਨ ਜੋਸ਼ੀ ਆਦਿ ਹਾਜ਼ਰ ਸਨ।

# ਸਰਕਾਰੀ ਸੇਵਾ ਮੁਕਤ ਕਰਮਚਾਰੀ ਜਥੇਬੰਦੀ ਦੀ ਮੀਟਿੰਗ ਹੋਈ

## ਮੀਟਿੰਗ ਵਿਚ ਮੰਗਾਂ ਨੂੰ ਲੈ ਕੇ ਕੀਤਾ ਵਿਚਾਰ ਵਟਾਂਦਰਾ



ਫਿਰੋਜ਼ਪੁਰ, 12 ਅਗਸਤ (ਪ੍ਰੇਮ ਨਾਥ ਸ਼ਰਮਾ): ਸਰਕਾਰੀ ਸੇਵਾ ਮੁਕਤ ਕਰਮਚਾਰੀ ਜਥੇਬੰਦੀ ਦੀ ਮੀਟਿੰਗ ਬੂਟਾ ਰਾਮ ਰਿਟਾਇਡਿ ਬੀਓ ਦੀ ਅਗਵਾਈ ਵਿਚ ਫਾਰਮ ਹਾਊਸ (ਸ਼ੈਲਰ) ਵਿਖੇ ਹੋਈ। ਜਿਸ ਵਿਚ ਲਗਭਗ ਸੇਵਾ ਮੁਕਤ ਕਰਮਚਾਰੀ ਇਕੱਤਰ ਹੋਏ। ਮੀਟਿੰਗ ਵਿਚ ਪੈਨਸ਼ਨਰ ਸਾਥੀਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਡੀਏ ਦੀਆਂ ਕਿਸ਼ਤਾਂ ਦਾ ਬਕਾਇਆ ਜਾਰੀ ਕੀਤਾ ਜਾਵੇ। ਇਸ ਤੋਂ ਇਲਾਵਾ 7 ਅਗਸਤ ਨੂੰ ਲਾ ਮਿਸਾਲ ਰੈਲੀ ਵਿਚ ਸ਼ਮੂਲੀਅਤ ਸੰਘਰਸ਼ੀ ਯੋਧਿਆ ਨੂੰ ਸਲਾਮ ਕੀਤਾ। ਮੀਟਿੰਗ ਵਿਚ ਪੈਨਸ਼ਨਰ ਯੂਨੀਅਨ ਨੇ ਮੈਡੀਕਲ ਵਿਦਿਆਰਥੀਆਂ ਦੀਆਂ ਜ਼ਿਆਦਾ ਫੀਸਾਂ ਵਧਾਉਣ ਜ਼ੋਰਦਾਰ ਵਿਰੋਧ ਕੀਤਾ ਤੇ ਇਸ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ। ਇਹ ਫੈਸਲਾ ਵਾਪਸ ਲਿਆ ਜਾਵੇ। ਮੀਟਿੰਗ ਵਿਚ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਮੈਡੀਕਲ ਭੱਤਾ 2000 ਰੁਪਏ ਮਹੀਨੇ ਕੀਤਾ ਜਾਵੇ। ਬਜ਼ੁਰਗ ਪੈਨਸ਼ਨਰ ਸਾਥੀਆਂ ਨੇ 7 ਅਗਸਤ ਨੂੰ ਮੁਜਾਹਰਾਕਾਰੀਆਂ ਤੇ ਪਾਣੀ ਦੀਆਂ ਬੁਛਾੜਾਂ ਤੇ ਲਾਠੀਆਂ ਮਾਰਨ ਦੀ ਮੁੱਖ ਮੰਤਰੀ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ। ਰੈਲੀ ਦੀ ਇਕੱਤਰਤਾ ਤੋਂ ਸਰਕਾਰ ਨੂੰ ਸਬਕ ਸਿੱਖਣਾਂ ਚਾਹੀਦਾ ਤੇ ਮੰਗਾਂ ਪੂਰੀਆਂ ਕਰਨੀਆਂ ਚਾਹੀਦੀਆਂ ਹਨ।ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਨਾਇਬ ਸਿੰਘ ਬਰਾੜ, ਮਲਕੀਤ ਸਿੰਘ, ਹਰਜੀਤ ਸਿੰਘ ਬੇਦੀ, ਗੁਰਬਚਨ ਸਿੰਘ ਭਾਊ, ਸੂਬਾ ਸਿੰਘ ਭੁੱਲਰ, ਬਨਾਰਸੀ ਦਾਸ, ਦਰਸ਼ਨ ਲਾਲ ਬਜਾਜ, ਸ਼ਿਵਦੇਵ ਸਿੰਘ, ਪ੍ਰਾਣ ਨਾਥ, ਕਰਮ ਸਿੰਘ ਸ਼ਾਮਲ ਸਨ।

# ਬੰਦੀ ਸਿੰਘਾਂ ਦੀ ਰਿਹਾਈ ਲਈ 15 ਅਗਸਤ ਨੂੰ ਫਿਰੋਜ਼ਪੁਰ ’ਚ ਵੱਡੇ ਰੋਸ ਪ੍ਰਦਰਸ਼ਨ ਦਾ ਐਲਾਨ

## ਸਿੱਖ ਜਥੇਬੰਦੀਆਂ ਨੇ ਪੰਜਾਬ ਸਰਕਾਰ ਨੂੰ ਸੰਵਿਧਾਨਕ ਜ਼ਿੰਮੇਵਾਰੀਆਂ ਯਾਦ ਕਰਵਾਉਣ ਦੀ ਤਿਆਰੀ ਕੀਤੀ

ਫਿਰੋਜ਼ਪੁਰ, 12 ਅਗਸਤ (ਪ੍ਰੇਮ ਨਾਥ ਸ਼ਰਮਾ): ਬੰਦੀ ਸਿੱਖਾਂ ਦੀ ਰਿਹਾਈ ਸਮੇਤ ਵੱਖ-ਵੱਖ ਮੰਗਾਂ ਨੂੰ ਲੈ ਕੇ ਸਿੱਖ ਜਥੇਬੰਦੀਆਂ ਅਤੇ ਕਿਸਾਨ-ਮਜ਼ਦੂਰ ਆਗੂਆਂ ਵੱਲੋਂ 15 ਅਗਸਤ ਨੂੰ ਫਿਰੋਜ਼ਪੁਰ ਵਿਚ ਵੱਡੇ ਪੱਧਰ ’ਤੇ ਰੋਸ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਗਿਆ ਹੈ। ਜਥੇਬੰਦੀਆਂ ਦਾ ਕਹਿਣਾ ਹੈ ਕਿ ਆਪਣੀਆਂ ਸਜ਼ਾਵਾਂ ਪੂਰੀਆਂ ਕਰ ਚੁੱਕੇ ਕਈ ਸਿੱਖ ਕੈਦੀਆਂ ਦੀ ਲੰਬੇ ਸਮੇਂ ਤੋਂ ਰਿਹਾਈ ਨਹੀਂ ਹੋਈ, ਜਿਸ ਕਾਰਨ ਉਨ੍ਹਾਂ ਵਿੱਚ ਭਾਰੀ ਰੋਸ ਹੈ। ਆਗੂਆਂ ਨੇ ਕਿਹਾ ਕਿ ਪਿਛਲੇ ਕਈ ਸਾਲਾਂ ਤੋਂ ਕੌਮੀ ਇਨਸਾਫ਼ ਮੋਰਚਾ ਮੋਹਾਲੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਸਮੇਤ ਹੋਰ ਮਸਲਿਆਂ ਲਈ ਸੰਘਰਸ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਮੁਤਾਬਿਕ ਕੇਂਦਰ ਅਤੇ ਪੰਜਾਬ ਸਰਕਾਰ ਦੇ ਨੁਮਾਇੰਦਿਆਂ ਨਾਲ ਕਈ ਵਾਰ ਗੱਲਬਾਤ ਹੋਣ ਦੇ ਬਾਵਜੂਦ ਮਸਲੇ ਦਾ ਕੋਈ ਸਥਾਈ ਹੱਲ ਨਹੀਂ ਨਿਕਲਿਆ।ਆਗੂਆਂ ਨੇ ਦੋਸ਼ ਲਾਇਆ



ਕਿ ਦੋਵੇਂ ਸਰਕਾਰਾਂ ਇਕ-ਦੂਜੇ ਸਿਰ ਜ਼ਿੰਮੇਵਾਰੀ ਪਾ ਕੇ ਮਾਮਲੇ ਨੂੰ ਲੰਮਾ ਖਿੱਚ ਰਹੀਆਂ ਹਨ। ਜਥੇਬੰਦੀਆਂ ਅਨੁਸਾਰ ਬੰਦੀ ਸਿੰਘਾਂ ਨਾਲ ਸਬੰਧਤ ਮਾਮਲੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਸਮੇਤ ਸੁਪਰੀਮ ਕੋਰਟ ਵਿੱਚ ਵੀ ਉਠਾਏ ਗਏ ਹਨ। ਹਾਈਕੋਰਟ ਵੱਲੋਂ 6 ਜੁਲਾਈ ਨੂੰ ਮਾਮਲੇ ’ਤੇ ਗੰਭੀਰਤਾ ਨਾਲ ਵਿਚਾਰ ਕਰਕੇ ਫੈਸਲਾ ਲੈਣ ਲਈ ਸੱਤ ਹਫ਼ਤਿਆਂ ਦਾ ਸਮਾਂ ਦਿੱਤੇ ਜਾਣ ਦਾ ਵੀ ਆਗੂਆਂ ਨੇ ਜ਼ਿਕਰ ਕੀਤਾ। ਉਨ੍ਹਾਂ ਕਿਹਾ ਕਿ ਇਸੇ ਸੰਦਰਭ ਵਿਚ ਪੰਜਾਬ ਦੇ ਰਾਜਪਾਲ ਵੱਲੋਂ ਮੁੱਖ ਮੰਤਰੀ ਤੋਂ ਸਹਿਮਤੀ ਪੱਤਰ ਲੈਣ ਦੀ ਕਾਰਵਾਈ ਕੀਤੀ ਗਈ ਹੈ। ਮੀਟਿੰਗ ਦੌਰਾਨ ਭਾਈ ਬਲਵੰਤ ਸਿੰਘ ਰਾਜੋਆਣਾ, ਭਾਈ ਜਗਤਾਰ ਸਿੰਘ ਤਾਰਾ, ਪਰਮਜੀਤ ਸਿੰਘ ਭਿਉਰਾ ਅਤੇ ਹੋਰ ਬੰਦੀ ਸਿੱਖਾਂ ਦੀ ਰਿਹਾਈ ਦੀ ਮੰਗ ਮੁੜ ਉਠਾਈ ਗਈ। ਆਗੂਆਂ ਨੇ ਕਿਹਾ ਕਿ 15 ਅਗਸਤ ਨੂੰ ਕੇਂਦਰ ਸਰਕਾਰ ਖ਼ਿਲਾਫ਼ ਗਵਰਨਰ ਹਾਊਸ ਵੱਲ ਵੀ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ, ਜਦਕਿ ਮੁੱਖ ਮੰਤਰੀ ਪੰਜਾਬ ਦੀ ਫਿਰੋਜ਼ਪੁਰ ਆਮਦ ਦੇ ਮੱਦੇਨਜ਼ਰ ਜ਼ਿਲ੍ਹੇ ਵਿਚ ਵੀ ਵੱਡਾ ਪ੍ਰਦਰਸ਼ਨ ਹੋਵੇਗਾ। ਮੀਟਿੰਗ ਵਿਚ ਜਸਕਰਨ ਸਿੰਘ ਕਾਹਨ ਸਿੰਘ ਵਾਲਾ, ਹਰਨਾਮ ਸਿੰਘ, ਦਲੀਪ ਸਿੰਘ, ਕਸ਼ਮੀਰ ਸਿੰਘ, ਭਾਈ ਦਵਿੰਦਰ ਸਿੰਘ ਸੇਖੋਂ, ਐਡਵੋਕੇਟ ਜਗਮੀਤ ਸਿੰਘ, ਮਾਨ ਸਿੰਘ ਕਿੱਲੀ, ਜਗਦੀਪ ਸਿੰਘ, ਲਖਵੀਰ ਸਿੰਘ, ਜਸਬੀਰ ਭੁੱਲਰ, ਅਵਤਾਰ ਸਿੰਘ ਮਹਿਮਾ, ਬਲਦੇਵ ਸਿੰਘ, ਭਾਈ ਕੁਲਵੰਤ ਸਿੰਘ, ਭਾਈ ਅਵਤਾਰ ਸਿੰਘ, ਬੱਗਾ ਸਿੰਘ, ਗੁਰਚਰਨ ਸਿੰਘ ਭੁੱਲਰ, ਕਸ਼ਮੀਰ ਸਿੰਘ ਸਮੇਤ ਕਈ ਸੀਨੀਅਰ ਆਗੂ ਹਾਜ਼ਰ ਸਨ।

# ਸੀ.ਐੱਮ. ਦੀ ਯੋਗਸ਼ਾਲਾ ਨੂੰ ਮਿਲ ਰਿਹਾ ਭਰਵਾਂ ਹੁੰਗਾਰਾ, 17724 ਲੋਕਾਂ ਨੇ ਕਰਵਾਈ ਰਜਿਸਟ੍ਰੇਸ਼ਨ



ਸ੍ਰੀ ਮੁਕਤਸਰ ਸਾਹਿਬ, 12 ਅਗਸਤ(ਦੀਪਕ ਗਰਗ): ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹੇ ਵਿੱਚ ਪੰਜਾਬ ਸਰਕਾਰ ਦੀ ਸੀ.ਐੱਮ. ਦੀ ਯੋਗਸ਼ਾਲਾ ਮੁਹਿੰਮ ਲੋਕਾਂ ਨੂੰ ਸਿਹਤਮੰਦ ਜੀਵਨ ਵੱਲ ਪ੍ਰੇਰਿਤ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਰਹੀ ਹੈ। ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿੱਚ ਰੋਜ਼ਾਨਾ ਲਗਾਈਆਂ ਜਾ ਰਹੀਆਂ ਯੋਗ ਕਲਾਸਾਂ ਵਿੱਚ ਵੱਡੀ ਗਿਣਤੀ ਵਿੱਚ ਲੋਕ ਸ਼ਮੂਲੀਅਤ ਕਰ ਰਹੇ ਹਨ। ਜ਼ਿਲ੍ਹੇ ਵਿੱਚ ਇਸ ਸਮੇਂ 390 ਯੋਗਾ ਕਲਾਸਾਂ ਚੱਲ ਰਹੀਆਂ ਹਨ, ਜਦਕਿ 16,866 ਨਾਗਰਿਕਾਂ ਵੱਲੋਂ ਇਨ੍ਹਾਂ ਕਲਾਸਾਂ ਲਈ ਰਜਿਸਟ੍ਰੇਸ਼ਨ ਕਰਵਾਈ ਜਾ ਚੁੱਕੀ ਹੈ। ਇਹ ਅੰਕੜਾ ਦਰਸਾਉਂਦਾ ਹੈ ਕਿ ਲੋਕ ਯੋਗ, ਪ੍ਰਾਣਾਯਾਮ ਅਤੇ ਧਿਆਨ ਰਾਹੀਂ ਆਪਣੀ ਸਰੀਰਕ ਤੇ ਮਾਨਸਿਕ ਸਿਹਤ ਪ੍ਰਤੀ ਪਹਿਲਾਂ ਨਾਲੋਂ ਵਧੇਰੇ ਜਾਗਰੂਕ ਹੋ ਰਹੇ ਹਨ। ਜ਼ਿਲ੍ਹਾ ਯੋਗ ਕੋਆਰਡੀਨੇਟਰ ਆਜ਼ਾਦ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਸੀ.ਐੱਮ. ਦੀ ਯੋਗਸ਼ਾਲਾ ਟੀਮ ਵੱਲੋਂ ਸਾਂਝੇ ਤੌਰ ’ਤੇ ਲੋਕਾਂ ਨੂੰ ਯੋਗ ਨਾਲ ਜੋੜਨ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ 79 ਯੋਗਾ ਟਰੇਨਰ ਰੋਜ਼ਾਨਾ ਲੋਕਾਂ ਨੂੰ ਯੋਗ ਆਸਨਾਂ, ਪ੍ਰਾਣਾਯਾਮ ਅਤੇ ਧਿਆਨ ਦੀ ਸਿਖਲਾਈ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਯੋਗ ਸਿਰਫ਼ ਸਰੀਰਕ ਤੰਦਰੁਸਤੀ ਲਈ ਹੀ ਨਹੀਂ, ਸਗੋਂ ਤਣਾਅ ਘਟਾਉਣ ਅਤੇ ਮਾਨਸਿਕ ਸ਼ਾਂਤੀ ਲਈ ਵੀ ਲਾਭਦਾਇਕ ਹੈ। ਸੀ.ਐੱਮ. ਦੀ ਯੋਗਸ਼ਾਲਾ ਦਾ ਮੁੱਖ ਮੰਤਵ ਲੋਕਾਂ ਨੂੰ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਯੋਗ ਨੂੰ ਸ਼ਾਮਲ ਕਰਨ ਲਈ ਉਤਸ਼ਾਹਿਤ ਕਰਨਾ ਅਤੇ ਇੱਕ ਸਿਹਤਮੰਦ, ਜਾਗਰੂਕ ਤੇ ਖ਼ੁਸ਼ਹਾਲ ਪੰਜਾਬ ਦੀ ਸਿਰਜਣਾ ਕਰਨਾ ਹੈ।

# ਫਿਟ ਬਾਈਕਰ ਕਲੱਬ ਵੱਲੋਂ ਵਿਸ਼ਵ ਪੱਧਰੀ ਸਾਈਕਲਿਸਟ ਸੋਮੇਨ ਦੇਬਨਾਥ ਦਾ ਸਨਮਾਨ , 191 ਦੇਸ਼ਾਂ ਦੀ ਯਾਤਰਾ ਕਰਕੇ ਐੱਚ.ਆਈ.ਵੀ. ਜਾਗਰੂਕਤਾ ਦਾ ਦਿੱਤਾ ਸੁਨੇਹਾ



ਹੁਸ਼ਿਆਰਪੁਰ, 12 ਅਗਸਤ (ਰਿੰਕੂ ਥਾਪਰ): ਫਿੱਟ ਬਾਈਕਰ ਕਲੱਬ ਵੱਲੋਂ ਕਲੱਬ ਪ੍ਰਧਾਨ ਪਰਮਜੀਤ ਸਿੰਘ ਸੱਚਦੇਵਾ ਦੀ ਅਗਵਾਈ ਹੇਠ ਵਿਸ਼ਵ ਪੱਧਰੀ ਸਾਈਕਲਿਸਟ ਸੋਮੇਨ ਦੇਬਨਾਥ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਸੋਮੇਨ ਦੇਬਨਾਥ ਨੇ ਸਾਈਕਲ ਰਾਹੀਂ 19 ਸਾਲਾਂ ਦੇ ਲੰਮੇ ਸਫ਼ਰ ਦੌਰਾਨ ਦੁਨੀਆ ਦੇ 191 ਦੇਸ਼ਾਂ ਦੀ ਯਾਤਰਾ ਕਰਕੇ ਐੱਚ.ਆਈ.ਵੀ.ਏਡਜ਼ ਸਬੰਧੀ ਜਾਗਰੂਕਤਾ ਫੈਲਾਉਣ ਦਾ ਵਿਲੱਖਣ ਕਾਰਜ ਕੀਤਾ ਹੈ। ਇਸ ਮੌਕੇ ਕਲੱਬ ਪ੍ਰਧਾਨ ਪਰਮਜੀਤ ਸਿੰਘ ਸੱਚਦੇਵਾ ਨੇ ਕਿਹਾ ਕਿ ਸੋਮੇਨ ਦੇਬਨਾਥ ਦੀ ਇਹ ਯਾਤਰਾ ਸਿਰਫ਼ ਇੱਕ ਵਿਸ਼ਵ ਰਿਕਾਰਡ ਨਹੀਂ, ਬਲਕਿ ਮਨੁੱਖਤਾ ਅਤੇ ਸਮਾਜਿਕ ਜਾਗਰੂਕਤਾ ਨਾਲ ਜੁੜਿਆ ਇੱਕ ਵੱਡਾ ਮਿਸ਼ਨ ਹੈ। ਉਨ੍ਹਾਂ ਕਿਹਾ ਕਿ 19 ਸਾਲਾਂ ਤੱਕ ਸਾਈਕਲ ’ਤੇ ਦੁਨੀਆ ਦੇ 191 ਦੇਸ਼ਾਂ ਦਾ ਦੌਰਾ ਕਰਨਾ ਆਪਣੇ ਆਪ ਵਿੱਚ ਬੇਮਿਸਾਲ ਹੌਸਲੇ, ਦ੍ਰਿੜ੍ਹ ਇਰਾਦੇ ਅਤੇ ਲਗਾਤਾਰ ਮਿਹਨਤ ਦੀ ਮਿਸਾਲ ਹੈ। ਉਨ੍ਹਾਂ ਕਿਹਾ ਕਿ ਦੇਬਨਾਥ ਨੇ ਆਪਣੀ ਯਾਤਰਾ ਦੌਰਾਨ ਲੋਕਾਂ ਨੂੰ ਐੱਚ.ਆਈ.ਵੀ.ਏਡਜ਼ ਤੋਂ ਬਚਾਅ ਅਤੇ ਇਸ ਸਬੰਧੀ ਜਾਗਰੂਕਤਾ ਦਾ ਸੁਨੇਹਾ ਦੇ ਕੇ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਈ ਹੈ। ਇਸ ਮੌਕੇ ਸੋਮੇਨ ਦੇਬਨਾਥ ਨੇ ਫਿਟ ਬਾਈਕਰ ਕਲੱਬ ਵੱਲੋਂ ਕੀਤੇ ਸਨਮਾਨ ਲਈ ਧੰਨਵਾਦ ਕੀਤਾ। ਉਨ੍ਹਾਂ ਲੋਕਾਂ ਨੂੰ ਸਿਹਤਮੰਦ ਜੀਵਨ ਜਿਊਣ, ਨਿਯਮਿਤ ਕਸਰਤ ਕਰਨ ਅਤੇ ਸਮਾਜਿਕ ਮੁੱਦਿਆਂ ਪ੍ਰਤੀ ਜਾਗਰੂਕ ਰਹਿਣ ਦੀ ਅਪੀਲ ਕੀਤੀ। ਇਸ ਮੌਕੇ ਉੱਤਮ ਸਿੰਘ ਸਾਬੀ, ਸਾਗਰ ਸੈਣੀ, ਦੌਲਤ ਸਿੰਘ, ਸ਼ਿਵਾਂਜਲੀ ਸ਼ਰਮਾ, ਤਰਲੋਚਨ ਸਿੰਘ, ਗੁਰਮੇਲ ਸਿੰਘ, ਓਂਕਾਰ ਸਿੰਘ, ਰੋਹਿਤ ਬੱਸੀ, ਰਮਨ ਬੋਪਾਰਾਏ, ਗੋਵਿੰਦਰ ਬੰਟੀ, ਤਜਿੰਦਰ ਸਿੰਘ, ਸੰਜੀਵ ਸੋਹਲ, ਮਨੂ ਪੰਡਿਤ, ਰਣਜੀਤ ਸਿੰਘ, ਅਮਰਿੰਦਰ ਸੈਣੀ ਅਤੇ ਮੁਨੀਰ ਨਜ਼ਰ ਸਮੇਤ ਕਲੱਬ ਦੇ ਮੈਂਬਰ ਹਾਜ਼ਰ ਸਨ।

# ਤੂੜੀ ਨਾਲ ਭਰੇ ਓਵਰਲੋਡ ਵਾਹਨ ਦੇ ਰਹੇ ਹਨ ਹਾਦਸਿਆਂ ਨੂੰ ਸੱਦਾ

ਮਾਨਸਾ, 12 ਅਗਸਤ (ਗੀਤਵਾਲ)-ਜ਼ਿਲੇ ਵਿੱਚ ਇਨ੍ਹੀਂ ਦਿਨੀਂ ਤੂੜੀ ਨਾਲ ਲੱਦੇ ਟਰਾਲੀਆਂ ਅਤੇ ਟਰੱਕ ਸੜਕਾਂ ’ਤੇ ਲੋੜੋਂ ਵੱਧ ਭਾਰ ਲੈ ਕੇ ਬੇਰੋਕ ਦੌੜ ਰਹੇ ਹਨ,



ਜੋ ਹਾਦਸਿਆਂ ਨੂੰ ਖੁੱਲ੍ਹਾ ਸੱਦਾ ਦੇ ਰਹੇ ਹਨ। ਓਵਰਲੋਡਿੰਗ ਕਾਰਨ ਤੂੜੀ ਸੜਕ ਦੇ ਦੋਵੇਂ ਪਾਸੇ ਵੱਲ ਕਾਫੀ ਦੂਰ ਤੱਕ ਫੈਲੀ ਹੁੰਦੀ ਹੈ, ਜਿਸ ਨਾਲ ਸੜਕ ਦਾ ਵੱਡਾ ਹਿੱਸਾ ਘਿਰ ਜਾਂਦਾ ਹੈ ਅਤੇ ਪਿੱਛੇ ਆ ਰਹੇ ਵਾਹਨਾਂ ਨੂੰ ਅੱਗੇ ਦਾ ਰਸਤਾ ਬਿਲਕੁਲ ਵਿਖਾਈ ਨਹੀਂ ਦਿੰਦਾ। ਸਥਾਨਕ ਵਸਨੀਕਾਂ ਦਾ ਕਹਿਣਾ ਹੈ ਕਿ ਇਹ ਵਾਹਨ ਨਾ ਸਿਰਫ਼ ਸੜਕ ਦੀ ਸਮਰੱਥਾ ਤੋਂ ਵੱਧ ਭਾਰ ਢੋਂਦੇ ਹਨ, ਸਗੋਂ ਬਹੁਤੀ ਵਾਰ ਇਨ੍ਹਾਂ ਦੇ ਪਿੱਛੇ ਕੋਈ ਲਾਲ ਕੱਪੜਾ ਜਾਂ ਸੰਕੇਤ ਵੀ ਨਹੀਂ ਲਾਇਆ ਹੁੰਦਾ, ਜਿਸ ਕਾਰਨ ਰਾਤ ਵੇਲੇ ਦੁਰਘਟਨਾ ਦਾ ਖ਼ਤਰਾ ਹੋਰ ਵੀ ਵੱਧ ਜਾਂਦਾ ਹੈ। ਕਈ ਵਾਹਨ ਚਾਲਕ ਤੇਜ਼ ਰਫ਼ਤਾਰ ਨਾਲ ਗੱਡੀ ਚਲਾਉਂਦੇ ਹਨ, ਜਿਸ ਕਾਰਨ ਸੰਤੁਲਨ ਵਿਗੜਨ ’ਤੇ ਵਾਹਨ ਪਲਟਣ ਦੀਆਂ ਘਟਨਾਵਾਂ ਵੀ ਸਾਹਮਣੇ ਆ ਚੁੱਕੀਆਂ ਹਨ। ਪਿਛਲੇ ਦਿਨੀਂ ਵਾਪਰੀਆਂ ਕੁਝ ਘਟਨਾਵਾਂ ਵਿੱਚ ਅਜਿਹੇ ਓਵਰਲੋਡ ਵਾਹਨਾਂ ਕਾਰਨ ਦੋਪਹੀਆ ਵਾਹਨ ਚਾਲਕਾਂ ਨੂੰ ਅਚਾਨਕ ਮੋੜ ਕੱਟਣਾ ਪਿਆ, ਜਿਸ ਨਾਲ ਛੋਟੀਆਂ-ਮੋਟੀਆਂ ਦੁਰਘਟਨਾਵਾਂ ਵਾਪਰੀਆਂ। ਲੋਕਾਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਅਜਿਹੇ ਓਵਰਲੋਡ ਵਾਹਨਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਟਰੈਫਿਕ ਪੁਲਿਸ ਵੱਲੋਂ ਵਿਸ਼ੇਸ਼ ਚੈਕਿੰਗ ਮੁਹਿੰਮ ਚਲਾਈ ਜਾਵੇ ਤਾਂ ਜੋ ਭਵਿੱਖ ਵਿੱਚ ਕਿਸੇ ਵੱਡੇ ਹਾਦਸੇ ਨੂੰ ਟਾਲਿਆ ਜਾ ਸਕੇ।

# ਨਗਰ ਨਿਗਮ ਦੇ ਪਹਿਲੇ ਏਜੰਡੇ ’ਤੇ ਵਰ੍ਹੇ ਡਾ. ਹਰਜੋਤ ਕਮਲ, ਕਿਹਾ ‘ਵਿਕਾਸ ਗਾਇਬ, ਗੰਭੀਰ ਸਮੱਸਿਆਵਾਂ ਲਈ ਵੀ ਕੋਈ ਐਕਸ਼ਨ ਪਲਾਨ ਨਹੀਂ’

ਮੋਗਾ, 12 ਅਗਸਤ (ਲਛਮਣ ਜੀਤ ਸਿੰਘ ਪੁਰਬਾ): ਨਵੀਂ ਨਗਰ ਨਿਗਮ ਦੇ ਪਹਿਲੇ ਏਜੰਡੇ ਨੂੰ ਲੈ ਕੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਡਾ. ਹਰਜੋਤ ਕਮਲ ਨੇ ਆਮ ਆਦਮੀ ਪਾਰਟੀ ਸਰਕਾਰ ਅਤੇ ਨਗਰ ਨਿਗਮ ਪ੍ਰਸ਼ਾਸਨ ’ਤੇ ਤਿੱਖਾ ਹਮਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਨਵੇਂ ਸਦਨ ਦੀ ਪਹਿਲੀ ਮੀਟਿੰਗ ਤੋਂ ਸ਼ਹਿਰ ਵਾਸੀਆਂ ਨੂੰ ਵਿਕਾਸ ਕਾਰਜਾਂ ਅਤੇ ਗੰਭੀਰ ਸਮੱਸਿਆਵਾਂ ਦੇ ਹੱਲ ਸਬੰਧੀ ਵੱਡੀਆਂ ਉਮੀਦਾਂ ਸਨ, ਪਰ ਏਜੰਡੇ ਵਿੱਚ ਨਾ ਤਾਂ ਕੋਈ ਵੱਡਾ ਵਿਕਾਸ ਕਾਰਜ ਨਜ਼ਰ ਆਇਆ ਅਤੇ ਨਾ ਹੀ ਸ਼ਹਿਰ ਦੀਆਂ ਮੌਜੂਦਾ ਸਮੱਸਿਆਵਾਂ ਨਾਲ ਨਜਿੱਠਣ ਲਈ ਕੋਈ ਠੋਸ ਐਕਸ਼ਨ ਪਲਾਨ ਸ਼ਾਮਲ ਕੀਤਾ ਗਿਆ।

**ਸੁੰਦਰੀਕਰਨ ’ਤੇ ਸਵਾਲ, ਘੰਟਾਘਰ ਪ੍ਰੋਜੈਕਟ ਦੀ ਜਾਂਚ ਦੀ ਮੰਗ**

ਡਾ. ਹਰਜੋਤ ਕਮਲ ਨੇ ਸ਼ਹਿਰ ਦੇ ਸੁੰਦਰੀਕਰਨ ’ਤੇ ਵੀ ਸਵਾਲ



ਉਠਾਉਂਦਿਆਂ ਕਿਹਾ ਕਿ ਜਦੋਂ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਨਹੀਂ ਮਿਲ ਰਹੀਆਂ ਤਾਂ ਸਿਰਫ਼ ਸੁੰਦਰੀਕਰਨ ’ਤੇ ਪੈਸਾ ਖਰਚ ਕਰਨ ਦਾ ਕੀ ਔਚਿਤ ਹੈ। ਉਨ੍ਹਾਂ ਘੰਟਾਘਰ ਪ੍ਰੋਜੈਕਟ ਦਾ ਉਦਾਹਰਨ ਦਿੰਦਿਆਂ ਇਸ ਦੀ ਲਾਗਤ ਕਰੀਬ 22.50 ਲੱਖ ਰੁਪਏ ਹੋਣ ਅਤੇ ਡਿਜ਼ਾਈਨ ਵਿੱਚ ਕੀਤੇ ਗਏ ਬਦਲਾਅ ਨੂੰ ਲੈ ਕੇ ਪਾਰਦਰਸ਼ਤਾ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਸਫਾਈ ਕਰਮਚਾਰੀਆਂ ਦੀ ਕਰੀਬ 25 ਦਿਨ ਚੱਲੀ ਹੜਤਾਲ ਤੋਂ ਬਾਅਦ ਸ਼ਹਿਰ ਵਿੱਚ ਇਕੱਠੇ ਹੋਏ ਕੂੜੇ ਨੂੰ ਜੰਗੀ ਪੱਧਰ ’ਤੇ ਹਟਾਉਣਾ ਨਗਰ ਨਿਗਮ ਦੀ ਪਹਿਲੀ ਤਰਜੀਹ ਹੋਣੀ ਚਾਹੀਦੀ ਸੀ।

ਇਸ ਲਈ ਵਾਧੂ ਕਰਮਚਾਰੀਆਂ ਅਤੇ ਸਰੋਤਾਂ ਦਾ ਪ੍ਰਬੰਧ ਕਰਨ ਦੀ ਲੋੜ ਸੀ। ਭਾਜਪਾ ਆਗੂ ਨੇ ਮੰਗ ਕੀਤੀ ਕਿ ਨਗਰ ਨਿਗਮ ਵੱਲੋਂ ਕੂੜਾ ਨਿਪਟਾਰਾ, ਡਰੇਨੇਜ, ਪਾਣੀ ਭਰਨ ਅਤੇ ਪੀਣ ਵਾਲੇ ਪਾਣੀ ਦੀ ਸਮੱਸਿਆ ਸਬੰਧੀ ਸਪਸ਼ਟ ਅਤੇ ਸਮਾਂਬੱਧ ਕਾਰਜ ਯੋਜਨਾ ਤਿਆਰ ਕਰਕੇ ਉਸ ਨੂੰ ਸਦਨ ਦੇ ਸਾਹਮਣੇ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਜਨਤਾ ਨੂੰ ਸਿਰਫ਼ ਸੁੰਦਰੀਕਰਨ ਦੇ ਦਾਅਵੇ ਨਹੀਂ, ਸਗੋਂ ਸਾਫ਼-ਸਫਾਈ, ਪਾਣੀ ਦੀ ਨਿਕਾਸੀ ਅਤੇ ਸੁਰੱਖਿਅਤ ਪੀਣ ਵਾਲੇ ਪਾਣੀ ਵਰਗੀਆਂ ਬੁਨਿਆਦੀ ਸਹੂਲਤਾਂ ਚਾਹੀਦੀਆਂ ਹਨ।






# ਸਿੱਖਾਂ ਦੀਆਂ ਸੰਸਥਾਵਾਂ ਦੇ ਮੁਖੀਆਂ ਦੇ ਗੈਰ ਸਿਧਾਂਤਕ ਅਮਲਾਂ ਦੀ ਜਵਾਬਦੇਹੀ ਤੈਅ ਹੋਵੇ - ਸਿੱਖ ਜਥਾ ਮਾਲਵਾ

## ਮਸਲਾ ਅਕਾਲ ਕਾਲਜ ਕੌਂਸਲ ਮਸਤੂਆਣਾ ਸਾਹਿਬ ਦੇ ਸਕੱਤਰ ਦਾ ਪੰਥ ਦੋਖੀ ਲਾਲਾ ਜਗਤ ਨਰਾਇਣ ਸਬੰਧੀ ਹੋਏ ਖ਼ੂਨਦਾਨ ਕੈਂਪ ਵਿੱਚ ਉਸ ਦੀ ਤਸਵੀਰ ਅੱਗੇ ਜੋਤ ਜਗਾਉਣ ਦਾ ਖਹਿਰਾ ਵਲੋਂ ਆਇਆ ਸਪਸ਼ਟੀਕਰਨ, ਆਖਿਆ ਅਣਜਾਣੇ ਵਿਚ ਹੋਈ ਗਲਤੀ



ਭਵਾਨੀਗੜ੍ਹ 12 ਅਗਸਤ (ਕ੍ਰਿਸ਼ਨ ਚੌਹਾਨ)-ਸਿੱਖ ਜਥਾ ਮਾਲਵਾ ਦੇ ਭਵਾਨੀਗੜ੍ਹ ਤੋਂ ਮੁੱਖ ਸੇਵਾਦਾਰ ਬਾਬਾ ਮਲਕੀਤ ਸਿੰਘ ਅਤੇ ਸਮੂਹ ਜਥੇ ਵੱਲੋਂ ਗਲਬਾਤ ਕਰਦਿਆ ਦੱਸਿਆ ਕਿ ਬੀਤੀ 8 ਅਗਸਤ ਨੂੰ ਸੰਗਰੂਰ ਦੇ ਲਿਟਲ ਫਲਾਵਰ ਸਕੂਲ ਵਿਚ ਪੰਜਾਬ ਕੇਸਰੀ, ਜੱਗ ਬਾਣੀ ਅਤੇ ਸਕੂਲ ਵੱਲੋਂ ਪੰਥ ਦੋਖੀ ਲਾਲਾ ਜਗਤ ਨਰਾਇਣ ਦੀ ਬਰਸੀ ਸਬੰਧੀ ਲੱਗੇ ਖੂਨਦਾਨ ਕੈਂਪ ਵਿੱਚ ਅਕਾਲ ਕਾਲਜ ਕੌਂਸਲ ਮਸਤੂਆਣਾ ਸਾਹਿਬ ਦੇ ਸਕੱਤਰ ਜਸਵੰਤ ਸਿੰਘ ਖਹਿਰਾ ਨੇ ਬਤੌਰ ਮਹਿਮਾਨ ਹਾਜ਼ਰੀ ਭਰੀ ਅਤੇ ਉਸ ਦੀ ਤਸਵੀਰ ਅੱਗੇ ਜੋਤ ਵੀ ਜਗਾਈ, ਜਿਸ ਬਾਰੇ 10 ਅਗਸਤ 2026 ਦੀਆਂ ਅਖਬਾਰਾਂ ਵਿੱਚ ਸਮੇਤ ਤਸਵੀਰਾਂ ਖ਼ਬਰਾਂ ਵੀ ਛਪੀਆਂ ਅਤੇ ਵੀਡੀਓ ਵੀ ਮੌਜੂਦ ਹੈ। ਜੂਨ 1984 ਤੀਜੇ ਘੱਲੂਘਾਰੇ ਤੋਂ ਪਹਿਲਾਂ ਸਿੱਖਾਂ ਖਿਲਾਫ ਮਹੌਲ ਬਣਾਉਣ ਵਿੱਚ ਪੰਥ ਦੋਖੀ ਲਾਲਾ ਜਗਤ ਨਰਾਇਣ ਦੀ ਭੂਮਿਕਾ ਤੋਂ ਕੋਈ ਵੀ ਅਣਜਾਣ ਨਹੀ ਹੈ। ਅਕਾਲ ਕਾਲਜ ਕੌਂਸਲ ਸੰਤ ਬਾਬਾ ਅਤਰ ਸਿੰਘ ਜੀ ਵੱਲੋਂ ਸਥਾਪਿਤ ਕੀਤਾ ਗਿਆ ਸੀ, ਜਿਨ੍ਹਾਂ ਦੀ ਸਖਸ਼ੀਅਤ ਅਤੇ ਪੰਥਕ ਕਾਰਜਾਂ ਦਾ ਵੱਡਾ ਇਤਿਹਾਸ ਹੈ। ਅਜਿਹੀ ਸੰਸਥਾ ਦੇ ਮੋਹਰੀ ਦਾ ਲਾਲਾ ਜਗਤ ਨਰਾਇਣ ਵਰਗੇ ਪੰਥ ਦੋਖੀ ਦੇ ਸਮਾਗਮ ਵਿਚ ਜਾਣਾ ਅਤੇ ਉਸ ਦੀ ਤਸਵੀਰ ਅੱਗੇ ਜੋਤ ਜਗਾਉਣੀ ਬਹੁਤ ਗੰਭੀਰ ਮਸਲਾ ਹੈ। ਪਿਛਲੇ ਸਾਲ ਵੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਮੁਖੀ ਦਾ ਆਰ.ਐੱਸ.ਐੱਸ. ਦੇ ਸਮਾਗਮ ਵਿਚ ਜਾਣ ਦਾ ਮਸਲਾ ਸਾਹਮਣੇ ਆਇਆ ਸੀ। ਬਹੁਤੀ ਵਾਰ ਵੱਡੀਆਂ ਥਾਵਾਂ ਤੇ ਬੈਠੇ ਬੰਦੇ ਆਪਣੀਆਂ ਨਿੱਜੀ ਰੁਚੀਆਂ ਕਰਕੇ ਅਜਿਹੀਆਂ ਥਾਵਾਂ ਤੇ ਆਪਣਾ ਮਿਲਵਰਤਣ ਬਣਾ ਲੈਂਦੇ ਹਨ, ਪਰ ਰੁਤਬਾ ਸੰਸਥਾਵਾਂ ਦਾ ਵਰਤਦੇ ਹਨ, ਜਦਕਿ ਸੰਸਥਾਵਾਂ ਕਿਸੇ ਦੀ ਨਿੱਜੀ ਮਲਕੀਅਤ ਨਹੀ ਹੁੰਦੀਆਂ। ਅਜਿਹੇ ਕਿੰਨੇ ਮਸਲੇ ਸਾਹਮਣੇ ਆਉਂਦੇ ਰਹਿੰਦੇ ਹਨ ਜੋ ਇਕ ਵਕਤੀ ਚਰਚਾ ਦਾ ਹਿੱਸਾ ਤਾਂ ਜ਼ਰੂਰ ਬਣਦੇ ਹਨ ਪਰ ਕੋਈ ਪੱਕੇ ਹੱਲ ਵੱਲ ਗੱਲ ਨਹੀ ਤੁਰਦੀ। ਇਹ ਵਿਚਾਰ ਸਿੱਖ ਜਥਾ ਮਾਲਵਾ ਵਲੋਂ ਮਸਤੂਆਣਾ ਸਾਹਿਬ ਦੇ ਪ੍ਰਬੰਧਕਾਂ ਵਲੋਂ ਆਈ ਕੁਤਾਹੀ ਸਾਹਮਣੇ ਆਉਣ ਤੋਂ ਬਾਅਦ ਜਾਰੀ ਕੀਤੇ ਇੱਕ ਲਿਖਤੀ ਬਿਆਨ ਵਿਚ ਸਾਂਝੇ ਕੀਤੇ ਗਏ। ਬਾਅਦ ਦੁਪਹਿਰ ਜਸਵੰਤ ਸਿੰਘ ਖਹਿਰਾ ਵਲੋਂ ਇਸ ਸਬੰਧੀ ਸਪਸ਼ਟੀਕਰਨ ਵੀ ਸਾਹਮਣੇ ਆਇਆ, ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਖੂਨਦਾਨ ਕੈਂਪ ਬਾਰੇ ਪੂਰੀ ਤਰ੍ਹਾਂ ਜਾਣਕਾਰੀ ਪ੍ਰਾਪਤ ਨਹੀਂ ਹੋਈ ਸੀ, ਅਤੇ ਉਥੇ ਮਹਿਮਾਨਾਂ ਵਜੋਂ ਸ਼ੁਰੂਆਤੀ ਰਸਮਾਂ ਨਿਭਾਉਣ ਤੋਂ ਬਾਅਦ ਹੀ ਉਨ੍ਹਾਂ ਨੂੰ ਸਾਰੀ ਸੱਚਾਈ ਦਾ ਪਤਾ ਲੱਗਿਆ। ਜਿਸ ਤੋਂ ਬਾਅਦ ਉਹ ਓਥੋਂ ਵਾਪਸ ਆ ਗਏ। ਉਨ੍ਹਾਂ ਇਸ ਨੈਤਿਕ ਗਲਤੀ ਨੂੰ ਸਵੀਕਾਰ ਕਰਦਿਆਂ ਇਸਦੀ ਮੁਆਫੀ ਵੀ ਮੰਗ ਲਈ ਹੈ। ਅਜਿਹੀਆਂ ਘਟਨਾਵਾਂ ਦੇ ਸਬੰਧ ਵਿੱਚ ਸਿੱਖ ਜਥਾ ਮਾਲਵਾ ਵਲੋਂ ਸੰਸਥਾਵਾਂ ਦੇ ਮੁਖੀਆਂ ਜਾਂ ਹੋਰ ਜ਼ਿੰਮੇਵਾਰ ਵਿਅਕਤੀਆਂ ਦਾ ਵਰਤ ਵਰਤਾਓ ਅਤੇ ਜਵਾਬਦੇਹੀ ਤੈਅ ਕੀਤੇ ਜਾਣ ਤੇ ਜੋਰ ਦਿੱਤਾ। ਇਹ ਨਹੀ ਕਿ ਜਿੱਥੇ ਦਿਲ ਕੀਤਾ ਵਰਤ ਲਿਆ ਤੇ ਸੰਗਤ ਨੂੰ ਕੋਈ ਜਵਾਬਦੇਹੀ ਵੀ ਨਾ ਹੋਏ ਤੇ ਮੁੜ ਸੰਗਤ ਵਿੱਚ ਵੀ ਵਿਚਰਦੇ ਰਹਿਣ। ਉਨ੍ਹਾਂ ਆਖਿਆ ਕਿ ਉੱਥੇ ਭਵਿੱਖ ਵਿੱਚ ਅਜਿਹਾ ਨਾ ਵਾਪਰੇ ਇਸ ਸਬੰਧੀ ਅਕਾਲ ਤਖਤ ਸਾਹਿਬ ਤੋਂ ਗੁਰੂ ਖਾਲਸਾ ਪੰਥ ਵੱਲੋਂ ਕੋਈ ਪੱਕਾ ਵਿਧੀ ਵਿਧਾਨ ਤੈਅ ਕੀਤਾ ਜਾਣਾ ਚਾਹੀਦਾ ਹੈ, ਸੰਗਤ ਅਤੇ ਸਿਧਾਂਤ ਦੇ ਕੁੰਡੇ ਤੋਂ ਬਿਨਾਂ ਅਜਿਹੀਆਂ ਘਟਨਾਵਾਂ ਨੇ ਰੁਕਣਾ ਨਹੀ ਹੈ।

## ਜਨ ਜਾਗਰਣ

# ਬੰਦੇ ਬਿਰਖ ਹੋ ਗਏ

ਭਾਈ ਜਗਤਾਰ ਸਿੰਘ ਹਵਾਰਾ ਦੀ ਬਿਰਧ ਮਾਤਾ ਕਾਫ਼ੀ ਲੰਮੇ ਸਮੇਂ ਤੋਂ ਬਿਮਾਰ ਹੈ ਅਤੇ ਪੰਥਕ ਜਥੇਬੰਦੀਆਂ ਸਮੇਂ ਸਮੇਂ ਤੇ ਉਹਨਾਂ ਲਈ ਪੈਰੋਲ ਦੀ ਮੰਗ ਕਰ ਚੁੱਕੀਆਂ ਹਨ। ਹੁਣ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵੀ ਉਹਨਾਂ ਲਈ ਪੈਰੋਲ ਦੀ ਮੰਗ ਕੀਤੀ, ਇੱਕ ਪੱਤਰ ਲਿਖਿਆ ਅਤੇ ਹੁਣ ਇਸ ਸਬੰਧੀ ਮੁੱਖ ਮੰਤਰੀ ਗਵਰਨਰ ਪੰਜਾਬ ਨੂੰ ਵੀ ਮਿਲੇ। ਮੁੱਖ ਮੰਤਰੀ ਨੇ ਮੀਡੀਆ ਦੇ ਰੂਬਰੂ ਹੁੰਦਿਆ ਕਿਹਾ ਕਿ ਜਲਦ ਜਗਤਾਰ ਸਿੰਘ ਹਵਾਰਾ ਆਪਣੀ ਮਾਤਾ ਦੇ ਕੋਲ ਹੋਣਗੇ। ਦਰਅਸਲ ਬੰਦੀ ਸਿੰਘਾਂ ਦੀ ਰਿਹਾਈ ਦਾ ਮਸਲਾ ਬੀਤੇ ਲੰਮੇ ਸਮੇਂ ਤੋਂ ਸਿੱਖ ਕੌਮ ਚੁੱਕਦੀ ਆ ਰਹੀ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੀ ਇਸ ਸਬੰਧ ਵਿਚ ਸਮੇਂ ਸਮੇਂ ਤੇ ਕੇਂਦਰ ਸਰਕਾਰ ਨੂੰ ਚਿੱਠੀਆਂ ਲਿਖੀਆ ਗਈਆ। ਰਿਹਾਈ ਤਾਂ ਦੂਰ ਦੀ ਗੱਲ ਬੰਦੀ ਸਿੰਘਾਂ ਲਈ ਤਾਂ ਪੈਰੋਲ ਵੀ ਔਖੀ ਹੋ ਚੁੱਕੀ ਹੇ। ਇਸ ਸਾਰੇ ਸੰਦਰਭ ਨੂੰ ਸਮਝਣ ਤੋਂ ਪਹਿਲਾ ਅਸੀਂ ਸਮਝ ਲਈਏ ਕਿ ਬੰਦੀ ਸਿੰਘ ਹਨ ਕੌਣ, ਇਹ ਉਹ ਸਿੱਖ ਹਨ ਜ਼ੋ ਦੇਸ਼ ਦੇ ਕਾਨੂੰਨ ਅਨੁਸਾਰ ਆਪਣੀ ਸ਼ਜਾਵਾਂ ਪੂਰੀਆਂ ਕਰ ਚੁੱਕੇ ਹਨ ਅਤੇ ਕੁਝ ਤਾਂ ਮਾਣਯੋਗ ਅਦਾਲਤ ਵੱਲੋਂ ਸੁਣਾਈ ਸ਼ਜਾ ਤੋਂ ਦੁੱਗਣਾ ਸਮਾਂ ਜੇਲ੍ਹ ਵਿਚ ਕੱਟ ਚੁੱਕੇ ਹਨ, ਪਰ ਇਹਨਾਂ ਨੂੰ ਰਿਹਾਅ ਨਹੀਂ ਕੀਤਾ ਗਿਆ। ਇਹਨਾਂ ਦੀ ਰਿਹਾਈ ਲਈ ਕੌਮ ਲਗਾਤਾਰ ਯਤਨਸ਼ੀਲ ਰਹੀ ਹੈ। ਹੁਣ ਜਦ ਫਿਰ ਤੋਂ ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਉੱਠੀ ਹੈ ਤਾਂ ਦੇਸ਼ ਦੀ ਕਾਨੂੰਨ ਵਿਵਸਥਾ ਸਬੰਧੀ ਬਹੁਤ ਸਾਰੇ ਸਵਾਲ ਮਨ ਵਿਚ ਆਉਂਦੇ ਹਨ ।ਅਸਲ ਵਿਚ ਦੇਸ਼ ਵਿਚ ਹੌਲੀ ਹੌਲੀ ਚੱਲ ਰਹੀ ਕਾਨੂੰਨੀ ਰਫ਼ਤਾਰ ਕਾਰਨ ਬਹੁਤ ਸਾਰੇ ਆਮ ਆਦਮੀਆਂ ਨੂੰ ਖੁਦ ਨੂੰ ਬੇਗੁਨਾਹ ਸਾਬਤ ਕਰਨ ਤੇ ਹੀ ਜਿੰਦਗੀ ਲੱਗ ਜਾਂਦੀ ਹੈ। ਅਜਿਹੀਆਂ ਕਈ ਉਦਾਹਰਣਾਂ ਬੀਤੇ ਸਮੇਂ ਦੌਰਾਨ ਦੇਸ਼ ਵਿਚ ਮਿਲਦੀਆਂ ਹਨ, ਜਿਥੋਂ ਲੱਗਦਾ ਹੈ ਕਿ ਆਮ ਵਿਅਕਤੀ ਲਈ ਕਾਨੂੰਨੀ ਤੌਰ ਤੇ ਖੁਦ ਲਈ ਲੜਾਈ ਲੜਣੀ ਕਿੰਨੀ ਕੁ ਔਖੀ ਹੈ। ਦੇਸ਼ ਵਿਚ ਇੱਕ ਨਹੀਂ ਅਜਿਹੀਆਂ ਬਹੁਤ ਸਾਰੀਆਂ ਉਦਾਹਰਣਾਂ ਹਨ ਜਿਥੇ ਜਦ ਤੱਕ ਵਿਅਕਤੀ ਬਰੀ ਹੋਇਆ ਤਾਂ ਉਸ ਭਾਣੇ ਤਾਂ ਦੁਨੀਆਂ ਹੀ ਬਦਲ ਗਈ। ਯੂ ਪੀ ਦਾ ਵਿਸ਼ਨੂੰ ਤਿਵਾੜੀ ਕੇਸ਼ ਅਜਿਹਾ ਹੀ ਕੇਸ਼ ਹੈ। ਸਾਲ 2000 ਵਿਚ ਯੂ ਪੀ ਦੇ ਥਾਣਾ ਮਹਿਰੌਲੀ ਦੇ ਸਿਲਵਾਨ ਪਿੰਡ ਵਾਸੀ ਵਿਸ਼ਨੂੰ ਤਿਵਾੜੀ ਤੇ ਇੱਕ ਜਬਰ ਜਿਨਾਹ ਦਾ ਮਾਮਲਾ ਦਰਜ਼ ਕੀਤਾ ਗਿਆ, ਇਸ ਸਬੰਧੀ ਹੇਠਲੀ ਅਦਾਲਤ ਨੇ ਉਮਰ ਕੈਦ ਦੀ ਸ਼ਜਾ ਸੁਣਾਈ ।ਗਰੀਬੀ ਦੇ ਚੱਲਦਿਆ ਅੱਗੇ ਔਖੇ ਤਰੀਕੇ ਨਾਲ ਕਾਨੂੰਨੀ ਲੜਾਈ ਲੜਦੇ ਰਹੇ ਵਿਸ਼ਨੂੰ ਦਾ ਕੇਸ਼ ਮਾਣਯੋਗ ਹਾਈਕੋਰਟ ਵਿਚ ਪਹੁੰਚਿਆ ਤਾਂ ਮਾਣਯੋਗ ਹਾਈਕੋਰਟ ਨੇ ਜਬਰ ਜ਼ਿਨਾਹ ਦਾ ਕੇਸ਼ ਝੂਠਾ ਪਾਇਆ। ਪਰ ਉਦੋਂ ਤੱਕ ਵਿਸ਼ਨੂੰ 19 ਸਾਲ 3 ਮਹੀਨੇ ਦੀ ਜੇਲ੍ਹ ਵਿਚ ਕੱਟ ਚੁੱਕਾ ਸੀ। ਉਹ ਆਪਣੇ ਪਰਿਵਾਰਕ ਮੈਂਬਰਾਂ ਨੂੰ ਖੋਹ ਚੁੱਕਾ ਸੀ ਅਤੇ ਜਮੀਨ ਅਤੇ ਹੋਰ ਸਭ ਖਤਮ ਹੋ ਚੁੱਕਾ ਸੀ। ਆਪਣੇ ਆਪ ਨੂੰ ਬੇਗੁਨਾਹ ਸਾਬਤ ਕਰਨ ਤੇ ਉਸਨੂੰ 19 ਸਾਲ ਲੱਗ ਗਏ। ਇਸੇ ਤਰ੍ਹਾਂ ਦੀ ਕਹਾਣੀ ਉੜੀਸਾ ਦੇ ਅਰਜਨ ਜਾਨੀ ਦੀ ਹੈ ਸਾਲ 2004 ਵਿਚ ਉੜੀਸਾ ਦੇ ਨਬਰੰਗਪੁਰ ਪਿੰਡ ਵਿਚ ਤਿੰਨ ਔਰਤਾਂ ਦਾ ਕਤਲ ਹੋ ਜਾਂਦਾ ਹੈ। ਪੁਲਿਸ ਸ਼ੱਕ ਦੇ ਅਧਾਰ ਤੇ ਅਰਜੁਨ ਨੂੰ ਗ੍ਰਿਫਤਾਰ ਕਰਦੀ ਹੈ। ਹੇਠਲੀ ਅਦਾਲਤ ਉਸਨੂੰ ਉਮਰ ਕੈਦ ਦੀ ਸ਼ਜਾ ਸੁਣਾਉਂਦੀ ਹੈ ਤਾਂ ਉਹ ਹਾਈਕੋਰਟ ਵਿਚ ਵਾਰ ਵਾਰ ਅਪੀਲ ਕਰਦਾ ਜ਼ੋ ਖਾਰਿਜ਼ ਹੋ ਜਾਂਦੀ। ਕਾਨੂੰਨੀ ਚਾਰਾਜੋਈ ਲਈ ਸੁਪਰੀਮ ਕੋਰਟ ਤੱਕ ਪਹੁੰਚਦਾ ਹੈ ਤਾਂ ਮਾਣਯੋਗ ਸੁਪਰੀਮ ਕੋਰਟ ਦੇ ਤਿਨ ਜੱਜਾਂ ਦਾ ਬੈਂਚ ਨੇ ਉਸ ਕੇਸ ਨੂੰ ਝੂਠਾ ਪਾਇਆ। ਪਰ ਜਦ ਤੱਕ ਅਰਜਨ ਬੇਗੁਨਾਹ ਸਾਬਤ ਹੋਇਆ ਉਹ 22 ਸਾਲ ਜੇਲ੍ਹ ਵਿਚ ਕੱਟ ਚੁੱਕਾ ਸੀ ਅਤੇ ਉਸ ਲਈ ਇਹ ਦੁਨੀਆ ਬਦਲ ਚੁੱਕੀ ਸੀ। ਬੇਸ਼ੱਕ ਇਹ ਦੋਵੇ ਕੇਸ਼ ਬੰਦੀ ਸਿੰਘਾਂ ਦੇ ਕੇਸਾਂ ਨਾਲ ਮੇਲ ਨਹੀਂ ਖਾਂਦੇ ਪਰ ਇਹ ਸਾਡੀ ਨਿਆ ਪ੍ਰਣਾਲੀ ਦੀ ਉਦਾਹਰਣ ਜ਼ਰੁਰ ਹਨ ਕਿ ਅਦਾਲਤਾਂ ਵਿਚ ਕੇਸਾਂ ਦੇ ਲਮਕਦਿਆਂ ਬੰਦੇ ਬਿਰਖ ਹੋ ਜਾਂਦੇ ਹਨ। ਬੰਦੀ ਸਿੰਘ ਵੀ ਦੇਸ਼ ਦੀ ਇਸੇ ਨਿਆ ਪ੍ਰਣਾਲੀ ਚੋਂ ਹੀ ਲੰਘ ਰਹੇ ਹਨ। ਕੁਝ ਸ਼ਜਾਵਾਂ ਤੋਂ ਵਧ ਸਮਾਂ ਜੇਲ੍ਹ ਵਿਚ ਕੱਟ ਚੁੱਕੇ ਹਨ, ਕੇਸਾਂ ਚੋਂ ਬਰੀ ਹੋ ਚੁੱਕੇ ਹਨ ਅਤੇ ਅਜਿਹੇ ਹਲਾਤ ਹਨ ਕਿ ਪੈਰੋਲ ਲਈ ਵੀ ਲੰਮਾਂ ਸਮਾਂ ਉਡੀਕ ਕਰਨੀ ਪੈ ਰਹੀ ਹੈ ਅਤੇ ਦੂਜੇ ਪਾਸੇ ਕੁਝ ਉਹ ਲੋਕ ਵੀ ਹਨ ਜਿਹੜੇ ਜਬਰ ਜਿਨਾਹ ਅਤੇ ਹੱਤਿਆ ਜਿਹੇ ਕੇਸਾਂ ਦਾ ਸਾਹਮਣਾ ਕਰਦੇ ਹੋਏ ਹਰ ਤਿੰਨ ਮਹੀਨੇ ਬਾਅਦ ਪੈਰੋਲ ਤੇ ਬਾਹਰ ਆ ਜਾਂਦੇ ਹਨ। ਦਰਅਸਲ ਦੇਸ਼ ਦਾ ਕਾਨੂੰਨ ਆਮ ਅਤੇ ਖਾਸ ਲਈ ਇੱਕ ਹੋਵੇ ਅਤੇ ਨਿਆ ਪ੍ਰਣਾਲੀ ਹੋਰ ਤੇਜ਼ ਹੋਵੇ ਇਹ ਜ਼ਰੁਰੀ ਹੈ।

**-ਕੁਲਦੀਪ ਸਿੰਘ ਰਿਣੀ**

Resident Editor- Kuldeep Singh ( Rinni) (Under PRP act 2023),
Punjab Incharge : Charanjeet Singh Channi, Printer and Publisher Ravi Bhardwaj for M/S RR MULTIMEDIA PRIVATE LIMITED, Printed from Impressions Printing and Packaging Limited, Plot No- 22, Industrial Area, Phase- II, Panchkula (Haryana), Published from Jalandhar Office- 7/2, Third Floor, Monica Tower, ER- 146, Pucca Bagh, Milap Chowk, Jalandhar City, Punjab.
**(RNI No- No-PUNPUN/2011/44547)**

**Chandigarh Head Office -** Jan Jagran Office, First Floor, Baba Sohan Singh Bhakna Bhawan, Sec - 29D, Chandigarh
**Punjab Offices -**
**Jalandhar Office :-** Monica Tower, 7/2, 3rd Floor, Pacca Bagh, Milap Chowk, Jalandhar, Punjab
**Patiala office :-** 667, Urban Estate, Phase-1, Patiala, Punjab-147002
**Mansa Office :-** Court Road, Mansa, Punjab Patiala
**Muktsar office -** Main Kotakpura Road, Below Axis Bank, Muktsar, Punjab
**Delhi Office -** Shakti Complex, 6/18, Samaypur Industrial Area, Delhi-110042

# ਕਿਉਂ ਬਈ ਨਿਹਾਲਿਆ, ਆਜ਼ਾਦੀ ਨੀ ਵੇਖੀ?





**ਲਾਡੀ ਜਗਤਾਰ**

15 ਅਗਸਤ 1947 ਭਾਰਤ ਦੇ ਇਤਿਹਾਸ ਦੀ ਉਹ ਇਤਿਹਾਸਕ ਤਰੀਕ ਹੈ, ਜਿਸ ਦਿਨ ਸਦੀਆਂ ਦੀ ਗੁਲਾਮੀ ਤੋਂ ਬਾਅਦ ਦੇਸ਼ ਨੇ ਅੰਗਰੇਜ਼ੀ ਰਾਜ ਤੋਂ ਮੁਕਤੀ ਹਾਸਲ ਕੀਤੀ। ਇਸ ਆਜ਼ਾਦੀ ਪਿੱਛੇ ਅਣਗਿਣਤ ਕੁਰਬਾਨੀਆਂ, ਜੇਲ੍ਹਾਂ, ਫਾਂਸੀਆਂ, ਲਾਠੀਆਂ, ਗੋਲੀਆਂ ਅਤੇ ਘਰ-ਬਾਰ ਛੱਡਣ ਵਾਲਿਆਂ ਦੀਆਂ ਕਹਾਣੀਆਂ ਹਨ। ਭਗਤ ਸਿੰਘ ਤੋਂ ਲੈ ਕੇ ਸ਼ਹੀਦ ਊਧਮ ਸਿੰਘ ਤੱਕ ਅਤੇ ਹਜ਼ਾਰਾਂ ਜਾਣੇ-ਅਣਜਾਣੇ ਆਜ਼ਾਦੀ ਘੁਲਾਟੀਆਂ ਨੇ ਆਪਣੀਆਂ ਜ਼ਿੰਦਗੀਆਂ ਇਸ ਸੁਪਨੇ ਲਈ ਵਾਰ ਦਿੱਤੀਆਂ ਕਿ ਆਉਣ ਵਾਲੀਆਂ ਪੀੜ੍ਹੀਆਂ ਆਜ਼ਾਦ ਹਵਾ ਵਿੱਚ ਸਾਹ ਲੈ ਸਕਣ। ਪਰ ਆਜ਼ਾਦੀ ਦੇ 79ਵੇਂ ਸਾਲ ਵਿੱਚ ਖੜ੍ਹੇ ਹੋ ਕੇ ਇੱਕ ਸਵਾਲ ਅਜੇ ਵੀ ਸਾਡੇ ਸਾਹਮਣੇ ਹੈ— ਕੀ ਆਜ਼ਾਦੀ ਸੱਚਮੁੱਚ ਹਰ ਵਿਅਕਤੀ ਤੱਕ ਪਹੁੰਚੀ ਹੈ? ਸਿੱਧਾ ਜਵਾਬ ਸ਼ਾਇਦ 'ਹਾਂ' ਦੇਣਾ ਔਖਾ ਹੈ। ਭਾਰਤ ਰਾਜਨੀਤਿਕ ਤੌਰ 'ਤੇ ਆਜ਼ਾਦ ਹੈ। ਸਾਡੇ ਕੋਲ ਆਪਣਾ ਸੰਵਿਧਾਨ, ਸੰਸਦ, ਸਰਕਾਰਾਂ, ਅਦਾਲਤਾਂ ਅਤੇ ਵੋਟ ਦਾ ਅਧਿਕਾਰ ਹੈ। ਪਰ ਆਜ਼ਾਦੀ ਦਾ ਅਰਥ ਸਿਰਫ਼ ਵਿਦੇਸ਼ੀ ਹਕੂਮਤ ਤੋਂ ਮੁਕਤੀ ਨਹੀਂ। ਅਸਲ ਆਜ਼ਾਦੀ ਉਦੋਂ ਹੁੰਦੀ ਹੈ ਜਦੋਂ ਮਨੁੱਖ ਭੁੱਖ, ਡਰ, ਅਨਪੜ੍ਹਤਾ, ਬੇਰੁਜ਼ਗਾਰੀ, ਜਾਤੀਵਾਦ, ਲਿੰਗ ਭੇਦ ਅਤੇ ਵਿਚਾਰਾਂ ਉੱਤੇ ਪੈਂਦੇ ਦਬਾਅ ਤੋਂ ਵੀ ਮੁਕਤ ਹੋਵੇ। ਇੱਥੇ ਹੀ 1947 ਦੀ ਆਜ਼ਾਦੀ ਅਤੇ ਅੱਜ ਦੀ ਹਕੀਕਤ ਵਿਚਕਾਰ ਫ਼ਾਸਲਾ ਨਜ਼ਰ ਆਉਂਦਾ ਹੈ। ਭਾਰਤੀ ਸੰਵਿਧਾਨ ਨੇ ਹਰ ਬਾਲਗ ਨਾਗਰਿਕ ਨੂੰ ਵੋਟ ਦਾ ਹੱਕ ਦਿੱਤਾ। ਇਹ ਬਹੁਤ ਵੱਡੀ ਲੋਕਤੰਤਰੀ ਪ੍ਰਾਪਤੀ ਸੀ। ਪਰ ਵੋਟ ਦਾ ਹੱਕ ਮਿਲ ਜਾਣਾ ਅਤੇ ਉਸ ਦੀ ਬੇਖ਼ੌਫ਼ ਵਰਤੋਂ ਹੋਣਾ ਦੋ ਵੱਖਰੀਆਂ ਗੱਲਾਂ ਹਨ। 2024 ਦੀਆਂ ਲੋਕ ਸਭਾ ਚੋਣਾਂ ਵਿੱਚ ਕੁੱਲ ਵੋਟਰ ਟਰਨਆਊਟ 66.10 ਫ਼ੀਸਦੀ ਰਿਹਾ। ਲਗਭਗ 34 ਫ਼ੀਸਦੀ ਵੋਟਰਾਂ ਨੇ ਵੋਟ ਨਹੀਂ ਪਾਈ।

ਇਸ ਨੂੰ ਸਿਰਫ਼ ਲੋਕਾਂ ਦੀ ਬੇਰੁਖ਼ੀ ਕਹਿ ਕੇ ਗੱਲ ਖ਼ਤਮ ਨਹੀਂ ਕੀਤੀ ਜਾ ਸਕਦੀ। ਕਈ ਲੋਕਾਂ ਨੂੰ ਲੱਗਦਾ ਹੈ ਕਿ ਉਨ੍ਹਾਂ ਦੀ ਇੱਕ ਵੋਟ ਨਾਲ ਕੀ ਬਦਲੇਗਾ। ਕਈ ਥਾਵਾਂ 'ਤੇ ਪੈਸਾ, ਜਾਤ, ਧਰਮ ਅਤੇ ਸਥਾਨਕ ਪ੍ਰਭਾਵ ਚੋਣੀ ਫ਼ੈਸਲਿਆਂ ਨੂੰ ਪ੍ਰਭਾਵਿਤ ਕਰਦੇ ਹਨ। ਜਦੋਂ ਗਰੀਬ ਵਿਅਕਤੀ ਲਈ ਇੱਕ ਦਿਨ ਦੀ ਰੋਟੀ ਦਾ ਪ੍ਰਬੰਧ ਵੋਟ ਨਾਲੋਂ ਵੱਡਾ ਮਸਲਾ ਬਣ ਜਾਵੇ ਤਾਂ ਲੋਕਤੰਤਰ ਦੀ ਅਸਲ ਤਾਕਤ ਕਮਜ਼ੋਰ ਪੈਂਦੀ ਹੈ। ਇਸ ਲਈ ਰਾਜਨੀਤਿਕ ਆਜ਼ਾਦੀ ਨੂੰ ਆਰਥਿਕ ਆਜ਼ਾਦੀ ਤੋਂ ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ ਭਾਰਤ ਵਿੱਚ ਗਰੀਬੀ ਦੀ ਤਸਵੀਰ ਬਦਲੀ ਹੈ, ਪਰ ਗਰੀਬੀ ਦਾ ਸਵਾਲ ਖ਼ਤਮ ਨਹੀਂ ਹੋਇਆ। ਨੀਤੀ ਆਯੋਗ ਦੇ ਅਨੁਸਾਰ ਬਹੁ-ਪੱਖੀ ਗਰੀਬੀ 2015-16 ਵਿੱਚ 24.8 ਫ਼ੀਸਦੀ ਤੋਂ ਘਟ ਕੇ 2019-21 ਵਿੱਚ 14.96 ਫ਼ੀਸਦੀ ਰਹੀ। 2022-23 ਲਈ ਇਸ ਦਾ ਅਨੁਮਾਨ 11.28 ਫ਼ੀਸਦੀ ਲਗਾਇਆ ਗਿਆ। ਨੀਤੀ ਆਯੋਗ ਮੁਤਾਬਕ 2013-14 ਤੋਂ 2022-23 ਦਰਮਿਆਨ 24.82 ਕਰੋੜ ਲੋਕ ਬਹੁ-ਪੱਖੀ ਗਰੀਬੀ ਤੋਂ ਬਾਹਰ ਆਏ। ਪਰ ਬਹੁ-ਪੱਖੀ ਗਰੀਬੀ ਅਤੇ ਭੁੱਖ ਇੱਕੋ ਗੱਲ ਨਹੀਂ। ਗਲੋਬਲ ਹੰਗਰ ਇੰਡੈਕਸ 2024 ਵਿੱਚ ਭਾਰਤ 127 ਦੇਸ਼ਾਂ ਵਿੱਚੋਂ 105ਵੇਂ ਸਥਾਨ 'ਤੇ ਸੀ ਅਤੇ ਇਸ ਦਾ ਸਕੋਰ 27.3 ਰਿਹਾ, ਜਿਸ ਨੂੰ 'ਤਕਰਗਜਰਚਤ' ਸ਼੍ਰੇਣੀ ਵਿੱਚ ਰੱਖਿਆ ਗਿਆ। ਇਹ ਸੂਚਕ ਭੁੱਖ ਅਤੇ ਬਾਲ ਪੋਸ਼ਣ ਨਾਲ ਜੁੜੇ ਕਈ ਪੱਖਾਂ ਨੂੰ ਮਾਪਦਾ ਹੈ। ਇਸ ਲਈ ਸਵਾਲ ਸਿਰਫ਼ ਇਹ ਨਹੀਂ ਕਿ ਦੇਸ਼ ਦੀ 74੍ਹ ਕਿੰਨੀ ਵਧੀ। ਸਵਾਲ ਇਹ ਵੀ ਹੈ ਕਿ ਮਜ਼ਦੂਰ ਦੀ ਮਜ਼ਦੂਰੀ ਕਿੰਨੀ ਵਧੀ, ਕਿਸਾਨ ਦੀ ਆਮਦਨ ਕਿੰਨੀ ਸੁਰੱਖਿਅਤ ਹੋਈ, ਬੱਚੇ ਨੂੰ ਪੌਸ਼ਟਿਕ ਭੋਜਨ ਮਿਲਿਆ ਜਾਂ ਨਹੀਂ ਅਤੇ ਬਿਮਾਰੀ ਵੇਲੇ ਪਰਿਵਾਰ ਇਲਾਜ ਕਰਵਾ ਸਕਦਾ ਹੈ ਜਾਂ ਨਹੀਂ। ਜਦੋਂ ਰੋਟੀ ਹੀ ਅਸੁਰੱਖਿਅਤ ਹੋਵੇ ਤਾਂ ਬਾਕੀ ਆਜ਼ਾਦੀਆਂ ਦਾ ਅਰਥ ਅਧੂਰਾ ਰਹਿ ਜਾਂਦਾ ਹੈ।

### ਸਮਾਜਿਕ ਆਜ਼ਾਦੀ: ਸੰਵਿਧਾਨ ਬਰਾਬਰ, ਸਮਾਜ ਕਦੋਂ ਹੋਵੇਗਾ?

ਸਾਡਾ ਸੰਵਿਧਾਨ ਜਾਤ, ਧਰਮ, ਲਿੰਗ ਅਤੇ ਜਨਮ ਦੇ ਆਧਾਰ 'ਤੇ ਭੇਦਭਾਵ ਨੂੰ ਸਵੀਕਾਰ ਨਹੀਂ ਕਰਦਾ। ਪਰ ਕਾਨੂੰਨ ਅਤੇ ਸਮਾਜਕ ਵਰਤਾਰਾ ਅਜੇ ਵੀ ਹਰ ਥਾਂ ਇੱਕੋ ਜਿਹਾ ਨਹੀਂ ਹੋਇਆ। ਜਾਤੀਵਾਦ ਅੱਜ ਵੀ ਭਾਰਤੀ ਸਮਾਜ ਦੀਆਂ ਪੁਰਾਣੀਆਂ ਸਮੱਸਿਆਵਾਂ ਵਿੱਚੋਂ ਇੱਕ ਹੈ। ਟ3ਵ2 ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਦੀ ਕ੍ਰਾਈਮ ਸਨ ਇੰਡੀਆ 2023 ਰਿਪੋਰਟ ਅਨੁਸਾਰ ਅਨੁਸੂਚਿਤ ਜਾਤੀਆਂ ਵਿਰੁੱਧ 57,789 ਮਾਮਲੇ ਦਰਜ ਹੋਏ, ਜਦੋਂਕਿ 2022 ਵਿੱਚ ਇਹ ਗਿਣਤੀ 57,582 ਸੀ। ਪਰ ਇਹ ਦਰਜ ਮਾਮਲੇ ਹਨ; ਹਰ ਤਰ੍ਹਾਂ ਦੇ ਜਾਤੀਵਾਦ ਜਾਂ ਭੇਦਭਾਵ ਦੀ ਕੁੱਲ ਤਸਵੀਰ ਨਹੀਂ। ਕਈ ਘਟਨਾਵਾਂ ਸਮਾਜਕ ਦਬਾਅ, ਡਰ ਜਾਂ ਪ੍ਰਸ਼ਾਸਨ ਤੱਕ ਪਹੁੰਚ ਦੀ ਕਮੀ ਕਾਰਨ ਦਰਜ ਵੀ ਨਹੀਂ ਹੁੰਦੀਆਂ। ਕਿਸੇ ਮਨੁੱਖ ਨੂੰ ਉਸ ਦੀ ਜਾਤ ਕਾਰਨ ਅਪਮਾਨਿਤ ਕਰਨਾ, ਮੰਦਰ ਵਿੱਚ ਦਾਖ਼ਲੇ ਤੋਂ ਰੋਕਣਾ ਜਾਂ ਸਮਾਜਕ ਤੌਰ 'ਤੇ ਨੀਵਾਂ ਸਮਝਣਾ ਸਿਰਫ਼ ਇੱਕ ਵਿਅਕਤੀ ਦਾ ਅਪਮਾਨ ਨਹੀਂ, ਸਗੋਂ ਸੰਵਿਧਾਨ ਦੀ ਆਤਮਾ ਦਾ ਅਪਮਾਨ ਹੈ। ਇਸੇ ਲਈ ਕਾਨੂੰਨਾਂ ਦੇ ਨਾਲ ਸਮਾਜਕ ਚੇਤਨਾ ਵੀ ਜ਼ਰੂਰੀ ਹੈ। ਇਨਸਾਫ਼ ਦੀ ਸਥਿਤੀ ਵੀ ਇਸੇ ਨਾਲ ਜੁੜੀ ਹੈ। ਕਹਾਵਤ ਵਰਗੀ ਇਹ ਪੰਕਤੀ ਅੱਜ ਵੀ ਚੁਭਦੀ ਹੈ—

ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ,
ਫ਼ੈਸਲੇ ਸੁਣਦਿਆਂ-ਸੁਣਦਿਆਂ ਸੁੱਕ ਗਏ।

ਇਨਸਾਫ਼ ਸਿਰਫ਼ ਕਾਨੂੰਨ ਦੀ ਕਿਤਾਬ ਵਿੱਚ ਨਹੀਂ, ਜ਼ਮੀਨ 'ਤੇ ਵੀ ਦਿਖਾਈ ਦੇਣਾ ਚਾਹੀਦਾ ਹੈ। ਆਜ਼ਾਦੀ ਦਾ ਸਭ ਤੋਂ ਵੱਡਾ ਸਾਧਨ ਸਿੱਖਿਆ ਹੈ। ਪੜ੍ਹਿਆ-ਲਿਖਿਆ ਮਨੁੱਖ ਆਪਣੇ ਹੱਕਾਂ ਨੂੰ ਸਮਝ ਸਕਦਾ ਹੈ, ਸਵਾਲ ਪੁੱਛ ਸਕਦਾ ਹੈ ਅਤੇ ਆਪਣੀ ਜ਼ਿੰਦਗੀ ਬਦਲਣ ਦੇ ਮੌਕੇ ਪੈਦਾ ਕਰ ਸਕਦਾ ਹੈ। ਪਰ ਸਿੱਖਿਆ ਦੇ ਖੇਤਰ ਵਿੱਚ ਵੀ ਚੁਣੌਤੀਆਂ ਹਨ। ਸਿੱਖਿਆ ਮੰਤਰਾਲੇ ਨੇ ਮਈ 2026 ਵਿੱਚ ਦੱਸਿਆ ਕਿ ਉਪਲਬਧ੍ਹ:6ਛ ਪੇਰਿਓਡਿਕ ਦੇਵਰ ਫੋਰਸ ਸਰਵੇ ਦੇ ਅਨੁਮਾਨਾਂ ਅਨੁਸਾਰ 14 ਤੋਂ 18 ਸਾਲ ਦੀ ਉਮਰ ਦੇ ਦੋ ਕਰੋੜ ਤੋਂ ਵੱਧ ਬੱਚੇ ਸਕੂਲ ਤੋਂ ਬਾਹਰ ਹਨ। ਇਸੇ ਬਿਆਨ ਵਿੱਚ ਕਿਹਾ ਗਿਆ ਕਿ ਪਹਿਲੀ ਜਮਾਤ ਵਿੱਚ ਦਾਖ਼ਲ ਹੋਣ ਵਾਲੇ ਹਰ 100 ਬੱਚਿਆਂ ਵਿੱਚੋਂ ਸਿਰਫ਼ 62 ਬੱਚੇ ਜਮਾਤ 12 ਤੱਕ ਪਹੁੰਚਦੇ ਹਨ। ਇਹ ਸਿਰਫ਼ ਸਕੂਲ ਛੱਡਣ ਦਾ ਮਸਲਾ ਨਹੀਂ। ਇਸ ਦੇ ਪਿੱਛੇ ਗਰੀਬੀ, ਪਰਿਵਾਰਕ ਆਮਦਨ, ਬਾਲ ਮਜ਼ਦੂਰੀ, ਸਕੂਲ ਦੀ ਗੁਣਵੱਤਾ ਅਤੇ ਉੱਚ ਸਿੱਖਿਆ ਤੱਕ ਪਹੁੰਚ ਵਰਗੇ ਕਈ ਸਵਾਲ ਹਨ। ਇੱਕ ਪਾਸੇ ਮਹਿੰਗੇ ਨਿੱਜੀ ਸਕੂਲ ਹਨ, ਦੂਜੇ ਪਾਸੇ ਅਜਿਹੇ ਪਰਿਵਾਰ ਹਨ ਜਿਨ੍ਹਾਂ ਲਈ ਕਿਤਾਬਾਂ, ਵਰਦੀ, ਆਵਾਜਾਈ ਜਾਂ ਅੱਗੇ ਦੀ ਪੜ੍ਹਾਈ ਦਾ ਖ਼ਰਚਾ ਵੀ ਵੱਡੀ ਚੁਣੌਤੀ ਹੈ। ਇਸ ਲਈ ਸਿੱਖਿਆ ਦੀ ਆਜ਼ਾਦੀ ਦਾ ਅਰਥ ਸਿਰਫ਼ 'ਸਭ ਲਈ ਸਕੂਲ' ਨਹੀਂ, ਸਗੋਂ ਸਭ ਲਈ ਗੁਣਵੱਤਾਪੂਰਨ ਸਿੱਖਿਆ ਅਤੇ ਉੱਚ ਸਿੱਖਿਆ ਤੱਕ ਬਰਾਬਰ ਮੌਕਾ ਹੈ।

ਬੇਰੁਜ਼ਗਾਰੀ ਦਾ ਸਵਾਲ ਵੀ ਆਜ਼ਾਦੀ ਨਾਲ ਜੁੜਿਆ ਹੈ।੍ਹ:6ਛ ਪੈਰਿਓਡਿਕ ਲੇਵਰ ਫੋਰਸ ਸਰਵੇ 2023-24 ਅਨੁਸਾਰ 15 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਲਈ ਆਮ ਸਥਿਤੀ ਦੇ ਆਧਾਰ 'ਤੇ ਬੇਰੁਜ਼ਗਾਰੀ ਦਰ 3.2 ਫ਼ੀਸਦੀ ਰਹੀ। ਪਰ ਸਿਰਫ਼ ਬੇਰੁਜ਼ਗਾਰੀ ਦਰ ਨਾਲ ਪੂਰੀ ਤਸਵੀਰ ਨਹੀਂ ਬਣਦੀ। ਕੰਮ ਹੋਣਾ ਅਤੇ ਉਸ ਕੰਮ ਤੋਂ ਇੱਜ਼ਤ ਨਾਲ ਜੀਵਨ ਚਲਾਉਣ ਯੋਗ ਆਮਦਨ ਹੋਣਾ ਦੋ ਵੱਖਰੀਆਂ ਗੱਲਾਂ ਹਨ। ਅਸਥਾਈ ਕੰਮ, ਘੱਟ ਮਜ਼ਦੂਰੀ, ਅਸੁਰੱਖਿਅਤ ਰੁਜ਼ਗਾਰ ਅਤੇ ਸਮਾਜਿਕ ਸੁਰੱਖਿਆ ਦੀ ਘਾਟ ਵੀ ਆਰਥਿਕ ਆਜ਼ਾਦੀ ਨੂੰ ਸੀਮਤ ਕਰਦੇ ਹਨ। ਜੇ ਨੌਜਵਾਨ ਸਾਲਾਂ ਤੱਕ ਡਿਗਰੀਆਂ ਲੈ ਕੇ ਨੌਕਰੀ ਦੀ ਉਡੀਕ ਕਰਦਾ ਰਹੇ ਤਾਂ ਉਸ ਦੀ ਆਜ਼ਾਦੀ ਸਿਰਫ਼ ਕਾਗਜ਼ 'ਤੇ ਰਹਿ ਜਾਂਦੀ ਹੈ।

### ਵਿਚਾਰਾਂ ਦੀ ਆਜ਼ਾਦੀ: ਕੀ ਅਸੀਂ ਬੇਖ਼ੌਫ਼ ਬੋਲ ਸਕਦੇ ਹਾਂ?

ਆਜ਼ਾਦੀ ਦਾ ਸੁੰਦਰ ਰੂਪ ਵਿਚਾਰਾਂ ਦੀ ਆਜ਼ਾਦੀ ਹੈ। ਮਨੁੱਖ ਨੂੰ ਸਰਕਾਰ ਨਾਲ ਅਸਹਿਮਤ ਹੋਣ, ਸਵਾਲ ਪੁੱਛਣ, ਲੇਖ ਲਿਖਣ, ਕਵਿਤਾ ਕਰਨ ਅਤੇ ਆਪਣੀ ਗੱਲ ਕਹਿਣ ਦਾ ਹੱਕ ਹੋਣਾ ਚਾਹੀਦਾ ਹੈ। ਰਿਪੋਰਟਰਜ ਵਿਦਾਊਟ ਬਾਰਡਰ ਦੇ 2026 ਵਰਲਡ ਪ੍ਰੈੱਸ ਫ੍ਰੀਡਮ ਇਨਡੈਕਸ ਵਿੱਚ ਭਾਰਤ 180 ਦੇਸ਼ਾਂ ਵਿੱਚੋਂ 157ਵੇਂ ਸਥਾਨ 'ਤੇ ਹੈ। ਰਿਪੋਰਟ ਵਿੱਚ ਪੱਤਰਕਾਰਾਂ ਦੀ ਸੁਰੱਖਿਆ, ਮੀਡੀਆ ਮਾਲਕੀ ਦੇ ਕੇਂਦਰੀਕਰਨ ਅਤੇ ਰਾਜਨੀਤਿਕ ਦਬਾਅ ਵਰਗੀਆਂ ਚਿੰਤਾਵਾਂ ਦਰਸਾਈਆਂ ਗਈਆਂ ਹਨ। ਇਹ ਰੈਂਕਿੰਗ ਪੂਰੀ ਸੱਚਾਈ ਨਹੀਂ ਹੋ ਸਕਦੀ, ਪਰ ਇਸ ਨੂੰ ਨਜ਼ਰਅੰਦਾਜ਼ ਵੀ ਨਹੀਂ ਕੀਤਾ ਜਾ ਸਕਦਾ। ਲੋਕਤੰਤਰ ਵਿੱਚ ਪੱਤਰਕਾਰ ਸਿਰਫ਼ ਸਰਕਾਰ ਦੀਆਂ ਉਪਲਬਧੀਆਂ ਦੱਸਣ ਲਈ ਨਹੀਂ ਹੁੰਦਾ; ਉਹ ਸੱਤਾ ਨੂੰ ਸਵਾਲ ਪੁੱਛਣ ਲਈ ਵੀ ਹੁੰਦਾ ਹੈ। ਆਮ ਨਾਗਰਿਕ ਨੂੰ ਵੀ ਆਪਣੀ ਗੱਲ ਕਹਿਣ ਤੋਂ ਡਰਨਾ ਨਹੀਂ ਚਾਹੀਦਾ। ਅੰਗਰੇਜ਼ ਚਲੇ ਗਏ, ਪਰ ਗੁਲਾਮੀ ਦਾ ਹਰ ਰੂਪ ਨਹੀਂ ਗਿਆ। ਸਭ ਤੋਂ ਖ਼ਤਰਨਾਕ ਗੁਲਾਮੀ ਉਹ ਹੈ ਜੋ ਮਨੁੱਖ ਦੇ ਮਨ ਵਿੱਚ ਘਰ ਕਰ ਜਾਵੇ—

ਮੈਂ ਕੀ ਕਰ ਸਕਦਾ ਹਾਂ?
ਮੇਰੀ ਗੱਲ ਕੌਣ ਸੁਣੇਗਾ?
ਜੋ ਹੋ ਰਿਹਾ ਹੈ, ਹੋਣ ਦਿਓ।
ਸਾਡੇ ਵਰਗਿਆਂ ਲਈ ਕੁਝ ਨਹੀਂ ਬਦਲਣਾ।

ਇਹ ਸੋਚ ਮਨੁੱਖ ਨੂੰ ਅੰਦਰੋਂ ਕੈਦ ਕਰ ਦਿੰਦੀ ਹੈ। ਜਦੋਂ ਗਰੀਬ ਆਪਣੇ ਹੱਕ ਨੂੰ ਹੱਕ ਨਾ ਸਮਝ ਕੇ ਕਿਸੇ ਦੀ ਮਿਹਰਬਾਨੀ ਸਮਝਣ ਲੱਗ ਪਵੇ, ਬੱਚਾ ਗਰੀਬੀ ਕਾਰਨ ਸੁਪਨਾ ਦੇਖਣਾ ਛੱਡ ਦੇਵੇ, ਔਰਤ ਆਪਣੇ ਹੱਕ ਲਈ ਬੋਲਣ ਤੋਂ ਡਰੇ ਅਤੇ ਨਾਗਰਿਕ ਸਵਾਲ ਪੁੱਛਣ ਤੋਂ ਘਬਰਾਏ—ਤਾਂ ਸਮਝਣਾ ਚਾਹੀਦਾ ਹੈ ਕਿ ਆਜ਼ਾਦੀ ਅਜੇ ਅਧੂਰੀ

ਅਸਲ ਆਜ਼ਾਦੀ ਕਿਸੇ ਇੱਕ ਸਰਕਾਰ, ਪਾਰਟੀ ਜਾਂ ਨਾਅਰੇ ਵਿੱਚੋਂ ਨਹੀਂ ਨਿਕਲੇਗੀ। ਇਸ ਲਈ ਰਾਜ ਅਤੇ ਸਮਾਜ ਦੋਵਾਂ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣੀ ਪਵੇਗੀ। ਸਭ ਤੋਂ ਪਹਿਲਾਂ ਗੁਣਵੱਤਾਪੂਰਨ ਸਿੱਖਿਆ ਹਰ ਬੱਚੇ ਤੱਕ ਪਹੁੰਚੇ ਅਤੇ ਪਿੰਡ-ਸ਼ਹਿਰ ਦੀ ਸਿੱਖਿਆਈ ਖਾਈ ਘਟੇ। ਦੂਜਾ, ਨੌਜਵਾਨਾਂ ਲਈ ਰੁਜ਼ਗਾਰ ਅਤੇ ਇੱਜ਼ਤਯੋਗ ਆਮਦਨ ਦੇ ਮੌਕੇ ਵਧਣ।

ਤੀਜਾ, ਜਾਤ, ਧਰਮ ਅਤੇ ਲਿੰਗ ਦੇ ਆਧਾਰ 'ਤੇ ਭੇਦਭਾਵ ਵਿਰੁੱਧ ਕਾਨੂੰਨਾਂ ਨੂੰ ਇਮਾਨਦਾਰੀ ਨਾਲ ਲਾਗੂ ਕੀਤਾ ਜਾਵੇ। ਚੌਥਾ, ਵਿਚਾਰਾਂ ਅਤੇ ਪੱਤਰਕਾਰਤਾ ਦੀ ਆਜ਼ਾਦੀ ਦੀ ਰੱਖਿਆ ਹੋਵੇ। ਇਸ ਦੇ ਨਾਲ ਨਾਗਰਿਕਾਂ ਨੂੰ ਆਪਣੇ ਹੱਕਾਂ ਦੇ ਨਾਲ ਆਪਣੀਆਂ ਜ਼ਿੰਮੇਵਾਰੀਆਂ ਵੀ ਸਮਝਣੀਆਂ ਪੈਣਗੀਆਂ। ਵੋਟ ਪਾਉਣਾ ਸਿਰਫ਼ ਇੱਕ ਦਿਨ ਦਾ ਕੰਮ ਨਹੀਂ। ਲੋਕਤੰਤਰ ਵਿੱਚ ਪੰਜ ਸਾਲ ਤੱਕ ਸਵਾਲ ਪੁੱਛਣਾ ਵੀ ਨਾਗਰਿਕ ਦੀ ਜ਼ਿੰਮੇਵਾਰੀ ਅੱਜ ਦਾ ਭਾਰਤ ਰਾਜਨੀਤਿਕ ਤੌਰ 'ਤੇ ਸੁਤੰਤਰ ਹੈ। ਇਸ ਆਜ਼ਾਦੀ ਦੀ ਮਹੱਤਤਾ ਨੂੰ ਘੱਟ ਨਹੀਂ ਕੀਤਾ ਜਾ ਸਕਦਾ। ਪਰ ਇਸ ਦੀ ਅਸਲ ਪਰਖ ਇਹ ਹੈ ਕਿ ਇਸ ਦਾ ਲਾਭ ਸਮਾਜ ਦੇ ਆਖ਼ਰੀ ਵਿਅਕਤੀ ਤੱਕ ਕਿੰਨਾ ਪਹੁੰਚਿਆ ਹੈ। ਜੇ ਕਿਸੇ ਕੋਲ ਵੋਟ ਤਾਂ ਹੈ ਪਰ ਪੇਟ ਭਰਨ ਲਈ ਰੋਟੀ ਨਹੀਂ, ਸਕੂਲ ਤਾਂ ਹੈ ਪਰ ਗੁਣਵੱਤਾਪੂਰਨ ਪੜ੍ਹਾਈ ਨਹੀਂ, ਕਾਨੂੰਨੀ ਬਰਾਬਰੀ ਤਾਂ ਹੈ ਪਰ ਸਮਾਜਕ ਸਨਮਾਨ ਨਹੀਂ, ਬੋਲਣ ਦਾ ਹੱਕ ਤਾਂ ਹੈ ਪਰ ਬੋਲਣ ਦਾ ਹੌਸਲਾ ਨਹੀਂ ਅਤੇ ਡਿਗਰੀ ਤਾਂ ਹੈ ਪਰ ਰੁਜ਼ਗਾਰ ਨਹੀਂ—ਤਾਂ ਸਾਨੂੰ ਆਜ਼ਾਦੀ ਦੇ ਅਰਥ ਬਾਰੇ ਮੁੜ ਸੋਚਣਾ ਪਵੇਗਾ। ਆਜ਼ਾਦੀ ਦਾ ਮਤਲਬ ਸਿਰਫ਼ ਤਿਰੰਗਾ ਲਹਿਰਾਉਣਾ ਨਹੀਂ। ਤਿਰੰਗਾ ਉਦੋਂ ਹੀ ਸੱਚੀ ਸ਼ਾਨ ਨਾਲ ਲਹਿਰਦਾ ਹੈ ਜਦੋਂ ਉਸ ਦੇ ਹੇਠਾਂ ਖੜ੍ਹੇ ਹਰ ਮਨੁੱਖ ਨੂੰ ਬਰਾਬਰ ਦਾ ਸਨਮਾਨ, ਬਰਾਬਰ ਦਾ ਮੌਕਾ ਅਤੇ ਆਪਣੇ ਭਵਿੱਖ 'ਤੇ ਭਰੋਸਾ ਹੋਵੇ।

ਆਜ਼ਾਦੀ ਦੇ ਸਮੇਂ ਇੱਕ ਲੋਕ-ਕਵਿਤਾ ਵਿੱਚ ਪੁੱਛਿਆ ਗਿਆ ਸੀ—
ਕਿਉਂ ਬਈ ਨਿਹਾਲਿਆ, ਆਜ਼ਾਦੀ ਨਹੀਂ ਵੇਖੀ?
ਅਤੇ ਅੱਗੋਂ ਜਵਾਬ ਮਿਲਦਾ ਹੈ—
ਨਾ ਬਈ ਭਰਾਵਾ, ਨਾ ਖਾਧੀ ਨਾ ਦੇਖੀ।

ਪੌਣੀ ਸਦੀ ਬਾਅਦ ਵੀ ਇਹ ਸਵਾਲ ਆਪਣਾ ਅਰਥ ਨਹੀਂ ਗੁਆਇਆ। ਆਜ਼ਾਦੀ ਸ਼ਹਿਰਾਂ ਦੀਆਂ ਵੱਡੀਆਂ ਇਮਾਰਤਾਂ, ਸੰਸਦ ਦੇ ਗਲਿਆਰਿਆਂ ਅਤੇ ਬਾਜ਼ਾਰਾਂ ਦੀ ਚਮਕ ਵਿੱਚ ਹੀ ਨਹੀਂ, ਸਗੋਂ ਮਜ਼ਦੂਰ ਦੀ ਝੌਂਪੜੀ, ਕਿਸਾਨ ਦੇ ਘਰ, ਬੱਚੇ ਦੀ ਕਿਤਾਬ, ਔਰਤ ਦੇ ਫ਼ੈਸਲੇ ਅਤੇ ਨੌਜਵਾਨ ਦੇ ਰੁਜ਼ਗਾਰ ਵਿੱਚ ਦਿਖਾਈ ਦੇਣੀ ਚਾਹੀਦੀ ਹੈ। ਜਦੋਂ ਦੇਸ਼ ਦਾ ਆਖ਼ਰੀ ਮਨੁੱਖ ਇਹ ਕਹਿ ਸਕੇ ਕਿ ਮੈਂ ਵੀ ਬਰਾਬਰ ਦਾ ਨਾਗਰਿਕ ਹਾਂ, ਮੇਰੀ ਆਵਾਜ਼ ਦੀ ਵੀ ਕੀਮਤ ਹੈ, ਮੇਰੇ ਬੱਚੇ ਦਾ ਵੀ ਭਵਿੱਖ ਹੈ ਅਤੇ ਮੇਰੀ ਮਿਹਨਤ ਨਾਲ ਵੀ ਇੱਜ਼ਤ ਦੀ ਜ਼ਿੰਦਗੀ ਸੰਭਵ ਹੈ, ਉਦੋਂ ਆਜ਼ਾਦੀ ਆਪਣੀ ਪੂਰੀ ਮੰਜ਼ਿਲ ਤੱਕ ਪਹੁੰਚੇਗੀ।

ਉਸ ਦਿਨ ਸ਼ਾਇਦ ਨਿਹਾਲਿਆ ਵੀ ਕਹਿ ਸਕੇਗਾ—
ਹਾਂ ਬਈ ਭਰਾਵਾ, ਹੁਣ ਆਜ਼ਾਦੀ ਵੇਖੀ ਵੀ ਐ ਤੇ ਖਾਧੀ ਵੀ ਐ।

# ਕਾਬਲੀਅਤ: ਡਿਗਰੀਆਂ ਤੋਂ ਅਗਾਂਹ ਦਾ ਸੱਚ

**ਲੈਫ. ਜਨ. ਐਸ. ਐਸ. ਮਹਿਤਾ ਰਿਟ.**




ਜਦੋਂ ਕਾਬਲੀਅਤ ਨੂੰ ਮੌਕਾ ਮਿਲਦਾ ਹੈ ਤਾਂ ਇਹ ਵੱਡੇ ਘਰਾਣਿਆਂ ਦੇ ਮਾਣ ਅਤੇ ਉੱਚੇ ਰੁਤਬਿਆਂ ਨੂੰ ਵੀ ਝੁਕਾ ਦਿੰਦੀ ਹੈ। ਸਾਲ 1911 ਵਿੱਚ ਕੋਲਕਾਤਾ ਦੇ ਇੱਕ ਮੈਦਾਨ 'ਚ ਨੰਗੇ ਪੈਰੀਂ ਖੇਡਣ ਵਾਲੀ 'ਮੋਹਨ ਬਾਗਾਨ' ਟੀਮ ਨੇ ਬੂਟ ਪਾ ਕੇ ਖੇਡਣ ਵਾਲੀ ਅੰਗਰੇਜ਼ ਰੈਜੀਮੈਂਟ ਨੂੰ ਆਈ ਐੱਫ ਏ ਸ਼ੀਲਡ ਦੇ ਮੁਕਾਬਲੇ ਵਿੱਚ ਹਰਾ ਦਿੱਤਾ ਸੀ। ਉਸ ਘਟਨਾ ਸਦਕਾ ਗ਼ੁਲਾਮ ਦੇਸ਼ ਨੇ ਇਹ ਸਬਕ ਸਿੱਖ ਲਿਆ ਸੀ ਕਿ ਮੈਦਾਨ 'ਚ ਹਾਕਮ ਨੂੰ ਵੀ ਟੱਕਰ ਦਿੱਤੀ ਜਾ ਸਕਦੀ ਹੈ ਅਤੇ ਹਰਾਇਆ ਵੀ ਜਾ ਸਕਦਾ ਹੈ। ਇਹ ਕੋਈ ਤੁੱਕਾ ਨਹੀਂ ਸੀ। ਸਾਲ 1956 ਵਿੱਚ ਮੈਲਬਰਨ ਵਿਖੇ ਭਾਰਤ ਓਲੰਪਿਕ ਫੁੱਟਬਾਲ ਮੁਕਾਬਲਿਆਂ ਦੇ ਸੈਮੀਫਾਈਨਲ ਵਿੱਚ ਪਹੁੰਚਿਆ ਸੀ, ਜੋ ਉਦੋਂ ਅਜਿਹਾ ਕਰਨ ਵਾਲੀ ਇੱਕੋ-ਇੱਕ ਏਸ਼ਿਆਈ ਟੀਮ ਸੀ। ਇਹ ਸਬਕ ਸਮੇਂ ਦੇ ਨਾਲ ਪੁਰਾਣਾ ਨਹੀਂ ਹੋਇਆ। ਹਾਲ ਹੀ ਵਿੱਚ ਗਲਾਸਗੋ ਵਿਖੇ ਤ੍ਰਿਪੁਰਾ ਦੇ ਇੱਕ ਕਸਬੇ ਦੇ ਸਾਈਕਲ ਮਕੈਨਿਕ ਦੀ ਧੀ ਅਸਮਿਤਾ ਡੇਅ ਨੇ ਰਾਸ਼ਟਰਮੰਡਲ ਖੇਡਾਂ ਵਿੱਚ ਜੂਡੋ ਦੇ ਫਾਈਨਲ ਮੁਕਾਬਲੇ ਵਿੱਚ ਕੈਨੇਡਾ ਦੀ ਖਿਡਾਰਨ ਨੂੰ ਫ਼ੈਸਲਾਕੁਨ ਮੁਕਾਬਲੇ ਵਿੱਚ ਹਰਾ ਕੇ ਦੇਸ਼ ਲਈ ਪਹਿਲਾ ਸੋਨ ਤਗ਼ਮਾ ਜਿੱਤਿਆ। ਜਨਮ ਨੇ ਉਸ ਨੂੰ ਸਾਈਕਲ ਮੁਰੰਮਤ ਦੀ ਦੁਕਾਨ ਤੱਕ ਮਹਿਦੂਦ ਰੱਖਿਆ ਸੀ, ਪਰ ਉਸ ਦੀ ਮਿਹਨਤ ਅਤੇ ਹੁਨਰ ਉਸ ਨੂੰ ਗਲਾਸਗੋ ਦੇ ਕੌਮਾਂਤਰੀ ਮੰਚ ਤੱਕ ਲੈ ਗਏ। ਖੇਡਾਂ ਦੀ ਭਾਸ਼ਾ ਵਿੱਚ ਇਹੋ ਸਵਾਮੀ ਵਿਵੇਕਾਨੰਦ ਦਾ ਉਹ ਤਰਕ ਹੈ, ਜਿਸ ਨੂੰ ਸਾਮਰਾਜ ਖ਼ਿਲਾਫ਼ ਵੀ ਸੱਚ ਸਾਬਿਤ ਕੀਤਾ ਗਿਆ ਅਤੇ ਆਜ਼ਾਦੀ ਤੋਂ ਬਾਅਦ ਵੀ। ਅਜਿਹੀ ਸੰਪੂਰਨਤਾ ਇਨਸਾਨ ਦੇ ਅੰਦਰ ਹੀ ਹੁੰਦੀ ਹੈ ਅਤੇ ਇਸ ਨੂੰ ਅੱਗੇ ਵਧਣ ਲਈ ਕਿਸੇ ਵੱਡੇ ਖ਼ਾਨਦਾਨ, ਪੈਸੇ ਜਾਂ ਵੱਡੀ ਤਾਕਤ ਦੀ ਲੋੜ ਨਹੀਂ ਪੈਂਦੀ। ਇਸ ਲੇਖ ਦੇ ਕੱਲ੍ਹ ਛਪੇ ਪਹਿਲੇ ਹਿੱਸੇ ਵਿੱਚ ਅਸੀਂ ਸਮੱਸਿਆ ਦੇ ਨੁਕਸਾਨ ਅਤੇ ਇਸ ਦੇ ਹੱਲ ਦੀ ਗੱਲ ਕੀਤੀ ਸੀ ਕਿ ਹੱਲ ਸਿਰਫ਼ ਇਮਤਿਹਾਨਾਂ ਨੂੰ ਸੌਖਾ ਕਰਨਾ ਨਹੀਂ ਸਗੋਂ ਇੱਕ ਨਵਾਂ ਅਤੇ ਠੋਸ ਢਾਂਚਾ ਤੇ ਸਾਧਨ ਤਿਆਰ ਕਰਨਾ ਹੈ। ਆਓ, ਅਸੀਂ ਦੇਖੀਏ ਕਿ ਇਸ ਨੂੰ ਕਿਵੇਂ ਉਸਾਰ ਸਕਦੇ ਹਾਂ:

ਕਮਰਾ ਅਤੇ ਡਿਜੀਟਲ ਸਟੈਕ ਦੀ ਉਸਾਰੀ : ਇਸ ਪੱਖ ਤੋਂ ਪਹਿਲਾ ਇਤਰਾਜ਼ ਇਹ ਕੀਤਾ ਜਾਂਦਾ ਹੈ ਕਿ ਭਾਰਤ ਬਹੁਤ ਵਿਸ਼ਾਲ ਅਤੇ ਗ਼ਰੀਬ ਦੇਸ਼ ਹੈ, ਇਸ ਲਈ ਇਹ ਅਜਿਹੀ ਕੋਈ ਚੀਜ਼ ਨਹੀਂ ਬਣਾ ਸਕਦਾ, ਪਰ ਖ਼ੁਦ ਭਾਰਤ ਨੇ ਹੀ ਇਸ ਦਾ ਮੂੰਹਤੋੜ ਜਵਾਬ ਦਿੱਤਾ ਹੈ। 'ਆਧਾਰ' ਨੇ ਵੱਡੇ ਪੱਧਰ 'ਤੇ ਆਬਾਦੀ ਦੇ ਉਸ ਮਸਲੇ ਨੂੰ ਹੱਲ ਕਰ ਦਿੱਤਾ, ਜਿਸ ਉੱਤੇ ਕਾਬਲੀਅਤ ਦਾ ਪੂਰਾ ਰਿਕਾਰਡ ਹੈ, ਭਾਵ ਇਹ ਯਕੀਨੀ ਬਣਾਉਣਾ ਕਿ ਅਸਲ ਵਿੱਚ ਵਿਅਕਤੀ ਹੈ ਕੌਣ? ਇਸ ਤੋਂ ਬਾਅਦ ਯੂ ਪੀ ਆਈ ਨੇ ਉਸ ਪਛਾਣ ਨੂੰ ਪੈਸੇ ਦੇ ਲੈਣ-ਦੇਣ ਦੇ ਯੋਗ ਬਣਾ ਦਿੱਤਾ। ਅੱਜ ਯੂ ਪੀ ਆਈ ਜ਼ਰੀਏ ਦੁਨੀਆ ਦੇ ਲਗਪਗ ਅੱਧੇ ਰੀਅਲ-ਟਾਈਮ ਵਿੱਤੀ ਲੈਣ-ਦੇਣ ਹੁੰਦੇ ਹਨ ਅਤੇ ਇਹ ਅਜਿਹੇ ਸਿਸਟਮ 'ਤੇ ਚੱਲਦਾ ਹੈ, ਜੋ ਪੁਰਾਣੇ ਅਰਥਚਾਰਿਆਂ ਵੱਲੋਂ ਬਣਾਏ ਗਏ ਕਿਸੇ ਵੀ ਸਿਸਟਮ ਨਾਲੋਂ ਕਿਤੇ ਵੱਧ ਸਸਤਾ ਅਤੇ ਤੇਜ਼ ਹੈ। ਡਿਜੀਲਾਕਰ ਨੇ ਤੀਜਾ ਅਸੂਲ ਤੈਅ ਕੀਤਾ ਕਿ ਇੱਕ ਨਾਗਰਿਕ ਆਪਣੇ ਦਸਤਾਵੇਜ਼ਾਂ ਨੂੰ ਭਰੋਸੇਯੋਗ, ਤਸਦੀਕਸ਼ੁਦਾ ਅਤੇ ਸਰਬ-ਵਿਆਪਕ ਰੂਪ ਵਿੱਚ ਆਪਣੇ ਕੋਲ ਰੱਖ ਸਕਦਾ ਹੈ, ਜਿਨ੍ਹਾਂ ਨੂੰ ਨਾਗਰਿਕ ਖ਼ੁਦ ਸੰਭਾਲਦਾ ਹੈ ਅਤੇ ਇਸ ਨੂੰ ਹਰ ਥਾਂ ਮਾਨਤਾ ਮਿਲਦੀ ਹੈ। ਇਹ ਤਿੰਨ ਚੀਜ਼ਾਂ ਬਣਾ ਚੁੱਕੇ ਦੇਸ਼ ਨੂੰ ਕੋਈ ਨਵਾਂ ਕੰਮ ਕਰਨ ਲਈ ਨਹੀਂ ਕਿਹਾ ਜਾ ਰਿਹਾ। 'ਆਧਾਰ' ਰਾਹੀਂ ਪਛਾਣ ਨੇ ਇਹ ਤੈਅ ਕਰ ਦਿੱਤਾ ਕਿ ਤੁਸੀਂ ਕੌਣ ਹੋ। ਡਿਜੀਟਲ ਭੁਗਤਾਨ ਨੇ ਇਹ ਤੈਅ ਕਰ ਦਿੱਤਾ ਕਿ ਤੁਸੀਂ ਕੀ ਲੈਣ-ਦੇਣ ਕਰ ਸਕਦੇ ਹੋ। ਦਸਤਾਵੇਜ਼ ਨੇ ਇਹ ਤੈਅ ਕਰ ਦਿੱਤਾ ਕਿ ਤੁਸੀਂ ਕੀ ਸਾਬਿਤ ਕਰ ਸਕਦੇ ਹੋ। 'ਕਾਬਲੀਅਤ ਸਮਾਰਟ ਕਾਰਡ' ਇਹ ਤੈਅ ਕਰਦਾ ਹੈ ਕਿ ਤੁਸੀਂ ਅਸਲ ਵਿੱਚ ਕੀ ਕਰ ਸਕਦੇ ਹੋ। ਇਹ ਉਸੇ ਇਮਾਰਤ ਦੀ ਇੱਕ ਹੋਰ ਉੱਪਰਲੀ ਮੰਜ਼ਿਲ ਦੀ ਉਸਾਰੀ ਹੈ, ਯਾਨੀ ਇੰਡੀਆ ਸਟੈਕ ਦੀ ਚੌਥੀ ਪਰਤ।ਇਹ ਸਾਧਨ ਇੱਕ ਰਾਸ਼ਟਰੀ ਕਾਬਲੀਅਤ ਢਾਂਚਾ ਅਤੇ ਕਿਸੇ ਵਿਅਕਤੀ ਦੀ ਅਸਲ ਯੋਗਤਾ ਦਾ ਇੱਕ ਭਰੋਸੇਯੋਗ ਅਤੇ ਹਰ ਥਾਂ ਲਿਜਾਇਆ ਜਾ ਸਕਣ ਵਾਲਾ ਰਿਕਾਰਡ ਹੈ, ਜਿਸ ਨੂੰ ਉਮਰ ਭਰ ਨਾਲ ਰੱਖਿਆ ਜਾ ਸਕਦਾ ਹੈ। ਇਸ ਨੂੰ ਕੇ ਵਾਈ ਸੀ ਵਾਂਗ ਸਮੇਂ-ਸਮੇਂ 'ਤੇ ਅੱਪਡੇਟ ਕੀਤਾ ਜਾ ਸਕਦਾ ਹੈ। ਇਸ ਵਿੱਚ ਡਿਗਰੀ ਸਿਰਫ਼ ਆਖ਼ਰੀ ਪੰਨਾ ਬਣ ਕੇ ਨਹੀਂ ਰਹਿ ਜਾਂਦੀ ਸਗੋਂ ਇਸ ਦਾ ਇੱਕ ਅਧਿਆਇ ਬਣ ਜਾਂਦੀ ਹੈ। ਕਿਸੇ ਵਰਕਸ਼ਾਪ, ਫ਼ੌਜੀ ਰੈਜੀਮੈਂਟ, ਹਸਪਤਾਲ ਜਾਂ ਖੇਤ ਵਿੱਚ ਹਾਸਲ ਕੀਤਾ ਗਿਆ ਹੁਨਰ ਵੀ ਉਸੇ ਰਿਕਾਰਡ ਵਿੱਚ ਉਸੇ ਰੂਪ ਵਿੱਚ ਦਰਜ ਹੁੰਦਾ ਹੈ ਜਿਵੇਂ ਕਿਸੇ ਕਲਾਸਰੂਮ ਦੀ ਪੜ੍ਹਾਈ।

ਭਰੋਸੇ ਦਾ ਗੋਲਡ ਸਟੈਂਡਰਡ : ਭਾਰਤ ਨੇ ਸਰਟੀਫਿਕੇਟ ਜਾਰੀ ਕਰਨ ਵਿੱਚ ਕੋਈ ਕੋਤਾਹੀ ਨਹੀਂ ਵਰਤੀ ਪਰ ਉਹ ਇਨ੍ਹਾਂ ਨੂੰ ਅਜਿਹੇ ਬਣਾਉਣ ਵਿੱਚ ਅਸਫ਼ਲ ਰਿਹਾ ਹੈ ਜਿਨ੍ਹਾਂ ਦੀ ਕੋਈ ਅਸਲ ਅਹਿਮੀਅਤ ਹੋਵੇ। ਭਾਰਤ ਵਿੱਚ ਵੀਹ ਵਿੱਚੋਂ ਕਿਸੇ ਇੱਕ ਕਾਮੇ ਕੋਲ ਹੁਨਰ ਦਾ ਕੋਈ ਰਸਮੀ ਸਰਟੀਫਿਕੇਟ ਹੁੰਦਾ ਹੈ ਜਦੋਂਕਿ ਜਰਮਨੀ ਵਿੱਚ ਲਗਪਗ ਚਾਰ ਵਿੱਚੋਂ ਤਿੰਨ ਅਤੇ ਦੱਖਣੀ ਕੋਰੀਆ ਵਿੱਚ ਲਗਭਗ ਹਰ ਕਾਮੇ ਕੋਲ ਇਹ ਹੁੰਦਾ ਹੈ। ਫਿਰ ਵੀ ਉਸ ਪਤਲੇ ਜਿਹੇ ਕਾਗਜ਼ (ਸਰਟੀਫਿਕੇਟ) ਦੇ ਆਧਾਰ 'ਤੇ ਅਕਸਰ ਭਰੋਸਾ, ਰੁਤਬਾ ਅਤੇ ਬਿਹਤਰ ਉਜਰਤ ਹਾਸਲ ਨਹੀਂ ਕੀਤੇ ਜਾ ਸਕਦੇ। ਸਰਟੀਫਿਕੇਟ ਉਦੋਂ ਤੱਕ ਕਿਸੇ ਕੰਮ ਨਹੀਂ ਆ ਸਕਦਾ ਜਦੋਂ ਤੱਕ ਉਸ 'ਤੇ ਭਰੋਸਾ ਨਾ ਕੀਤਾ ਜਾ ਸਕੇ ਅਤੇ ਭਰੋਸੇ ਲਈ ਇੱਕ ਪੱਕੀ ਸ਼ਰਤ ਹੁੰਦੀ ਹੈ ਕਿ ਸਿਖਲਾਈ ਦੇਣ ਵਾਲਾ ਕਦੇ ਵੀ ਸਰਟੀਫਿਕੇਟ ਦੇਣ ਵਾਲਾ ਨਹੀਂ ਹੋ ਸਕਦਾ। ਬਰਤਾਨੀਆ ਨੇ ਇਸ ਅਸੂਲ ਨੂੰ ਚੰਗੀ ਤਰ੍ਹਾਂ ਸਮਝ ਲਿਆ ਸੀ। 'ਸਿਟੀ ਐਂਡ ਗਿਲਡਜ਼' ਵਰਗੀਆਂ ਸੰਸਥਾਵਾਂ ਆਜ਼ਾਦਾਨਾ ਤੌਰ 'ਤੇ ਮਿਆਰ ਤੈਅ ਕਰਨ ਦੇ ਨਾਲ ਨਾਲ ਮੁਲਾਂਕਣ ਕਰਦੀਆਂ ਹਨ, ਜੋ ਉਸ ਖ਼ਾਸ ਮਾਲਕ ਜਾਂ ਵਰਕਸ਼ਾਪ ਤੋਂ ਬਿਲਕੁਲ ਵੱਖ ਹੁੰਦਾ ਹੈ, ਜਿੱਥੇ ਹੁਨਰ ਸਿੱਖਿਆ ਗਿਆ ਹੋਵੇ। ਇਸੇ ਵਖਰੇਵੇਂ ਕਰਕੇ ਹੀ ਯੋਗਤਾ 'ਤੇ ਪੂਰਾ ਭਰੋਸਾ ਬਣਦਾ ਹੈ ਅਤੇ ਵਿਅਕਤੀ ਆਪਣੇ ਹੁਨਰ (ਜਾਂ ਡਿਗਰੀ) ਨੂੰ ਕਿਤੇ ਵੀ ਆਸਾਨੀ ਨਾਲ ਲੈ ਕੇ ਜਾ ਸਕਦਾ ਹੈ। ਭਾਰਤ ਦੀ ਮੁਸ਼ਕਿਲ ਇਹ ਨਹੀਂ ਕਿ ਇੱਥੇ ਪ੍ਰਮਾਣਿਕ ਸੰਸਥਾਵਾਂ ਦੀ ਘਾਟ ਹੈ ਸਗੋਂ ਸਮੱਸਿਆ ਇਹ ਹੈ ਕਿ ਮੌਜੂਦ ਪ੍ਰਮਾਣਿਕ ਸੰਸਥਾਵਾਂ 'ਤੇ ਕੋਈ ਭਰੋਸਾ ਨਹੀਂ ਕਰਦਾ। ਕਾਲਜਾਂ ਅਤੇ ਤਕਨੀਕੀ ਸੰਸਥਾਵਾਂ ਦੀ ਪਰਖ ਕਰਨ ਲਈ ਬਣਾਈਆਂ ਗਈਆਂ ਸੰਸਥਾਵਾਂ ਅਕਸਰ ਉਸੇ ਕੁਨਬਾਪਰਵਰੀ ਅਤੇ ਸਰਪ੍ਰਸਤੀ ਦੀਆਂ ਸ਼ਿਕਾਰ ਹੋ ਜਾਂਦੀਆਂ ਹਨ, ਜਿਨ੍ਹਾਂ ਤੋਂ ਉੱਪਰ ਉੱਠ ਕੇ ਉਨ੍ਹਾਂ ਨੇ ਕੰਮ ਕਰਨਾ ਸੀ। ਇਨ੍ਹਾਂ ਵਿੱਚ ਨਿਯੁਕਤੀਆਂ ਯੋਗਤਾ ਦੇ ਆਧਾਰ 'ਤੇ ਹੋਣ ਦੀ ਬਜਾਏ ਮਰਜ਼ੀ ਨਾਲ ਹੁੰਦੀਆਂ ਹਨ ਅਤੇ ਇਹ ਸੰਸਥਾਵਾਂ ਉਨ੍ਹਾਂ ਹੀ ਲੋਕਾਂ ਦੇ ਪ੍ਰਭਾਵ ਹੇਠ ਆ ਜਾਂਦੀਆਂ ਹਨ, ਜਿਨ੍ਹਾਂ ਦੀ ਜਾਂਚ ਕਰਨ ਲਈ ਇਨ੍ਹਾਂ ਨੂੰ ਬਣਾਇਆ ਜਾਂਦਾ ਹੈ। ਜਦੋਂ ਪਰਖ ਕਰਨ ਵਾਲਾ ਨਾ ਤਾਂ ਆਜ਼ਾਦ ਹੋਵੇ ਅਤੇ ਨਾ ਹੀ ਸਾਫ਼-ਸੁਥਰੇ ਅਕਸ ਵਾਲਾ ਤਾਂ ਉਸ ਦੀ ਮੋਹਰ ਦਾ ਕੋਈ ਮੁੱਲ ਨਹੀਂ ਰਹਿ ਜਾਂਦਾ। ਜਿਹੜੀ ਪ੍ਰਮਾਣਿਕ ਸੰਸਥਾ ਉਸੇ ਸਿਸਟਮ ਦਾ ਹਿੱਸਾ ਬਣ ਜਾਵੇ ਜਿਸ ਦੀ ਉਸ ਨੇ ਪਰਖ ਕਰਨੀ ਹੁੰਦੀ ਹੈ, ਉਹ ਮਹਿਜ਼ ਇੱਕ ਲੈਟਰਹੈੱਡ ਵਾਲੀ ਰਬੜ ਦੀ ਮੋਹਰ ਬਣ ਕੇ ਰਹਿ ਜਾਂਦੀ ਹੈ।

ਦੇਸ਼ ਨੂੰ ਹੁਣ ਅਜਿਹੀ ਪ੍ਰਮਾਣਿਕ ਸੰਸਥਾ ਬਣਾਉਣੀ ਪਵੇਗੀ, ਜੋ ਕਿਸੇ ਨੂੰ ਸਿਖਲਾਈ ਨਾ ਦੇਵੇ ਪਰ ਉਸ ਉੱਤੇ ਸਭ ਦਾ ਪੂਰਾ ਭਰੋਸਾ ਹੋਵੇ। ਇਸ ਦੀ ਆਜ਼ਾਦੀ ਨੂੰ ਕਾਇਮ ਰੱਖਣ ਲਈ ਢਾਂਚਾਗਤ ਤਬਦੀਲੀਆਂ ਕਰਨੀਆਂ ਪੈਣਗੀਆਂ, ਜਿਵੇਂ ਕਿ ਇਸ ਦਾ ਇੱਕ ਕਾਨੂੰਨੀ ਚਾਰਟਰ, ਕੰਮ ਕਰਨ ਦਾ ਪੱਕਾ ਸਮਾਂ, ਜਨਤਕ ਮਿਆਰ, ਗੁਪਤ ਆਡਿਟ, ਆਡਿਟ ਹੋਣ ਯੋਗ ਨਤੀਜੇ ਹੋਣ ਅਤੇ ਇਸ ਵੱਲੋਂ ਪ੍ਰਮਾਣਿਤ ਕੀਤੀ ਜਾਣ ਵਾਲੀ ਕਿਸੇ ਵੀ ਸੰਸਥਾ ਦੀ ਇਸ ਵਿੱਚ ਕੋਈ ਹਿੱਸੇਦਾਰੀ ਨਾ ਹੋਵੇ। ਇਸ ਦੇ ਨਾਲ ਹੀ ਸਾਨੂੰ ਇਸ ਸਰਟੀਫਿਕੇਟ ਨੂੰ ਸਮੇਂ ਦਾ ਹਾਣੀ ਬਣਾਉਣਾ ਪਵੇਗਾ ਤਾਂ ਜੋ ਇਹ ਸਿਰਫ਼ ਪੜ੍ਹਾਈ ਖ਼ਤਮ ਹੋਣ ਵੇਲੇ ਮਿਲਣ ਵਾਲਾ ਕਾਗਜ਼ ਦਾ ਟੁਕੜਾ ਬਣ ਕੇ ਨਾ ਰਹਿ ਜਾਵੇ ਸਗੋਂ ਪੂਰੇ ਕੰਮਕਾਜੀ ਜੀਵਨ ਦੌਰਾਨ ਸਮੇਂ-ਸਮੇਂ 'ਤੇ ਇਸ ਦੀ ਮੁੜ ਤੋਂ ਤਸਦੀਕ ਹੁੰਦੀ ਰਹੇ।

ਸਰਟੀਫਿਕੇਟ ਤੋਂ ਲੈ ਕੇ ਕਰਜ਼ੇ (ਕ੍ਰੈਡਿਟ) ਤੱਕ : ਭਰੋਸੇਮੰਦ ਅਤੇ ਅੱਪ-ਟੂ-ਡੇਟ ਸਰਟੀਫਿਕੇਟ ਸਿਰਫ਼ ਕਾਗਜ਼ ਦਾ ਟੁਕੜਾ ਨਹੀਂ ਹੁੰਦਾ ਸਗੋਂ ਇਹ ਕਰਜ਼ਾ ਦੇਣ ਵਾਲਿਆਂ ਦੀਆਂ ਨਜ਼ਰਾਂ ਵਿੱਚ ਸਬੰਧਿਤ ਵਿਅਕਤੀ ਦੀ ਆਰਥਿਕ ਅਹਿਮੀਅਤ ਦੱਸਦਾ ਹੈ। ਇੱਕ ਵੈਲਡਰ ਦਾ ਤਸਦੀਕਸ਼ੁਦਾ ਗ੍ਰੇਡ ਅਤੇ ਇੱਕ ਨਰਸ ਦੀ ਪਰਖੀ ਹੋਈ ਯੋਗਤਾ ਜ਼ਮੀਨ ਵਾਂਗ ਗਹਿਣੇ ਤਾਂ ਨਹੀਂ ਰੱਖੀ ਜਾ ਸਕਦੀ ਕਿਉਂਕਿ ਕੋਈ ਵੀ ਕਿਸੇ ਦੇ ਹੁਨਰ 'ਤੇ ਕਬਜ਼ਾ ਨਹੀਂ ਕਰ ਸਕਦਾ ਪਰ ਇਹ ਉਸ ਵਿਅਕਤੀ ਨੂੰ ਕਰਜ਼ਾ ਦੇਣ ਦਾ ਜੋਖ਼ਮ ਜ਼ਰੂਰ ਘਟਾ ਦਿੰਦੇ ਹਨ ਅਤੇ ਘਟਿਆ ਹੋਇਆ ਜੋਖ਼ਮ ਹੀ ਕਰਜ਼ਾ ਦੇਣ ਦੀ ਪ੍ਰਕਿਰਿਆ ਦੀ ਅਸਲ ਸ਼ੁਰੂਆਤ ਹੁੰਦਾ ਹੈ। ਬੈਂਕ ਇਨ੍ਹਾਂ ਦੀ ਕੀਮਤ ਤੈਅ ਕਰ ਸਕਦਾ ਹੈ। ਕੋਈ ਮਾਲਕ ਇਨ੍ਹਾਂ ਲਈ ਬੋਲੀ ਲਾ ਸਕਦਾ ਹੈ। ਕੋਈ ਪਰਿਵਾਰ ਇਨ੍ਹਾਂ ਦੇ ਆਧਾਰ 'ਤੇ ਨਿਵੇਸ਼ ਕਰ ਸਕਦਾ ਹੈ। ਕਾਬਲੀਅਤ ਇੱਕ ਵਾਰ ਪ੍ਰਮਾਣਿਤ ਹੋਣ ਤੋਂ ਬਾਅਦ ਅਜਿਹਾ ਆਰਥਿਕ ਰੁਤਬਾ ਬਣ ਜਾਂਦੀ ਹੈ, ਜੋ ਪੇਸ਼ੇਵਰ ਵਿਅਕਤੀ ਦੇ ਨਾਲ-ਨਾਲ ਚੱਲਦਾ ਅਤੇ ਅੱਗੇ ਵਧਦਾ ਹੈ। ਇਸ ਨੂੰ ਦੋਵਾਂ ਦਿਸ਼ਾਵਾਂ ਵਿੱਚ ਅੱਗੇ ਵਧਣਾ ਚਾਹੀਦਾ ਹੈ ਕਿਉਂਕਿ ਇਹੀ ਇੱਕੋ ਪਾਸੇ ਜਾਣ ਵਾਲੀ ਪੌੜੀ ਵਾਲੇ ਪੁਰਾਣੇ ਸਿਸਟਮ ਦੀ ਅਸਲ ਖ਼ਾਮੀ ਹੈ। ਇਸ ਨੂੰ ਹੋਰ ਦਿਸ਼ਾਵਾਂ ਵੱਲ ਵੀ ਵਧਣਾ ਚਾਹੀਦਾ ਹੈ ਤਾਂ ਜੋ ਕੋਈ ਇਨਸਾਨ 40 ਸਾਲ ਦੀ ਉਮਰ ਵਿੱਚ ਵੀ ਸਿਫ਼ਰ ਤੋਂ ਪੜ੍ਹਾਈ ਸ਼ੁਰੂ ਕੀਤੇ ਬਿਨਾਂ ਆਪਣਾ ਕਿੱਤਾ ਬਦਲ ਸਕੇ, ਜਿਵੇਂ ਟੈਕਨੀਸ਼ੀਅਨ ਦਾ ਉੱਦਮੀ ਬਣਨਾ ਜਾਂ ਸਿਪਾਹੀ ਦਾ ਪ੍ਰਸ਼ਾਸਕ ਬਣਨਾ। ਉਹ ਆਪਣੇ ਪੁਰਾਣੇ ਤਜਰਬੇ ਨੂੰ ਨਵੇਂ ਕੰਮ ਵਿੱਚ ਵਰਤ ਸਕੇ, ਨਾ ਕਿ ਉਸ ਨੂੰ ਹਰ ਨਵੇਂ ਦਰਵਾਜ਼ੇ 'ਤੇ ਆਪਣਾ ਹੁਨਰ ਪਿੱਛੇ ਛੱਡ ਕੇ ਆਉਣਾ ਪਵੇ। ਨਵੀਂ ਸੋਚ ਇਹ ਹੈ ਕਿ ਵੈਲਡਰ ਅਤੇ ਨਰਸ ਨੂੰ ਵੀ ਹੱਕ ਵਜੋਂ ਉਹ ਮਾਨਤਾ ਮਿਲੇ ਜੋ ਹੁਣ ਤੱਕ ਵੱਡੀਆਂ ਡਿਗਰੀਆਂ ਵਾਲੇ ਲੋਕਾਂ ਨੂੰ ਹੀ ਕਿਸਮਤ ਨਾਲ ਮਿਲਦੀ ਰਹੀ ਹੈ। ਇਸ ਦਾਇਰੇ ਨੂੰ ਉੱਪਰ ਵੱਲ ਵੀ ਵਧਣਾ ਚਾਹੀਦਾ ਹੈ ਕਿਉਂਕਿ ਅਸੀਂ ਇਸੇ ਪਾਸੇ ਸਭ ਤੋਂ ਵੱਧ ਅਣਗਹਿਲੀ ਕੀਤੀ ਹੈ।

ਇੱਕ ਇਨਸਾਨ ਆਪਣੇ ਪੂਰੇ ਕੰਮਕਾਜੀ ਜੀਵਨ ਵਿੱਚ ਜੋ ਹੁਨਰ ਅਤੇ ਤਜਰਬਾ ਕਮਾਉਂਦਾ ਹੈ, ਉਹ ਵੀ ਇੱਕ ਵਿਰਸਾ ਹੀ ਹੈ ਅਤੇ ਇਹੀ ਉਹ ਅਸਲ ਵਿਰਸਾ ਹੈ ਜਿਸ ਦੀ ਕਿਸੇ ਦੇਸ਼ ਨੂੰ ਕਦਰ ਕਰਨੀ ਚਾਹੀਦੀ ਹੈ ਅਤੇ ਇਸ ਵਿੱਚ ਲਗਾਤਾਰ ਤਰੱਕੀ ਹੋਣੀ ਚਾਹੀਦੀ ਹੈ। ਇੱਕ ਹੁਨਰਮੰਦ ਕਾਰੀਗਰ ਨੂੰ ਅੱਗੇ ਚੱਲ ਕੇ ਆਪਣਾ ਹੁਨਰ ਦੂਜਿਆਂ ਨੂੰ ਸਿਖਾਉਣਾ ਚਾਹੀਦਾ ਹੈ ਅਤੇ ਫਿਰ ਸਿਖਾਉਣ ਤੋਂ ਬਾਅਦ ਉਹੀ ਦੂਜਿਆਂ ਦੇ ਹੁਨਰ ਦੀ ਪਰਖ ਕਰਨ ਵਾਲਾ ਬਣਨਾ ਚਾਹੀਦਾ ਹੈ। ਉਸ ਮਾਹਿਰ ਨੂੰ ਪ੍ਰੋਫੈਸਰ ਔਫ ਪ੍ਰੈਕਟਿਸ ਵਜੋਂ ਉਹ ਉੱਚਾ ਅਹੁਦਾ ਜ਼ਰੂਰ ਮਿਲਣਾ ਚਾਹੀਦਾ ਹੈ, ਜਿਸ ਦਾ ਉਹ ਹੱਕਦਾਰ ਹੈ। ਸਿਰਫ਼ ਬਰਾਬਰੀ ਦੇ ਦਾਅਵੇ ਕਰਨ ਨਾਲ ਉਹ ਉੱਥੇ ਦਾ ਉੱਥੇ ਹੀ ਖੜ੍ਹਾ ਰਹਿ ਜਾਂਦਾ ਹੈ ਜਦੋਂਕਿ ਅੱਗੇ ਵਧਣ ਦਾ ਮੌਕਾ ਦੇਣ ਨਾਲ ਉਹ ਅਸਲ ਤਰੱਕੀ ਕਰ ਸਕਦਾ ਹੈ। ਕਿਸੇ ਘਰ ਦੀਆਂ ਪੌੜੀਆਂ ਜੇ ਉੱਪਰ ਵੱਲ ਨਾ ਜਾਂਦੀਆਂ ਹੋਣ ਤਾਂ ਕਈ ਦਰਵਾਜ਼ਿਆਂ ਵਾਲਾ ਘਰ ਵੀ ਅਧੂਰਾ ਹੀ ਮੰਨਿਆ ਜਾਂਦਾ ਹੈ। ਵੋਟ ਦੇ ਅਧਿਕਾਰ ਨੇ ਹਰ ਭਾਰਤੀ ਨੂੰ ਕਾਨੂੰਨ ਦੀ ਨਜ਼ਰ ਵਿੱਚ ਬਰਾਬਰ ਕੀਤਾ ਸੀ ਜਦੋਂਕਿ ਭਰੋਸੇਮੰਦ, ਬਦਲਣਯੋਗ ਅਤੇ ਅੱਗੇ ਵਧਣ ਵਾਲੀ ਕਾਬਲੀਅਤ ਦਾ ਢਾਂਚਾ ਹਰ ਭਾਰਤੀ ਨੂੰ ਅੱਗੇ ਵਧਣ ਦੇ ਮੌਕਿਆਂ ਵਿੱਚ ਬਰਾਬਰ ਖੜ੍ਹਾ ਕਰ ਸਕਦਾ ਹੈ। ਪਹਿਲਾ ਰੁਜ਼ਗਾਰ ਹੱਕ ਸੀ ਅਤੇ ਦੂਜਾ ਅਸਲ ਤਾਕਤਵਰ ਸਾਧਨ ਹੈ।

ਵਿਕਸਿਤ ਭਾਰਤ ਦਾ ਅਸਲ ਢਾਂਚਾ : ਹੁਣ ਅਖ਼ੀਰ ਵਿੱਚ ਦੁਬਾਰਾ ਉਨ੍ਹਾਂ ਦੋ ਮਹਾਨ ਸ਼ਖ਼ਸੀਅਤਾਂ ਵੱਲ ਪਰਤਦੇ ਹਾਂ। ਮੈਕਾਲੇ ਨੇ ਇੱਕ ਹਾਕਮ ਸਾਮਰਾਜ ਦੀ ਸੇਵਾ ਕਰਨ ਲਈ ਗ਼ੁਲਾਮ ਮੁਲਕ ਦੇ ਲੋਕਾਂ ਦੀ ਇੱਕ ਖ਼ਾਸ ਤਰ੍ਹਾਂ ਦੀ ਮਾਨਸਿਕਤਾ ਬਣਾਈ ਸੀ, ਪਰ ਉਸ ਸਾਮਰਾਜੀ ਸ਼ਾਸਨ ਦਾ ਅੰਤ ਹੋ ਚੁੱਕਾ ਹੈ। ਇਸ ਦੇ ਉਲਟ ਸਵਾਮੀ ਵਿਵੇਕਾਨੰਦ ਦੀ ਸੋਚ ਕਿਸੇ ਮਾਲਕ ਦੀ ਗ਼ੁਲਾਮ ਨਹੀਂ ਸੀ ਸਗੋਂ ਇਹ ਇਨਸਾਨ ਦੇ ਅੰਦਰੂਨੀ ਨਿਖਾਰ ਲਈ ਸੀ ਅਤੇ ਉਨ੍ਹਾਂ ਨੇ ਇਹ ਗੱਲ ਦੁਨੀਆ ਦੇ ਉਨ੍ਹਾਂ ਸਰੋਤਿਆਂ ਨੂੰ ਆਖੀ ਸੀ, ਜਿਨ੍ਹਾਂ ਨੇ ਤਾੜੀਆਂ ਮਾਰੀਆਂ ਅਤੇ ਆਪੋ-ਆਪਣੇ ਘਰਾਂ ਨੂੰ ਪਰਤ ਗਏ। ਅਸੀਂ ਪਿਛਲੀ ਇੱਕ ਸਦੀ ਤੋਂ ਉਨ੍ਹਾਂ ਦੇ ਵਿਚਾਰਾਂ ਦੇ ਹਵਾਲੇ ਤਾਂ ਦਿੰਦੇ ਰਹੇ ਹਾਂ, ਪਰ ਉਨ੍ਹਾਂ 'ਤੇ ਅਮਲ ਬਿਲਕੁਲ ਨਹੀਂ ਕੀਤਾ। ਹੁਣ ਇਸ ਨੂੰ ਅਮਲੀ ਜਾਮਾ ਪਹਿਨਾਉਣ ਦੀ ਲੋੜ ਹੈ। ਇਹੋ 'ਵਿਕਸਿਤ ਭਾਰਤ' ਦੇ ਸਫ਼ਰ ਨੂੰ ਅਸਲੀ ਬਣਾਉਂਦੀ ਹੈ। ਇਹ ਇਸ ਨਜ਼ਰੀਏ ਦੀ ਮੰਜ਼ਿਲ ਵੀ ਤੈਅ ਕਰਦੀ ਹੈ ਅਤੇ ਇਸ ਵੱਲ ਜਾਂਦਾ ਰਾਹ ਵੀ ਦਿਖਾਉਂਦੀ ਹੈ, ਜਿਸ ਵਿੱਚ ਦੇਸ਼ ਦਾ ਹਰ ਇੱਕ ਨਾਗਰਿਕ ਸ਼ਾਮਿਲ ਹੋਵੇ। ਇਹ ਅਜਿਹਾ ਦੇਸ਼ ਨਾ ਬਣੇ, ਜੋ ਸਿਰਫ਼ ਕੁਝ ਖ਼ਾਸ ਲੋਕਾਂ ਲਈ ਹੀ ਤੇਜ਼ੀ ਨਾਲ ਉੱਪਰ ਜਾਣ ਵਾਲੀ ਪੌੜੀ ਬਣਾਵੇ ਸਗੋਂ ਇਹ ਵੈਲਡਰ, ਨਰਸ, ਜੁਲਾਹੇ ਅਤੇ ਕਾਰੀਗਰ ਵਰਗੇ ਸਾਰੇ ਆਮ ਲੋਕਾਂ ਲਈ ਵੀ ਤਰੱਕੀ ਦੇ ਰਾਹ ਖੋਲ੍ਹੇ। ਇਹ ਭਾਰਤ ਨੂੰ ਦੁਨੀਆ ਦੀ ਹੁਨਰ-ਰਾਜਧਾਨੀ ਬਣਾਵੇ, ਅਜਿਹੀ ਰਾਜਧਾਨੀ ਜਿਹੜੀ ਦੂਜਿਆਂ ਉੱਤੇ ਹਕੂਮਤ ਨਾ ਕਰੇ ਸਗੋਂ ਦੁਨੀਆ ਨੂੰ ਭਰੋਸੇਮੰਦ ਹੁਨਰ ਸਪਲਾਈ ਕਰੇ ਕਿਉਂਕਿ ਅੱਜ ਪੂਰੀ ਦੁਨੀਆ ਵਿੱਚ ਇਸ ਦੀ ਭਾਰੀ ਘਾਟ ਹੈ। ਜਦੋਂ ਆਉਣ ਵਾਲੀਆਂ ਪੀੜ੍ਹੀਆਂ ਪਿੱਛੇ ਮੁੜ ਕੇ ਵੇਖਣਗੀਆਂ ਤਾਂ ਸ਼ਾਇਦ ਉਨ੍ਹਾਂ ਨੂੰ ਯਾਦ ਰਹੇ ਕਿ ਇਸ ਬਹਿਸ ਦੀ ਸ਼ੁਰੂਆਤ ਕਿਸੇ ਪੇਪਰ ਲੀਕ ਹੋਣ ਨਾਲ ਹੋਈ ਸੀ, ਪਰ ਉਹ ਇਹ ਵੀ ਜ਼ਰੂਰ ਵੇਖਣਗੀਆਂ ਕਿ ਭਾਰਤ ਸਿਰਫ਼ ਟੁੱਟੇ ਹੋਏ ਤਾਲੇ ਨੂੰ ਠੀਕ ਕਰਨ ਤੱਕ ਸੀਮਿਤ ਨਹੀਂ ਰਿਹਾ, ਸਗੋਂ ਉਸ ਨੇ ਪੂਰਾ ਕਮਰਾ ਤਿਆਰ ਕੀਤਾ, ਉਸ ਦੇ ਅਨੇਕਾਂ ਦਰਵਾਜ਼ੇ ਖੋਲ੍ਹੇ ਅਤੇ ਹਰ ਭਾਰਤੀ ਨੂੰ ਅੱਗੇ ਵਧਣ ਲਈ ਇੱਕ ਪੌੜੀ ਦਿੱਤੀ।

**ਪੱਛਮੀ ਕਮਾਂਡ ਦੇ ਸਾਬਕਾ ਮੁਖੀ ਅਤੇ ਪੁਣੇ ਇੰਟਰਨੈਸ਼ਨਲ ਸੈਂਟਰ ਦੇ ਬਾਨੀ ਟਰੱਸਟੀ।**

# ਪਿੰਡ ਬਖਸ਼ੀਵਾਲਾ ਵਿਖੇ ਅਕਾਲੀ ਦਲ ਵਾਰਿਸ ਪੰਜਾਬ ਵੱਲੋਂ ਰੱਖੀ ਗਈ ਮੀਟਿੰਗ ਰੈਲੀ ਦਾ ਰੂਪ ਧਾਰਨ ਕਰ ਗਈ



ਬਰੇਟਾ 12 ਅਗਸਤ (ਰਾਜੇਸ਼ ਅਗਰਵਾਲ)-ਪਿੰਡ ਬਖਸ਼ੀਵਾਲਾ ਵਿਖੇ ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਇੱਕ ਮੀਟਿੰਗ ਰੱਖੀ ਗਈ ਅਤੇ ਇਹ ਮੀਟਿੰਗ ਇੱਕ ਰੈਲੀ ਦਾ ਰੂਪ ਧਾਰਨ ਕਰ ਗਈ । ਲੋਕਾਂ ਵਿੱਚ ਐਨਾ ਉਤਸ਼ਾਹ ਸੀ ਕਿ ਲੋਕ ਆਪ ਮੁਹਾਰੇ ਵਹੀਰਾਂ ਘੱਤ ਕੇ ਇਸ ਮੀਟਿੰਗ ਵਿੱਚ ਸ਼ਾਮਿਲ ਹੋਏ। ਅੱਜ ਦੀ ਮੀਟਿੰਗ ਵਿੱਚ ਖਾਸ ਗੱਲ ਇਹ ਰਹੀ ਕਿ ਪਿੰਡ ਦੀਆਂ ਔਰਤਾਂ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਈਆਂ। ਜਿਨ੍ਹਾਂ ਦੀ ਗਿਣਤੀ ਲਗਭਗ 100 ਤੋਂ ਉੱਪਰ ਸੀ ਅਤੇ ਇਸ ਮੀਟਿੰਗ - ਰੈਲੀ ਵਿੱਚ ਲੱਗਭੱਗ 300 ਦਾ ਇਕੱਠ ਹੋਇਆ। ਇਹ ਮੀਟਿੰਗ - ਰੈਲੀ ਅਵਤਾਰ ਸਿੰਘ ਜਵਾਹਰਕੇ ਸੀਨੀਅਰ ਮੀਤ ਪ੍ਰਧਾਨ ਅਕਾਲੀ ਦਲ ਵਾਰਸ ਪੰਜਾਬ ਦੇ ਕਾਰਜਕਾਰੀ ਮੈਂਬਰ ਪੰਜਾਬ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਇਕਬਾਲ ਸਿੰਘ ਬਖਸ਼ੀਵਾਲਾ ਦੀ ਅਗਵਾਈ ਵਿੱਚ ਪਿੰਡ ਦੀ ਧਰਮਸ਼ਾਲਾ ਵਿੱਚ ਭਾਰੀ ਇਕੱਠ ਹੋਇਆ। ਜਿਸ ਵਿੱਚ ਪਾਰਟੀਆਂ ਦੇ ਵੱਖ-ਵੱਖ ਅਹੁਦੇਦਾਰ ਗੁਰਦਰਸਨ ਸਿੰਘ ਖੁਡਾਲ ਕਾਰਜਕਾਰੀ ਮੈਂਬਰ ਜ਼ਿਲ੍ਹਾ ਮਾਨਸਾ, ਮਨਪ੍ਰੀਤ ਸਿੰਘ ਬੁਢਲਾਡਾ, ਕਮਲਜੀਤ ਸਿੰਘ ਬੁਢਲਾਡਾ ਕਾਰਜਕਾਰੀ ਮੈਂਬਰ, ਬੀਬੀ ਚਰਨਜੀਤ ਕੌਰ ਬੀਰੋਕੇ, ਗੁਰਪ੍ਰੀਤ ਸਿੰਘ ਦੋਦੜਾ, ਸੁਖਵਿੰਦਰ ਸਿੰਘ ਭਾਦੜਾ, ਮੰਗਤ ਸਿੰਘ ਕਾਹਨਗੜ੍ਹ, ਕਾਲਾ ਸਿੰਘ ਕੁਲਰੀਆਂ, ਗੁਰਤੇਜ ਸਿੰਘ ਸਾਬਕਾ ਪੰਚ ਖੁਡਾਲ, ਗੁਰਮੀਤ ਸਿੰਘ ਖੁਡਾਲ, ਦਲਜੀਤ ਸਿੰਘ ਖੁਡਾਲ, ਪਰਮਜੀਤ ਸਿੰਘ ਖੁਡਾਲ ਸਾਬਕਾ ਪ੍ਰਧਾਨ ਟਰੱਕ ਯੂਨੀਅਨ ਬਰੇਟਾ ਆਦਿ ਹਾਜ਼ਰ ਹੋਏ। ਇਸ ਮੌਕੇ ਤੇ ਸ਼੍ਰੀਮਤੀ ਚਰਨਜੀਤ ਕੌਰ, ਇਕਬਾਲ ਸਿੰਘ ਬਖਸ਼ੀਵਾਲਾ, ਹਰਪ੍ਰੀਤ ਸਿੰਘ ਬੁਢਲਾਡਾ, ਕਮਲਜੀਤ ਸਿੰਘ ਬੁਢਲਾਡਾ ਅਤੇ ਜਿਲ੍ਹੇ ਦੇ ਸੀਨੀਅਰ ਮੀਤ ਪ੍ਰਧਾਨ ਅਵਤਾਰ ਸਿੰਘ ਜਵਾਹਰਕੇ ਨੇ ਸੰਗਤਾਂ ਨੂੰ ਸੰਬੋਧਨ ਕੀਤਾ। ਸਟੇਜੀ ਕਾਰਵਾਈ ਗੁਰਦਰਸ਼ਨ ਸਿੰਘ ਨੇ ਨਿਭਾਈ। ਖਾਸ ਦੇਖਣ ਵਾਲੀ ਗੱਲ ਇਹ ਰਹੀ ਕਿ ਜਦੋਂ ਚਰਨਜੀਤ ਕੌਰ ਬੀਰੋਕੇ ਨੇ ਸਟੇਜ ਤੋਂ ਸੰਗਤਾਂ ਨੂੰ ਸੰਬੋਧਨ ਕਰਨਾ ਸ਼ੁਰੂ ਕੀਤਾ ਤਾਂ ਉਹਨਾਂ ਦੀਆਂ ਗੱਲਾਂ ਤੋਂ ਉਤਸ਼ਾਹਿਤ ਹੋ ਕੇ ਕਈ ਮਾਤਾ ਭੈਣਾਂ ਨੇ ਆਪਣੇ ਨਾਮ ਵਾਰਿਸ ਪੰਜਾਬ ਦੇ ਪਾਰਟੀ ਵਿੱਚ ਸ਼ਾਮਿਲ ਹੋਣ ਲਈ ਦਰਜ ਕਰਵਾਏ। ਜਿਨਾਂ ਵਿੱਚੋਂ ਕਿਰਨਪਾਲ ਕੌਰ, ਕਿਰਨਜੀਤ ਕੌਰ, ਰਾਜਵੀਰ ਕੌਰ, ਗਗਨਦੀਪ ਕੌਰ, ਸ਼ੇਰ ਕੌਰ, ਵੀਰਪਾਲ ਕੌਰ, ਰਮਨਦੀਪ ਕੌਰ, ਗੁਰਮੀਤ ਕੌਰ ਆਦਿ ਔਰਤਾਂ ਨੇ ਪਾਰਟੀ ਨਾਲ ਚੱਲਣ ਦਾ ਪ੍ਰਣ ਕੀਤਾ।

# ਉੱਘੀ ਸ਼ਾਇਰਾ ਤੇ ਵਾਰਤਾਕਾਰ ਪਰਮਜੀਤ ਕੌਰ ਸਰਹਿੰਦ ਨੂੰ ਬਠਿੰਡਾ ਤੇ ਧਨੌਲਾ ਵਿਖੇ ਸਾਹਿਤਿਕ ਸੰਸਥਾਵਾਂ ਵੱਲੋਂ ਸਨਮਾਨਿਤ ਕੀਤੇ ਜਾਣ 'ਤੇ ਜ਼ਿਲ੍ਹਾ ਲਿਖਾਰੀ ਸਭਾ ਫ਼ਤਹਿਗੜ੍ਹ ਸਾਹਿਬ ਵੱਲੋਂ ਕੀਤਾ ਗਿਆ ਧੰਨਵਾਦ

ਫ਼ਤਿਹਗੜ੍ਹ ਸਾਹਿਬ 12 ਅਗਸਤ ( ਗੁਰਪ੍ਰੀਤ ਸਿੰਘ ਜਖਵਾਲੀ) ਜ਼ਿਲ੍ਹਾ ਲਿਖਾਰੀ ਸਭਾ (ਰਜਿ:) ਫ਼ਤਹਿਗੜ੍ਹ ਸਾਹਿਬ ਦੇ ਅਹੁਦੇਦਾਰਾਂ ਨੇ ਅਚਨਚੇਤੀ ਮੀਟਿੰਗ ਕੀਤੀ ਜਿਸ ਵਿੱਚ ਸਭਾ ਦੀ ਪ੍ਰਧਾਨ ਪਰਮਜੀਤ ਕੌਰ ਸਰਹਿੰਦ ਨੂੰ ਬੀਤੇ ਦਿਨ ਬਠਿੰਡਾ ਦੇ ਟੀਚਰਜ਼ ਹੋਮ ਵਿਖੇ ਕੀਤੇ ਸਨਮਾਨ ਦਾ ਧੰਨਵਾਦ ਕੀਤਾ। ਸਭਾ ਦੇ ਮੀਤ ਪ੍ਰਧਾਨ ਬਲਤੇਜ ਸਿੰਘ ਬਠਿੰਡਾ, ਪ੍ਰੈੱਸ ਸਕੱਤਰ ਅਮਰਬੀਰ ਸਿੰਘ ਚੀਮਾਂ, ਜਨਰਲ ਸਕੱਤਰ ਹਰਜਿੰਦਰ ਸਿੰਘ ਗੋਪਾਲੋਂ, ਸਕੱਤਰ ਪ੍ਰਿੰਸੀਪਲ ਸੁਖਵਿੰਦਰ ਸਿੰਘ ਢਿੱਲੋਂ ਤੇ ਮੀਡੀਆ ਇੰਚਾਰਜ ਸਿਮਰਨਜੀਤ ਸਿੰਘ ਹਾਜ਼ਰ ਰਹੇ ਤੇ ਧੰਨਵਾਦ ਦਾ ਮਤਾ ਪਾਇਆ ਗਿਆ। ਸਾਦਿਕ ਪਬਲੀਕੇਸ਼ਨਜ਼ ਜੋਧਪੁਰ ਪਾਖਰ ਵੱਲੋਂ ਉਲੀਕੇ ਗਏ ਇਸ ਵੱਡੇ ਸਮਾਗਮ ਵਿੱਚ ਸਾਹਿਤ ਸਿਰਜਣਾ ਮੰਚ (ਰਜਿ:) ਬਠਿੰਡਾ ਦੇ ਪ੍ਰਧਾਨ ਪ੍ਰਸਿੱਧ ਗ਼ਜ਼ਲਗੋ ਸੁਰਿੰਦਰਪ੍ਰੀਤ ਘਣੀਆਂ ਤੇ ਸ਼ਾਇਰ ਮੀਤ ਬਠਿੰਡਾ ਨੇ ਖ਼ੂਬਸੂਰਤ ਸਾਲ ਤੇ ਪੁਸਤਕਾਂ ਭੇਂਟ ਕਰਕੇ ਪਰਮਜੀਤ ਕੌਰ ਸਰਹਿੰਦ ਨੂੰ ਸਨਮਾਨਿਤ ਕੀਤਾ।



ਇਸੇ ਮੌਕੇ ਸਾਦਿਕ ਪਬਲੀਕੇਸ਼ਨਜ਼, ਜੋਧਪੁਰ ਪਾਖਰ (ਬਠਿੰਡਾ) ਵੱਲੋਂ ਪਬਲੀਕੇਸ਼ਨ ਦੇ ਮਾਲਕ ਤੇ ਸੰਚਾਲਕ ਕੁਲਦੀਪ ਸਿੰਘ ਦੀਪ ਦੇ ਮਾਤਾ ਬੇਅੰਤ ਕੌਰ ਨੇ ਬਹੁਤ ਭਾਵਪੂਰਤ ਢੰਗ ਨਾਲ ਪਰਮਜੀਤ ਕੌਰ ਸਰਹਿੰਦ ਨੂੰ ਸ਼ਾਲ ਅਤੇ ਸਨਮਾਨ ਚਿੰਨ੍ਹ ਦੇ ਕੇ ਮਾਣ ਦਿੱਤਾ। ਇਨ੍ਹਾਂ ਤੋਂ ਇਲਾਵਾ ਉਨ੍ਹਾਂ ਦੀ ਕਲਮ ਦੀ ਸਾਂਝ ਵਾਲੇ ਸ. ਬਲਜੀਤ ਸਿੰਘ ਤੇ ਉਨ੍ਹਾਂ ਦੀ ਸੁਪਤਨੀ ਬਲਜਿੰਦਰ ਕੌਰ ਨੇ ਪਿਆਰ- ਸਤਿਕਾਰ ਦਾ ਇਜ਼ਹਾਰ ਕਰਦਿਆਂ ਸ਼ਾਨਦਾਰ ਸੂਟ ਤੇ ਸ਼ਾਲ ਭੇਂਟ ਕੀਤੀ। ਭਾਈ ਪਰਮਜੀਤ ਸਿੰਘ ਸਾਬਕਾ ਹਜ਼ੂਰੀ ਗ੍ਰੰਥੀ ਤਖ਼ਤ ਸ੍ਰੀ ਦਮਦਮਾ ਸਾਹਿਬ ਤੇ ਮੁੱਖ ਗ੍ਰੰਥੀ ਗੁਰਦੁਆਰਾ ਹਾਜੀ ਰਤਨ ਸਾਹਿਬ ਬਠਿੰਡਾ ਤੇ ਉਨ੍ਹਾਂ ਦੀ ਸੁਪਤਨੀ ਪ੍ਰੀਤ ਕੌਰ ਨੇ ਸਿਰਪਾਉ ਦੇ ਕੇ ਉਨ੍ਹਾਂ ਦਾ ਮਾਣ ਵਧਾਇਆ। ਜ਼ਿਕਰਯੋਗ ਹੈ ਕਿ ਇਸ ਮੌਕੇ ਮੀਤ ਬਠਿੰਡਾ ਦੀ ਕਾਵਿ- ਪੁਸਤਕ ''ਕੱਚੀ? ਨੀਂਦ ਦਾ ਸੁਪਨਾ'' ਸਮੇਤ ਇਕੱਠੀਆਂ ਪੰਜ? ਪੁਸਤਕਾਂ ਲੋਕ ਅਰਪਣ ਕੀਤੀਆਂ ਗਈਆਂ ਤੇ ਪਰਮਜੀਤ ਕੌਰ ਸਰਹਿੰਦ ਨੂੰ ਮੁੱਖ ਮਹਿਮਾਨ ਦੇ ਤੌਰ 'ਤੇ ਸੱਦਿਆ ਗਿਆ ਸੀ। ਇਸੇ ਦਿਨ ਉਨ੍ਹਾਂ ਨੂੰ ''ਪੰਜਾਬੀ ਲਿਖਾਰੀ ਸਭਾ (ਰਜਿ:), ਧਨੌਲਾ'' ਵੱਲੋਂ ਵੀ ਨਿੱਘਾ ਸੱਦਾ ਦਿੱਤਾ ਗਿਆ ਸੀ। ਬਠਿੰਡਾ ਤੋਂ ਵਾਪਸੀ ਸਮੇਂ ਦੀ ਘਾਟ ਕਾਰਨ ਪਰਮਜੀਤ ਕੌਰ ਸਰਹਿੰਦ ਉਨ੍ਹਾਂ ਦੇ ਮੁੱਖ ਵੱਡੇ ਸਮਾਗਮ ਵਿੱਚ ਸ਼ਾਮਲ ਨਹੀਂ ਹੋ ਸਕੇ ਤੇ ਲਿਖਾਰੀ ਸਭਾ ਦੇ ਜਨਰਲ ਸਕੱਤਰ ਪਰਮਜੀਤ ਪੱਪੂ ''ਕੋਟ ਦੁੱਨਾ'' ਦੇ ਗ੍ਰਿਹ ਵਿਖੇ ਹੀ ਪ੍ਰਭਾਵਸ਼ਾਲੀ ਮਿਲਣੀ ਵਿੱਚ ਸ਼ਾਮਲ ਹੋਏ। ਲਿਖਾਰੀ ਸਭਾ ਧਨੌਲਾ ਦੇ ਮੁੱਖ ਪ੍ਰਬੰਧਕ ਬ੍ਰਿਜ ਲਾਲ ਗੋਇਲ , ਕੁਲਦੀਪ ਸਿੰਘ ਸਾਬਕਾ ਪ੍ਰਿੰਸੀਪਲ ਕਮਲਦੀਪ ਸਿੰਘ , ਅਮਿਤ ਕੁਮਾਰ (ਨੋਨ੍ਹਾ ਸੇਠ)ਤੇ ਹੋਰ ਸਾਹਿਤ ਪ੍ਰੇਮੀਆਂ ਨੇ ਵੀ ਇਸ ਮੌਕੇ ਸ਼ਿਰਕਤ ਕੀਤੀ। ਇਸ ਸਾਹਿਤਕ ਮੰਡਲੀ ਨੇ ਵੀ ਪਰਮਜੀਤ ਕੌਰ ਸਰਹਿੰਦ ਦਾ ਸਾਲ, ਨਕਦ ਰਾਸ਼ੀ, ਫਲਾਂ ਤੇ ਮਠਿਆਈ ਦੇ ਡੱਬੇ ਭੇਂਟ ਕਰਕੇ ਬਰੂਹਾਂ ਵਿੱਚ ਤੇਲ ਚੋ ਕੇ ਸਵਾਗਤੀ ਸਨਮਾਨ ਕੀਤਾ। ਜ਼ਿਲ੍ਹਾ ਲਿਖਾਰੀ ਸਭਾ ਫ਼ਤਹਿਗੜ੍ਹ ਸਾਹਿਬ ਦੇ ਪ੍ਰੈੱਸ ਸਕੱਤਰ ਅਮਰਬੀਰ ਸਿੰਘ ਚੀਮਾਂ ਸਾਰਾ ਸਮਾਂ ਉਨ੍ਹਾਂ ਦੇ ਨਾਲ ਰਹੇ। ਬਠਿੰਡਾ ਅਤੇ ਧਨੌਲਾ ਵਿਖੇ ਉਨ੍ਹਾਂ ਨੂੰ ਵੀ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਜ਼ਿਕਰਯੋਗ ਹੈ ਕਿ ਪਰਮਜੀਤ ਪੱਪੂ ਬਹੁਤ ਲੰਮੇਂ ਅਰਸੇ ਤੋਂ ਲੇਖਿਕਾ ਦੇ ਪੱਕੇ ਪਾਠਕ ਹਨ ਜੋ ਉਨ੍ਹਾਂ ਨਾਲ਼ ਪਰਿਵਾਰ ਵਾਂਗ ਜੁੜੇ ਹੋਏ ਹਨ। ਸਭਾ ਦੇ ਮੈਂਬਰਾਂ ਨੂੰ ਪਰਮਜੀਤ ਕੌਰ ਸਰਹਿੰਦ ਨੇ ਕਿਹਾ ਜਿੰਨਾ ਮਾਨ ਸਨਮਾਨ ਤੇ ਪ੍ਰੇਮ-ਪਿਆਰ ਮੈਨੂੰ ਬਠਿੰਡਾ ਅਤੇ ਧਨੌਲਾ ਦੇ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਵੱਲੋਂ ਮਿਲਿਆ ਹੈ ਉਹ ਮੇਰੇ ਜੀਵਨ ਦੀ ਵੱਡੀ ਪ੍ਰਾਪਤੀ ਤੇ ਸੁਨਿਹਰੀ ਅਭੁੱਲ ਯਾਦ ਹੈ। ਉਨ੍ਹਾਂ ਨੇ ਕਿਹਾ ਕਿ ਮੀਤ ਬਠਿੰਡਾ ਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਕੱਤਰ ਘਣੀਆਂ ਨੇ ਨੌਜਵਾਨ ਲੇਖਕ ਵਰਗ ਨੂੰ ਨਾਲ ਜੋੜਿਆ ਹੈ। ਲੋਕ ਅਰਪਣ ਕੀਤੀਆਂ ਗਈਆਂ ਪੁਸਤਕਾਂ ਉਨ੍ਹਾਂ ਦੀ ਸਾਹਿਤ ਪ੍ਰਤੀ ਲਗਨ ਦੀ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਮੇਰੀ ਨਿਮਾਣੀ ਦੀ ਸਾਹਿਤਿਕ ਘਾਲਣਾ ਦਾ ਜੋ ਮਾਣ ਇਨ੍ਹਾਂ ਸਾਰਿਆਂ ਨੇ ਕੀਤਾ ਹੈ ਉਸ ਨਾਲ ਮੈਨੂੰ ਲਿਖਣ ਲਈ ਹੋਰ ਊਰਜਾ ਮਿਲੀ ਹੈ। ਸਮੂਹ ਜ਼ਿਲ੍ਹਾ ਲਿਖਾਰੀ ਸਭਾ ਫ਼ਤਹਿਗੜ੍ਹ ਸਾਹਿਬ ਨੇ ਬਠਿੰਡਾ ਤੇ ਧਨੌਲਾ ਦੀਆਂ ਸਾਹਿਤਿਕ ਸੰਸਥਾਵਾਂ ਦਾ ਧੰਨਵਾਦ ਕਰਦਿਆਂ ਪਰਮਜੀਤ ਕੌਰ ਸਰਹਿੰਦ ਨੂੰ ਵਧਾਈ ਦਿੱਤੀ।

# ਟ੍ਰੈਫਿਕ ਐਜੂਕੇਸ਼ਨ ਸ਼ੈੱਲ ਵੱਲੋਂ ਸਕੂਲੀ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਬਾਰੇ ਜਾਣਕਾਰੀ ਦਿੱਤੀ

## ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਕੇ ਸੜਕੀ ਹਾਦਸਿਆਂ ਨੂੰ ਰੋਕਿਆ ਜਾ ਸਕਦਾ ਹੈ -ਗੁਰਦੀਪ ਸਿੰਘ



ਮਾਨਸਾ 12 ਅਗਸਤ (ਬਲਜੀਤ ਪਾਲ):-ਮਾਨਸਾ ਪੁਲਿਸ ਵੱਲੋ ਸਕੂਲੀ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਬਾਰੇ ਜਾਣਕਾਰੀ ਦੇਣ ਲਈ ਟ੍ਰੈਫਿਕ ਐਜੂਕੇਸ਼ਨ ਸ਼ੈੱਲ ਮਾਨਸਾ ਵੱਲੋਂ ਵਿਸ਼ੇਸ਼ ਸੈਮੀਨਾਰ ਲਗਾਏ ਜਾ ਰਹੇ ਹਨ। ਇਸ ਸਬੰਧੀ ਅੱਜ ਸਰਕਾਰੀ ਸੈਕੰਡਰੀ ਸਕੂਲ ਬਾਜੇਵਾਲਾ ਅਤੇ ਸਰਕਾਰੀ ਸੈਕੰਡਰੀ ਸਕੂਲ ਰਾਇਪੁਰ ਵਿਖੇ ਟ੍ਰੈਫਿਕ ਐਜੂਕੇਸ਼ਨ ਸ਼ੈੱਲ ਮਾਨਸਾ ਦੇ ਮੁਲਾਜ਼ਮ ਗੁਰਦੀਪ ਸਿੰਘ ਵੱਲੋਂ ਵਿਸ਼ੇਸ਼ ਤੌਰ ਤੇ ਸੈਮੀਨਾਰ ਲਗਾਕੇ ਸਕੂਲੀ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਉਨ੍ਹਾਂ ਵੱਲੋਂ ਜਿੱਥੇ ਟ੍ਰੈਫਿਕ ਨਿਯਮਾਂ ਬਾਰੇ ਬਰੀਕੀ ਨਾਲ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਉੱਥੇ ਹੀ ਉਨ੍ਹਾਂ ਵੱਲੋਂ ਨਸ਼ਿਆਂ ਮਾੜੇ ਪ੍ਰਭਾਵਾਂ ਅਤੇ ਸਮਾਜਿਕ ਕੁਰੀਤੀਆਂ ਦੇ ਖਿਲਾਫ ਵੀ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ। ਉਨ੍ਹਾਂ ਦੱਸਿਆ ਕਿ ਅਸੀਂ ਕਿਸ ਤਰਾਂ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਕੇ ਸੜਕੀ ਹਾਦਸਿਆਂ ਨੂੰ ਰੋਕ ਸਕਦੇ ਹਾਂ। ਉਨ੍ਹਾਂ ਵਿਦਿਆਰਥੀਆਂ ਨੂੰ ਖੇਡਾਂ ਨਾਲ ਜੁੜਕੇ ਰਹਿਣ ਅਤੇ ਮਨ ਲਗਾਕੇ ਪੜ੍ਹਾਈ ਕਰਨ ਬਾਰੇ ਕਿਹਾ। ਇਸ ਮੌਕੇ ਬਾਜੇਵਾਲਾ ਸਕੂਲ ਦੇ ਪ੍ਰਿੰਸੀਪਲ ਪ੍ਰਿੰਸੀਪਲ ਗੁਰਬੰਤ ਸਿੰਘ, ਸੋਹਣ ਸਿੰਘ, ਮਨਪ੍ਰੀਤ ਕੌਰ, ਹੰਸਾ ਸਿੰਘ, ਗੁਰਦਾਸ ਸਿੰਘ, ਸੰਦੀਪ ਸਿੰਘ, ਗੁਰਪ੍ਰੀਤ ਸਿੰਘ, ਕਲਵਿੰਦਰ ਸਿੰਘ, ਸੰਜੀਵ ਕੁਮਾਰ, ਦਵਿੰਦਰ ਕੁਮਾਰ, ਪਲਵਿੰਦਰ ਸਿੰਘ, ਸਤਗੁਰ ਸਿੰਘ, ਪ੍ਰਹਿਲਾਦ ਪ੍ਰਸਾਦ, ਮਧੂ ਬਾਲਾ, ਰਮੀਤਾ ਗੁਪਤਾ, ਪ੍ਰਭਜੋਤ ਕੌਰ, ਰਵਿੰਦਰ ਕੌਰ, ਅਮਨਦੀਪ ਕੌਰ, ਜਸਵਿੰਦਰ ਕੌਰ, ਲਖਵਿੰਦਰ ਕੌਰ, ਸਵਰਨਜੀਤ ਕੌਰ ਅਤੇ ਰਾਜਿੰਦਰਜੀਤ ਸਿੰਘ ਹਾਜਰ ਸਨ। ਇਸੇ ਤਰ੍ਹਾਂ ਰਾਏਪੁਰ ਸਕੂਲ ਦੇ ਪ੍ਰਿੰਸੀਪਲ ਅਮਨਦੀਪ ਕੌਰ, ਕਰਮਜੀਤ ਸਿੰਘ, ਬਿੰਦਰ ਸਿੰਘ, ਕੈਪਟਨ ਸਿਕੰਦਰ ਸਿੰਘ, ਗੁਰਪ੍ਰੀਤ ਸਿੰਘ, ਰਣਜੀਤ ਸਿੰਘ, ਪੂਜਾ ਰਾਣੀ ਅਤੇ ਅਮਰਪ੍ਰੀਤ ਕੌਰ ਹਾਜਰ ਸਨ।

# ਕਾਮਰੇਡਾਂ ਨੇ ਰੈਲੀ ਦੀ ਲਾਮਬੰਦੀ ਲਈ ਕੱਢਿਆ ਮੋਟਰਸਾਈਕਲ ਮਾਰਚ

## ਦੇਸ਼ ਭਰ ਅੰਦਰ ਲੋਕ ਖਤਰਾ ਮਹਿਸੂਸ ਕਰ ਰਹੇ ਹਨ : ਕਾਮਰੇਡ ਮੌਲਵੀਵਾਲਾ

ਪਾਤੜਾਂ, 12 ਅਗਸਤ ( ਸਤਨਾਮ ਸਿੰਘ ਕੰਬੋਜ, ਬਲਬੀਰ ਸਿੰਘ ਢਿੱਲ )-ਭਾਰਤੀ ਕਮਿਊਨਿਸਟ ਪਾਰਟੀ (ਸੀਪੀਆਈ) ਵੱਲੋਂ ਪਹਿਲੀ ਸਤੰਬਰ ਨੂੰ ਦਿੱਲੀ ਵਿਖੇ 'ਬਦਲਾਅ ਜ਼ਰੂਰੀ ਹੈ' ਦੇ ਨਾਂ ਹੇਠ ਕੀਤੀ ਜਾ ਰਹੀ ਦੇਸ਼ ਪੱਧਰੀ ਰੈਲੀ ਲਈ ਲੋਕਾਂ ਨੂੰ ਲਾਮਬੰਦ ਕਰਨ ਵਾਸਤੇ ਸੀਪੀਆਈ ਬਲਾਕ ਕਮੇਟੀ ਪਾਤੜਾਂ ਵੱਲੋਂ ਇਲਾਕੇ ਵਿੱਚ ਮੋਟਰਸਾਈਕਲ ਮਾਰਚ ਕੱਢਿਆ ਗਿਆ। ਪਾਰਟੀ ਦੇ ਬਲਾਕ ਸਕੱਤਰ ਕਾਮਰੇਡ ਰਾਮਚੰਦ ਚੁਨਾਗਰਾ ਦੀ ਅਗਵਾਈ ਹੇਠ ਮੋਟਰਸਾਈਕਲ ਮਾਰਚ ਪਿੰਡ ਦੁਗਾਲ ਤੋਂ ਸ਼ੁਰੂ ਹੋਇਆ। ਇਹ ਜਥਾ ਚੁਨਾਗਰਾ, ਹਰਿਆਊ ਖੁਰਦ, ਹਰਿਆਊ ਕਲਾਂ, ਖਾਨੇਵਾਲ, ਸੇਲਵਾਲਾ, ਖਾਂਗ, ਨੂਰਪੁਰਾ, ਗੁਲਾਹੜ, ਨਾਈਵਾਲਾ, ਮੌਲਵੀਵਾਲਾ ਆਦਿ ਪਿੰਡਾਂ ਵਿੱਚੋਂ ਹੁੰਦਾ ਹੋਇਆ ਪਿੰਡ ਗੋਬਿੰਦਪੁਰਾ ਪੈਂਦ ਵਿਖੇ ਪਹੁੰਚਿਆ, ਜਿੱਥੇ ਸਮਾਗਮ ਕੀਤਾ ਗਿਆ। ਮੋਟਰਸਾਈਕਲ ਮਾਰਚ ਦੌਰਾਨ ਵੱਖ-ਵੱਖ ਥਾਵਾਂ 'ਤੇ ਕੀਤੀਆਂ ਨੁੱਕੜ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਸੀਪੀਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਕੁਲਵੰਤ ਸਿੰਘ ਮੌਲਵੀਵਾਲਾ ਨੇ ਕਿਹਾ ਕਿ ਕੇਂਦਰ ਦੀ ਸੱਤਾ 'ਤੇ ਕਾਬਜ਼ ਭਾਜਪਾ ਧੱਕੇਸ਼ਾਹੀ ਦੀ ਰਾਜਨੀਤੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਭਰ ਦੇ ਕਿਸਾਨ, ਮਜ਼ਦੂਰ, ਮੁਲਾਜ਼ਮ ਅਤੇ ਘੱਟ ਗਿਣਤੀਆਂ ਨਾਲ ਸਬੰਧਤ ਲੋਕ ਖਤਰਾ ਮਹਿਸੂਸ ਕਰ ਰਹੇ ਹਨ। ਕਾਮਰੇਡ ਮੌਲਵੀਵਾਲਾ ਨੇ ਕਿਹਾ ਕਿ ਵਿਸ਼ਵ ਪੱਧਰ 'ਤੇ ਭਾਰਤ ਦੀ ਪਛਾਣ ਇੱਕ ਸੈਕੂਲਰ ਦੇਸ਼ ਵਜੋਂ ਹੈ, ਜਿੱਥੇ ਸਾਰੇ ਧਰਮਾਂ ਦੇ ਲੋਕਾਂ ਦਾ ਬਰਾਬਰ ਸਤਿਕਾਰ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਵਿਕਾਸ ਅਤੇ ਲੋਕ ਹਿੱਤਾਂ ਦੀ ਰੱਖਿਆ ਲਈ ਰਾਜ ਸੱਤਾ ਵਿੱਚ ਬਦਲਾਅ ਜ਼ਰੂਰੀ ਹੈ। ਇਸੇ ਮਕਸਦ ਦੀ ਪੂਰਤੀ ਲਈ ਸੀਪੀਆਈ ਵੱਲੋਂ ਪਹਿਲੀ ਸਤੰਬਰ ਨੂੰ ਦਿੱਲੀ ਵਿਖੇ 'ਬਦਲਾਅ ਜ਼ਰੂਰੀ ਹੈ' ਦੇ ਨਾਂ ਹੇਠ ਰੈਲੀ ਕੀਤੀ ਜਾ ਰਹੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਵੱਡੀ ਗਿਣਤੀ ਵਿੱਚ ਦਿੱਲੀ ਰੈਲੀ ਵਿੱਚ ਸ਼ਾਮਲ ਹੋ ਕੇ ਇਸ ਨੂੰ ਸਫ਼ਲ ਬਣਾਉਣ। ਇਸ ਮੌਕੇ ਕਾਮਰੇਡ ਜਗਜੀਤ ਸਿੰਘ ਦੁਗਾਲ, ਗੁਰਜੰਟ ਸਿੰਘ ਬਣਵਾਲਾ, ਕੁਲਦੀਪ ਸਿੰਘ ਗਲੌਲੀ, ਅਮਰਜੀਤ ਸਿੰਘ ਦੁਗਾਲ, ਨਸੀਬ ਸਿੰਘ ਪੈਂਦ, ਘੇਸਾ ਰਾਮ ਨਾਈਵਾਲਾ, ਰਾਮਪਾਲ ਸਿੰਘ, ਲੱਖਾ ਸਿੰਘ, ਬੰਤ ਸਿੰਘ, ਸੁਖਦੇਵ ਸਿੰਘ ਅਤੇ ਬਲਵਾਨ ਸਿੰਘ ਸਮੇਤ ਹੋਰ ਪਾਰਟੀ ਵਰਕਰ ਹਾਜ਼ਰ ਸਨ। ਫੋਟੋ ਕੈਪਸ਼ਨ: ਪਿੰਡਾਂ ਵਿੱਚ ਮੋਟਰਸਾਈਕਲ ਮਾਰਚ ਦੌਰਾਨ ਕੇਂਦਰ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕਰਦੇ ਹੋਏ ਕਮਿਊਨਿਸਟ ਪਾਰਟੀ ਦੇ ਵਰਕਰ।




# ਸਕੂਲ ਵਾਹਨਾਂ ਦੀ ਚੈਕਿੰਗ ਦੌਰਾਨ ਕੱਟੇ 6 ਚਲਾਨ

## ਸਕੂਲੀ ਵਾਹਨਾਂ ਵਿੱਚ ਨਿਰਧਾਰਤ ਸੁਰੱਖਿਆ ਮਾਪਦੰਡਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਲਗਾਤਾਰ ਚੈਕਿੰਗ



ਲੌਂਗੋਵਾਲ/ ਸੁਨਾਮ, 12 ਅਗਸਤ (ਰਾਜੂ ਸਿੰਗਲਾ / ਰਾਜੇਸ਼ ਕੁਮਾਰ): ਸਕੂਲੀ ਬੱਚਿਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੇ ਮੱਦੇਨਜ਼ਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਕੂਲੀ ਵਾਹਨਾਂ ਵਿੱਚ ਨਿਰਧਾਰਤ ਸੁਰੱਖਿਆ ਮਾਪਦੰਡਾਂ ਦੀ ਪਾਲਣਾ ਯਕੀਨੀ ਬਣਾਉਣ ਲਈ ਲਗਾਤਾਰ ਚੈਕਿੰਗ ਕੀਤੀ ਜਾ ਰਹੀ ਹੈ। ਇਸੇ ਤਹਿਤ ਅੱਜ ਲੌਂਗੋਵਾਲ ਵਿਖੇ ਸਕੂਲੀ ਵਾਹਨਾਂ ਦੀ ਚੈਕਿੰਗ ਕੀਤੀ ਗਈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਸ਼੍ਰੀ ਪ੍ਰਦੀਪ ਸਿੰਘ ਗਿੱਲ ਨੇ ਦੱਸਿਆ ਕਿ ਚੈਕਿੰਗ ਟੀਮ ਵੱਲੋਂ ਸਕੂਲੀ ਵਾਹਨਾਂ ਵਿੱਚ ਬੱਚਿਆਂ ਦੀ ਸੁਰੱਖਿਆ ਨਾਲ ਸਬੰਧਤ ਲਾਜ਼ਮੀ ਪ੍ਰਬੰਧਾਂ ਦੀ ਵਿਸਥਾਰਪੂਰਵਕ ਜਾਂਚ ਕੀਤੀ ਗਈ।

ਚੈਕਿੰਗ ਦੌਰਾਨ ਵੱਖ-ਵੱਖ ਵਾਹਨਾਂ ਵਿੱਚ ਫਸਟ ਏਡ ਬਾਕਸ ਦੀ ਕਮੀ, ਡਰਾਈਵਰ/ਸਟਾਫ਼ ਵੱਲੋਂ ਨਿਰਧਾਰਤ ਵਰਦੀ ਨਾ ਪਹਿਨਣਾ, ਲੇਡੀ ਅਟੈਂਡੈਂਟ/ਕੰਡਕਟਰ ਦੀ ਗੈਰ-ਮੌਜੂਦਗੀ ਅਤੇ ਅੱਗ ਬੁਝਾਊ ਯੰਤਰ ਦੀ ਕਮੀ ਵਰਗੀਆਂ ਉਲੰਘਣਾਵਾਂ ਸਾਹਮਣੇ ਆਈਆਂ। ਇਨ੍ਹਾਂ ਵੱਖ-ਵੱਖ ਕਮੀਆਂ ਦੇ ਸਬੰਧ ਵਿੱਚ ਨਿਯਮਾਂ ਅਨੁਸਾਰ ਕਾਰਵਾਈ ਕਰਦਿਆਂ ਕੁੱਲ 6 ਚਲਾਨ ਕੀਤੇ ਗਏ।

ਚੈਕਿੰਗ ਟੀਮ ਵੱਲੋਂ ਸਕੂਲ ਪ੍ਰਬੰਧਕਾਂ ਅਤੇ ਵਾਹਨ ਚਾਲਕਾਂ ਨੂੰ ਹਦਾਇਤ ਕੀਤੀ ਗਈ ਕਿ ਸਕੂਲੀ ਵਾਹਨਾਂ ਵਿੱਚ ਬੱਚਿਆਂ ਦੀ ਸੁਰੱਖਿਆ ਲਈ ਨਿਰਧਾਰਤ ਸਾਰੇ ਲਾਜ਼ਮੀ ਪ੍ਰਬੰਧ ਹਰ ਸਮੇਂ ਮੁਕੰਮਲ ਰੱਖੇ ਜਾਣ। ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਸ਼੍ਰੀ ਪ੍ਰਦੀਪ ਸਿੰਘ ਗਿੱਲ ਨੇ ਕਿਹਾ ਕਿ ਸਕੂਲੀ ਬੱਚਿਆਂ ਦੀ ਸੁਰੱਖਿਆ ਨਾਲ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਸਕੂਲੀ ਵਾਹਨਾਂ ਦੀ ਚੈਕਿੰਗ ਦਾ ਮੰਤਵ ਨਿਯਮਾਂ ਦੀ ਪਾਲਣਾ ਯਕੀਨੀ ਬਣਾਉਣ ਦੇ ਨਾਲ-ਨਾਲ ਬੱਚਿਆਂ ਲਈ ਸੁਰੱਖਿਅਤ ਆਵਾਜਾਈ ਪ੍ਰਬੰਧ ਮੁਹੱਈਆ ਕਰਵਾਉਣਾ ਹੈ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਵੀ ਅਜਿਹੀਆਂ ਚੈਕਿੰਗਾਂ ਲਗਾਤਾਰ ਜਾਰੀ ਰਹਿਣਗੀਆਂ ਅਤੇ ਨਿਯਮਾਂ ਦੀ ਉਲੰਘਣਾ ਪਾਏ ਜਾਣ 'ਤੇ ਬਣਦੀ ਕਾਰਵਾਈ ਕੀਤੀ ਜਾਵੇਗੀ।

# ਨਗਰ ਨਿਗਮ ਬਰਨਾਲਾ ਅਧੀਨ ਕੱਚੇ ਘਰਾਂ ਵਾਲੇ 152 ਲਾਭਪਾਤਰੀਆਂ ਨੂੰ ਪ੍ਰਵਾਨਗੀ ਪੱਤਰ ਸੌਂਪੇ

## ਆਉਣ ਵਾਲੇ ਦਿਨਾਂ ਵਿਚ ਬਰਨਾਲਾ ਵਾਸੀਆਂ ਨੂੰ ਮਿਲਣਗੀਆਂ ਵੱਡੀਆਂ ਸੌਗਾਤਾਂ: ਮੇਅਰ ਹਸਨ ਭਾਰਦਵਾਜ



ਬਰਨਾਲਾ, 12 ਅਗਸਤ (ਜਗਸੀਰ ਸਿੰਘ ਸਹਿਜੜਾ)- ਨਗਰ ਨਿਗਮ ਬਰਨਾਲਾ ਵਲੋਂ ਅੱਜ ਇਥੇ ਦਫ਼ਤਰ ਨਗਰ ਨਿਗਮ ਵਿਚ ਮੇਅਰ ਹਸਨ ਭਾਰਦਵਾਜ ਦੀ ਅਗਵਾਈ ਹੇਠ ਆਵਾਸ ਯੋਜਨਾ ਤਹਿਤ ਕੱਚੇ ਘਰਾਂ ਵਾਲੇ 152 ਬਰਨਾਲਾ ਵਾਸੀਆਂ ਨੂੰ ਮਕਾਨ ਉਸਾਰੀ ਲਈ ਪ੍ਰਵਾਨਗੀ ਪੱਤਰ ਤਕਸੀਮ ਕੀਤੇ ਗਏ। ਇਸ ਮੌਕੇ ਸਮਾਗਮ ਦੌਰਾਨ ਸੰਬੋਧਨ ਕਰਦੇ ਹੋਏ ਮੇਅਰ ਹਸਨ ਭਾਰਦਵਾਜ ਨੇ ਕਿਹਾ ਕਿ ਅੱਜ 152 ਵਿਅਕਤੀਆਂ ਨੂੰ ਆਵਾਸ ਯੋਜਨਾ ਦੇ ਐਲਓਆਈ (ਪ੍ਰਵਾਨਗੀ ਪੱਤਰ) ਦਿੱਤੇ ਗਏ ਹਨ ਜਿਨ੍ਹਾਂ ਦੇ ਕੇਸ ਮਨਜ਼ੂਰ ਹੋ ਗਏ ਹਨ। ਓਹਨਾਂ ਦੱਸਿਆ ਕਿ ਇਸ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੀ ਮੌਜੂਦਾ ਸਰਕਾਰ ਦੌਰਾਨ 1500 ਤੋਂ ਵੱਧ ਪਰਿਵਾਰਾਂ ਨੂੰ ਮਕਾਨ ਬਣਾਉਣ ਵਾਸਤੇ ਰਾਸ਼ੀ ਜਾਰੀ ਹੋ ਚੁੱਕੀ ਹੈ। ਉਹਨਾਂ ਕਿਹਾ ਕਿ ਲੋਕ ਸਭਾ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਦੇ ਯਤਨਾਂ ਸਦਕਾ ਨਗਰ ਕੌਂਸਲ ਬਰਨਾਲਾ ਨੂੰ ਨਗਰ ਨਿਗਮ ਬਰਨਾਲਾ ਦਾ ਦਰਜਾ ਮਿਲਿਆ ਹੈ ਅਤੇ ਕਰੋੜਾਂ ਰੁਪਏ ਬਰਨਾਲਾ ਨਗਰ ਨਿਗਮ ਦੇ ਵਿਕਾਸ ਉੱਤੇ ਖਰਚੇ ਜਾ ਚੁੱਕੇ ਹਨ। ਓਹਨਾਂ ਕਿਹਾ ਕਿ ਆਉਣ ਵਾਲੇ ਦਿਨਾਂ ਵਿਚ ਬਰਨਾਲਾ ਵਾਸੀਆਂ ਨੂੰ ਵੱਡੀਆਂ ਸੌਗਾਤਾਂ ਦਿੱਤੀਆਂ ਜਾਣਗੀਆਂ। ਇਸ ਮੌਕੇ ਹਲਕਾ ਇੰਚਾਰਜ ਹਰਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਅਤੇ ਲੋਕ ਸਭਾ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਦੀ ਅਗਵਾਈ ਹੇਠ ਬਰਨਾਲਾ ਜ਼ਿਲ੍ਹੇ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਵੱਡੇ ਪੱਧਰ ਉੱਤੇ ਵਿਕਾਸ ਕਾਰਜ ਕਰਵਾਏ ਜਾ ਚੁੱਕੇ ਹਨ ਅਤੇ ਲਗਾਤਾਰ ਜਾਰੀ ਹਨ। ਇਸ ਮੌਕੇ ਚੇਅਰਮੈਨ ਨਗਰ ਸੁਧਾਰ ਟਰੱਸਟ ਸ੍ਰੀ ਰਾਮ ਤੀਰਥ ਮੰਨਾ, ਚੇਅਰਮੈਨ ਮਾਰਕੀਟ ਕਮੇਟੀ ਬਰਨਾਲਾ ਜਸਵਿੰਦਰ ਸਿੰਘ ਸੰਘੇੜਾ ਅਤੇ ਵੱਖ ਵੱਖ ਵਾਰਡਾਂ ਦੇ ਨਗਰ ਕੌਂਸਲਰ ਅਤੇ ਆਗੂ ਹਾਜ਼ਰ ਸਨ।

# 15 ਅਗਸਤ ਨੂੰ ਬਹੁਮੰਤਵੀ ਖੇਡ ਸਟੇਡੀਅਮ ਅਤੇ ਇਸ ਦੇ ਆਸ ਪਾਸ ਦਾ ਏਰੀਆ ਨੋ ਡਰੋਨ ਜ਼ੋਨ ਘੋਸ਼ਿਤ

ਮਾਨਸਾ, 12 ਅਗਸਤ: (ਬਲਜੀਤਪਾਲ)-ਜ਼ਿਲ੍ਹਾ ਮੈਜਿਸਟਰੇਟ ਸ਼੍ਰੀਮਤੀ ਨਵਜੋਤ ਕੌਰ, ਆਈ.ਏ.ਐੱਸ. ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਤਹਿਤ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ 15 ਅਗਸਤ, 2026 ਨੂੰ ਸੁਤੰਤਰਤਾ ਦਿਵਸ ਦੇ ਮੱਦੇਨਜ਼ਰ ਬਹੁਮੰਤਵੀ ਖੇਡ ਸਟੇਡੀਅਮ, ਨਹਿਰੂ ਮੈਮੋਰੀਅਲ ਸਰਕਾਰੀ ਕਾਲਜ, ਮਾਨਸਾ ਵਿਖੇ ਅਤੇ ਇਸ ਦੇ ਆਸ ਪਾਸ ਦੇ ਏਰੀਆ ਨੂੰ ਰੈੱਡ ਜ਼ੋਨ ''ਨੋ ਡਰੋਨ ਜ਼ੋਨ'' ਘੋਸ਼ਿਤ ਕਰਦਿਆਂ ਡਰੋਨ ਕੈਮਰਿਆਂ ਨੂੰ ਉਡਾਉਣ 'ਤੇ ਪੂਰਨ ਪਾਬੰਦੀ ਦੇ ਹੁਕਮ ਜਾਰੀ ਕੀਤੇ ਹਨ। ਹੁਕਮ ਵਿਚ ਕਿਹਾ ਗਿਆ ਹੈ ਕਿ ਸੀਨੀਅਰ ਕਪਤਾਨ ਪੁਲਿਸ, ਮਾਨਸਾ ਵੱਲੋਂ ਜਾਰੀ ਪੱਤਰ ਰਾਹੀਂ ਲਿਖਿਆ ਗਿਆ ਹੈ ਕਿ ਜ਼ਿਲ੍ਹਾ ਮਾਨਸਾ ਅੰਦਰ 15 ਅਗਸਤ, 2026 (ਸੁਤੰਤਰਤਾ ਦਿਵਸ) ਦੇ ਸਮਾਗਮ ਦੌਰਾਨ ਸੁਰੱਖਿਆ ਨੂੰ ਧਿਆਨ ਵਿਚ ਰੱਖਦੇ ਹੋਏ ਸਮਾਗਮ ਵਾਲੀ ਜਗ੍ਹਾ ਅਤੇ ਉਸ ਦੇ ਆਸ ਪਾਸ ਦੇ ਏਰੀਆ ਨੂੰ ਰੈੱਡ ਜ਼ੋਨ ਘੋਸ਼ਿਤ ਕਰਕੇ ''ਨੋ ਡਰੋਨ ਜ਼ੋਨ'' ਐਲਾਨਿਆ ਜਾਵੇ ਅਤੇ ਕਿਸੇ ਨੂੰ ਵੀ ਡਰੋਨ ਕੈਮਰਾ ਉਡਾਉਣ ਦੀ ਇਜਾਜ਼ਤ ਨਾ ਦਿੱਤੀ ਜਾਵੇ। ਇਹ ਹੁਕਮ 15 ਅਗਸਤ, 2026 ਲਈ ਲਾਗੂ ਰਹੇਗਾ।

# ਖੇਡਾਂ ਨੂੰ ਮਿਲੀ ਨਵੀਂ ਉਡਾਣ: ਮੁੱਖ ਮੰਤਰੀ ਭਗਵੰਤ ਮਾਨ ਅਤੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਦੇ ਯਤਨਾਂ ਨਾਲ ਬਣਿਆ ਆਧੁਨਿਕ ਖੇਡ ਮੈਦਾਨ

## ਨੌਜਵਾਨਾਂ ਨੂੰ ਵੰਡੀਆਂ ਖੇਡ ਕਿੱਟਾਂ



ਸਮਰਾਲਾ, 12 ਅਗਸਤ (ਮਹਿੰਦਰ ਸਿੰਘ): ਪੰਜਾਬ ਸਰਕਾਰ ਵੱਲੋਂ ਸੂਬੇ ਦੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਅਤੇ ਖੇਡਾਂ ਨਾਲ ਜੋੜਨ ਦੇ ਉਦੇਸ਼ ਨਾਲ ਚਲਾਈ ਜਾ ਰਹੀ ਮੁਹਿੰਮ ਤਹਿਤ ਹਲਕਾ ਸਮਰਾਲਾ ਦੇ ਇੱਕ ਪਿੰਡ ਵਿੱਚ ਨਵੇਂ ਖੇਡ ਮੈਦਾਨ ਦਾ ਨਿਰਮਾਣ ਮੁਕੰਮਲ ਹੋ ਗਿਆ ਹੈ। ਇਸ ਮੌਕੇ ਪਿੰਡ ਵਿੱਚ ਖੁਸ਼ੀ ਦਾ ਮਾਹੌਲ ਦੇਖਣ ਨੂੰ ਮਿਲਿਆ ਅਤੇ ਪਿੰਡ ਵਾਸੀਆਂ ਨੇ ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਅਤੇ ਹਲਕਾ ਸਮਰਾਲਾ ਦੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਦਾ ਦਿਲੋਂ ਧੰਨਵਾਦ ਕੀਤਾ। ਸਮਾਗਮ ਦੌਰਾਨ ਜ਼ਿਲ੍ਹਾ ਪ੍ਰੀਸ਼ਦ ਲੁਧਿਆਣਾ ਦੇ ਚੇਅਰਮੈਨ ਜਗਰੂਪ ਸਿੰਘ ਰਿੰਕੂ ਸੇਹ ਨੇ ਪਿੰਡ ਦੇ ਨੌਜਵਾਨਾਂ ਅਤੇ ਬੱਚਿਆਂ ਨੂੰ ਖੇਡ ਕਿੱਟਾਂ ਵੰਡੀਆਂ। ਕ੍ਰਿਕਟ, ਵਾਲੀਬਾਲ, ਫੁੱਟਬਾਲ ਅਤੇ ਹੋਰ ਖੇਡਾਂ ਨਾਲ ਸਬੰਧਤ ਸਮਾਨ ਪ੍ਰਾਪਤ ਕਰਕੇ ਬੱਚਿਆਂ ਅਤੇ ਨੌਜਵਾਨਾਂ ਦੇ ਚਿਹਰਿਆਂ 'ਤੇ ਖੁਸ਼ੀ ਸਾਫ਼ ਝਲਕ ਰਹੀ ਸੀ। ਉਨ੍ਹਾਂ ਨੇ ਕਿਹਾ ਕਿ ਇਹ ਕਿੱਟਾਂ ਨੌਜਵਾਨਾਂ ਨੂੰ ਖੇਡਾਂ ਵੱਲ ਹੋਰ ਪ੍ਰੇਰਿਤ ਕਰਨਗੀਆਂ ਅਤੇ ਉਨ੍ਹਾਂ ਦੀ ਪ੍ਰਤਿਭਾ ਨੂੰ ਨਿਖਾਰਨ ਵਿੱਚ ਮਦਦਗਾਰ ਸਾਬਤ ਹੋਣਗੀਆਂ। ਪਿੰਡ ਵਾਸੀਆਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ ਦੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਦਾ ਜੋ ਸੰਕਲਪ ਲਿਆ ਹੈ, ਉਹ ਭਵਿੱਖ ਲਈ ਬਹੁਤ ਹੀ ਲਾਹੇਵੰਦ ਸਾਬਤ ਹੋਵੇਗਾ। ਉਨ੍ਹਾਂ ਕਿਹਾ ਕਿ ਖੇਡਾਂ ਨਾ ਸਿਰਫ਼ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਨੂੰ ਮਜ਼ਬੂਤ ਕਰਦੀਆਂ ਹਨ, ਸਗੋਂ ਨੌਜਵਾਨਾਂ ਨੂੰ ਨਸ਼ਿਆਂ ਵਰਗੀਆਂ ਸਮਾਜਿਕ ਬੁਰਾਈਆਂ ਤੋਂ ਦੂਰ ਰੱਖਣ ਵਿੱਚ ਵੀ ਅਹਿਮ ਭੂਮਿਕਾ ਨਿਭਾਉਂਦੀਆਂ ਹਨ। ਇਸ ਮੌਕੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਦੇ ਯਤਨਾਂ ਦੀ ਵੀ ਭਰਪੂਰ ਸ਼ਲਾਘਾ ਕੀਤੀ ਗਈ। ਪਿੰਡ ਵਾਸੀਆਂ ਨੇ ਕਿਹਾ ਕਿ ਉਨ੍ਹਾਂ ਦੀ ਰਹਿਨੁਮਾਈ ਅਤੇ ਲਗਾਤਾਰ ਕੋਸ਼ਿਸ਼ਾਂ ਸਦਕਾ ਪਿੰਡ ਵਿੱਚ ਆਧੁਨਿਕ ਸਹੂਲਤਾਂ ਨਾਲ ਲੈਸ ਖੇਡ ਮੈਦਾਨ ਬਣ ਕੇ ਤਿਆਰ ਹੋਇਆ ਹੈ, ਜਿਸ ਦਾ ਲਾਭ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਮਿਲੇਗਾ। ਸਮਾਗਮ ਦੌਰਾਨ ਪਿੰਡ ਦੇ ਨੌਜਵਾਨਾਂ ਨੇ ਪੰਜਾਬ ਸਰਕਾਰ ਦਾ ਧੰਨਵਾਦ ਕਰਦਿਆਂ ਭਰੋਸਾ ਦਿੱਤਾ ਕਿ ਉਹ ਖੇਡਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲੈਣਗੇ ਅਤੇ ਆਪਣੇ ਪਿੰਡ, ਇਲਾਕੇ ਅਤੇ ਪੰਜਾਬ ਦਾ ਨਾਮ ਰੌਸ਼ਨ ਕਰਨ ਲਈ ਪੂਰੀ ਮਿਹਨਤ ਕਰਨਗੇ। ਅੰਤ ਵਿੱਚ ਸਮੂਹ ਨਗਰ ਪੰਚਾਇਤ, ਪੰਚਾਇਤ ਮੈਂਬਰਾਂ, ਨੌਜਵਾਨਾਂ ਅਤੇ ਸਮੂਹ ਪਿੰਡ ਵਾਸੀਆਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਅਤੇ ਚੇਅਰਮੈਨ ਜਗਰੂਪ ਸਿੰਘ ਰਿੰਕੂ ਸੇਹ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਵਿਕਾਸ ਕਾਰਜਾਂ ਨਾਲ ਪਿੰਡਾਂ ਵਿੱਚ ਖੇਡ ਸਭਿਆਚਾਰ ਨੂੰ ਹੋਰ ਮਜ਼ਬੂਤੀ ਮਿਲੇਗੀ ਅਤੇ ਨੌਜਵਾਨਾਂ ਲਈ ਨਵੇਂ ਮੌਕੇ ਪੈਦਾ ਹੋਣਗੇ।




# ਤੀਆਂ ਤੀਜ ਦੀਆਂ... 'ਸੱਸੀਏ ਬੜੇਮੇਂ ਅੱਖੀਏ'

## ਸਾਉਣ ਦੀਆਂ ਪੀਂਘਾਂ, ਗਿੱਧੇ ਦੀਆਂ ਬੋਲੀਆਂ ਅਤੇ ਪੰਜਾਬ ਦੀਆਂ ਧੀਆਂ ਦੇ ਜਜ਼ਬਾਤਾਂ ਦਾ ਅਨਮੋਲ ਤਿਉਹਾਰ

**ਗੁਰਮੇਲ ਸਿੰਘ ਸੰਗਤਪੁਰਾ**





ਸਾਉਣ ਦਾ ਮਹੀਨਾ ਚੜ੍ਹਦੇ ਹੀ ਪੰਜਾਬ ਦੀ ਧਰਤੀ ਹਰਿਆਲੀ ਦੀ ਚਾਦਰ ਓੜ੍ਹ ਲੈਂਦੀ ਹੈ ਅਤੇ ਇਸ ਦੇ ਨਾਲ ਹੀ ਪਿੰਡਾਂ ਵਿੱਚ ਤੀਆਂ ਦੀਆਂ ਰੌਣਕਾਂ ਸ਼ੁਰੂ ਹੋ ਜਾਂਦੀਆਂ ਹਨ। ਪਿੱਪਲਾਂ ਅਤੇ ਬੋਹੜਾਂ ਦੀਆਂ ਟਾਹਣੀਆਂ 'ਤੇ ਪਈਆਂ ਪੀਂਘਾਂ, ਗਿੱਧੇ ਦੀਆਂ ਗੂੰਜਦੀਆਂ ਬੋਲੀਆਂ, ਮਹਿੰਦੀ ਨਾਲ ਰਚੇ ਹੱਥ ਅਤੇ ਚੂੜੀਆਂ ਦੀ ਛਣਕਾਰ ਪਿੰਡ ਦੇ ਮਾਹੌਲ ਨੂੰ ਖੁਸ਼ੀਆਂ ਨਾਲ ਭਰ ਦਿੰਦੇ ਸਨ। ਇਸੇ ਲਈ ਤੀਆਂ ਨੂੰ ਪੰਜਾਬ ਦੀਆਂ ਧੀਆਂ ਦਾ ਸਭ ਤੋਂ ਪਿਆਰਾ ਤਿਉਹਾਰ ਮੰਨਿਆ ਜਾਂਦਾ ਹੈ। ਅੱਜ ਤੋਂ ਚਾਰ-ਪੰਜ ਦਹਾਕੇ ਪਹਿਲਾਂ ਤੀਆਂ ਦਾ ਨਜ਼ਾਰਾ ਕੁਝ ਹੋਰ ਹੀ ਹੁੰਦਾ ਸੀ। ਪਿੰਡ ਦੀ ਸੱਥ, ਬੋਹੜਾਂ ਦੀ ਛਾਂ ਅਤੇ ਪਿੱਪਲਾਂ ਨਾਲ ਪਈਆਂ ਪੀਂਘਾਂ ਸਾਰਾ ਦਿਨ ਮੁਟਿਆਰਾਂ ਦੇ ਹਾਸਿਆਂ ਨਾਲ ਗੂੰਜਦੀਆਂ ਰਹਿੰਦੀਆਂ ਸਨ। ਨਾ ਮੋਬਾਈਲ ਫੋਨ ਸਨ, ਨਾ ਸੋਸ਼ਲ ਮੀਡੀਆ ਦਾ ਰੁਝਾਨ। ਉਸ ਸਮੇਂ ਲੋਕ ਇੱਕ-ਦੂਜੇ ਨੂੰ ਮਿਲ ਕੇ ਆਪਣੀਆਂ ਖੁਸ਼ੀਆਂ ਸਾਂਝੀਆਂ ਕਰਦੇ ਸਨ। ਤੀਆਂ ਸਿਰਫ਼ ਤਿਉਹਾਰ ਨਹੀਂ, ਸਗੋਂ ਵਿਛੜੀਆਂ ਸਹੇਲੀਆਂ ਦੇ ਮੁੜ ਮਿਲਾਪ ਅਤੇ ਰਿਸ਼ਤਿਆਂ ਵਿੱਚ ਪਿਆਰ ਦੀ ਨਵੀਂ ਤਾਜ਼ਗੀ ਦਾ ਸੁੰਦਰ ਮੌਕਾ ਹੁੰਦੀਆਂ ਸਨ।

ਤੀਆਂ ਵਿਆਹੀਆਂ ਧੀਆਂ ਲਈ ਆਪਣੇ ਪੇਕੇ ਆ ਕੇ ਮਾਪਿਆਂ, ਵੀਰਾਂ ਅਤੇ ਬਚਪਨ ਦੀਆਂ ਸਹੇਲੀਆਂ ਨਾਲ ਮਿਲਣ ਦਾ ਅਨਮੋਲ ਮੌਕਾ ਕਿਹਾ ਜਾਂਦਾ ਹੈ। ਪਹਿਲੀਆਂ ਤੀਆਂ 'ਤੇ ਨਵ-ਵਿਆਹੀ ਧੀ ਨੂੰ ਪੇਕੇ ਲਿਆਉਣ ਅਤੇ ਸਹੁਰਿਆਂ ਵੱਲੋਂ ਸੰਧਾਰਾ ਭੇਜਣ ਦੀ ਰਸਮ ਪੰਜਾਬੀ ਸੱਭਿਆਚਾਰ ਦੀ ਸੁੰਦਰ ਪਰੰਪਰਾ ਰਹੀ ਹੈ। ਸੰਧਾਰੇ ਵਿੱਚ ਕੱਪੜੇ, ਚੂੜੀਆਂ, ਸ਼ਿੰਗਾਰ ਦਾ ਸਮਾਨ, ਪੀਂਘ ਲਈ ਫੱਟੀ ਅਤੇ ਪੰਜੀਰੀ ਵਰਗੀਆਂ ਸੁਗਾਤਾਂ ਸ਼ਾਮਲ ਹੁੰਦੀਆਂ ਸਨ। ਤੀਆਂ ਦਾ ਸਭ ਤੋਂ ਮਨਮੋਹਕ ਦ੍ਰਿਸ਼ ਪਿੱਪਲਾਂ ਉੱਤੇ ਪਈਆਂ ਪੀਂਘਾਂ ਹੁੰਦੀਆਂ ਸਨ। ਮੁਟਿਆਰਾਂ ਉੱਚੀਆਂ ਪੀਂਘਾਂ ਲੈਂਦੀਆਂ, ਗਿੱਧਾ ਪਾਉਂਦੀਆਂ ਅਤੇ ਲੋਕ-ਬੋਲੀਆਂ ਰਾਹੀਂ ਆਪਣੇ ਮਨ ਦੀਆਂ ਭਾਵਨਾਵਾਂ ਪ੍ਰਗਟ ਕਰਦੀਆਂ। ਬੋਲੀਆਂ ਵਿੱਚ ਕਿਤੇ ਪਤੀ ਲਈ ਪਿਆਰ, ਕਿਤੇ ਵੀਰ ਲਈ ਮਾਣ, ਕਿਤੇ ਸੱਸ ਦੇ ਤਾਅਨੇ ਅਤੇ ਕਿਤੇ ਸਹੇਲੀਆਂ ਨਾਲ ਹਾਸਾ-ਮਜ਼ਾਕ ਝਲਕਦਾ ਸੀ। ਸਾਉਣ ਦੀ ਰੁੱਤ ਵਿੱਚ ਗੂੰਜਣ ਵਾਲੀ ਇਹ ਬੋਲੀ ਅੱਜ ਵੀ ਪੰਜਾਬ ਦੀ ਲੋਕ-ਸੱਭਿਆਚਾਰ ਦੀ ਪਛਾਣ ਹੈ—

"ਵੇ ਸਾਉਣ ਮਹੀਨਾ ਰੁੱਤ ਗਿੱਧਿਆਂ ਦੀ,
ਆ ਕੇ ਸੁਣ ਮੁੰਡਿਆ, ਲੱਗਿਆ ਤੀਆਂ ਦਾ ਮੇਲਾ।"

ਤੀਆਂ ਨਾਲ ਕਈ ਲੋਕ-ਰਸਮਾਂ ਵੀ ਜੁੜੀਆਂ ਹੋਈਆਂ ਸਨ। ਜੇਕਰ ਭਰਾ ਕਿਸੇ ਕਾਰਨ ਭੈਣ ਨੂੰ ਲੈਣ ਦੇਰ ਨਾਲ ਪਹੁੰਚਦਾ, ਤਾਂ ਸੱਸ ਦੇ ਤਾਅਨੇ ਅਤੇ ਧੀ ਦਾ ਦਰਦ ਲੋਕ-ਬੋਲੀਆਂ ਦਾ ਰੂਪ ਧਾਰ ਲੈਂਦੇ। ਇਨ੍ਹਾਂ ਹੀ ਬੋਲੀਆਂ ਵਿੱਚੋਂ ਇੱਕ ਬਹੁਤ ਪ੍ਰਸਿੱਧ ਬੋਲੀ ਹੈ—

"ਤੈਥੋਂ ਡਰਦੇ ਲੈਣ ਨੀ ਆਏ,
ਸੱਸੀਏ ਬੜੇਮੇਂ ਅੱਖੀਏ।"

ਇਹ ਬੋਲੀਆਂ ਸਿਰਫ਼ ਮਨੋਰੰਜਨ ਨਹੀਂ ਸਨ, ਸਗੋਂ ਉਸ ਸਮੇਂ ਦੀਆਂ ਸਮਾਜਿਕ ਸਥਿਤੀਆਂ, ਪਰਿਵਾਰਕ ਰਿਸ਼ਤਿਆਂ ਅਤੇ ਔਰਤਾਂ ਦੀਆਂ ਭਾਵਨਾਵਾਂ ਦਾ ਸੱਚਾ ਪ੍ਰਗਟਾਵਾ ਸਨ। ਤੀਆਂ ਨੇ ਪੰਜਾਬ ਦੀ ਲੋਕ-ਵਿਰਾਸਤ ਨੂੰ ਪੀੜ੍ਹੀ ਦਰ ਪੀੜ੍ਹੀ ਸੰਭਾਲਣ ਵਿੱਚ ਵੀ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਗਿੱਧੇ ਦੀਆਂ ਬੋਲੀਆਂ ਰਾਹੀਂ ਲੋਕ-ਇਤਿਹਾਸ, ਪਰਿਵਾਰਕ ਰਿਸ਼ਤੇ, ਜੀਵਨ ਦੇ ਸੁਖ-ਦੁੱਖ ਅਤੇ ਸਮਾਜਿਕ ਕਦਰਾਂ-ਕੀਮਤਾਂ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਪਹੁੰਚਦੀਆਂ ਰਹੀਆਂ। ਇਸੇ ਕਰਕੇ ਤੀਆਂ ਨੂੰ ਸਿਰਫ਼ ਤਿਉਹਾਰ ਨਹੀਂ, ਸਗੋਂ ਪੰਜਾਬੀ ਸੱਭਿਆਚਾਰ ਦੀ ਜੀਵੰਤ ਪਾਠਸ਼ਾਲਾ ਵੀ ਕਿਹਾ ਜਾ ਸਕਦਾ ਹੈ। ਤੀਆਂ ਦਾ ਆਖਰੀ ਦਿਨ "ਬੱਲੋ" ਨਾਲ ਮਨਾਇਆ ਜਾਂਦਾ ਸੀ, ਜਿੱਥੇ ਕੁੜੀਆਂ ਦੋ ਧੜਿਆਂ ਵਿੱਚ ਵੰਡ ਕੇ ਬੱਲੋ ਪਾਉਂਦੀਆਂ। ਇਹ ਦ੍ਰਿਸ਼ ਇੰਨਾ ਜੋਸ਼ ਭਰਿਆ ਹੁੰਦਾ ਸੀ ਕਿ ਦੇਖਣ ਵਾਲਿਆਂ ਨੂੰ ਲੱਗਦਾ ਜਿਵੇਂ ਦੋ ਵਿਰੋਧੀ ਫੌਜਾਂ ਆਪਣੇ ਦੇਸ਼ ਦੀ ਸਰਹੱਦ ਦੀ ਰੱਖਿਆ ਲਈ ਆਹਮੋ-ਸਾਹਮਣੇ ਖੜ੍ਹੀਆਂ ਹੋਣ। ਬੱਲੋ ਸਮਾਪਤ ਹੋਣ ਉਪਰੰਤ ਸਾਰੀਆਂ ਕੁੜੀਆਂ ਮਿਲ-ਜੁਲ ਕੇ ਦੁੱਭ ਘਰ ਲੈ ਜਾਂਦੀਆਂ ਅਤੇ ਘਰ ਦੀ ਸੁੱਖ-ਸ਼ਾਂਤੀ ਦੀ ਕਾਮਨਾ ਕਰਦੀਆਂ। ਅੱਜ ਭਾਵੇਂ ਪਿੰਡਾਂ ਵਿੱਚ ਪੀਂਘਾਂ ਦੀ ਗਿਣਤੀ ਘੱਟ ਹੋ ਗਈ ਹੈ ਅਤੇ ਤੀਆਂ ਦੀਆਂ ਰੌਣਕਾਂ ਪਹਿਲਾਂ ਵਰਗੀਆਂ ਨਹੀਂ ਰਹੀਆਂ, ਪਰ ਇਹ ਤਿਉਹਾਰ ਅਜੇ ਵੀ ਪੰਜਾਬ ਦੀ ਲੋਕ-ਵਿਰਾਸਤ ਦਾ ਅਨਮੋਲ ਹਿੱਸਾ ਹੈ। ਲੋੜ ਇਸ ਗੱਲ ਦੀ ਹੈ ਕਿ ਅਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਇਸ ਅਮੀਰ ਸੱਭਿਆਚਾਰ ਨਾਲ ਜੋੜੀਏ, ਤਾਂ ਜੋ ਤੀਆਂ ਦੀਆਂ ਬੋਲੀਆਂ, ਪੀਂਘਾਂ ਦੇ ਹੁਲਾਰੇ ਅਤੇ ਗਿੱਧੇ ਦੀ ਗੂੰਜ ਸਦਾ ਪੰਜਾਬ ਦੀ ਪਛਾਣ ਬਣੇ ਰਹਿਣ।

**ਸੁਨਾਮ ਰੋਡ, ਲਹਿਰਾਗਾਗਾ,**
**148031 ਜ਼ਿਲ੍ਹਾ ਸੰਗਰੂਰ**

# ਖੀਰ-ਪੂੜੇ ਅਤੇ ਸਾਉਣ



**ਲਾਭ ਸਿੰਘ ਸ਼ੇਰਗਿੱਲ**

ਸਮੇਂ ਨੇ ਅਜਿਹੀ ਕਰਵਟ ਬਦਲੀ ਹੈ ਕਿ ਜਿੱਥੇ ਆਦਮੀ ਦਾ ਰਹਿਣ-ਸਹਿਣ ਬਦਲਿਆ ਹੈ, ਉੱਥੇ ਉਸ ਦੇ ਖਾਣ-ਪੀਣ ਵਿੱਚ ਹੈਰਾਨੀਜਨਕ ਤਬਦੀਲੀ ਆ ਗਈ ਹੈ। ਜੀਵਨ ਵਿਚਲੀ ਸਾਦਗੀ ਅਤੇ ਸਾਦੇ ਖਾਣੇ ਬੀਤੇ ਸਮੇਂ ਦੀਆਂ ਗੱਲਾਂ ਬਣਦੀਆਂ ਜਾ ਰਹੀਆਂ ਹਨ। ਅੱਜ ਤਕਰੀਬਨ ਹਰ ਬੰਦਾ ਕੋਈ ਨਾ ਕੋਈ ਸਰੀਰਕ ਮਰਜ਼ ਨਾਲ ਜੂਝ ਰਿਹਾ ਹੈ। ਇਹ ਸਭ ਜੀਵਨ ਸ਼ੈਲੀ ਦੇ ਵਿਗਾੜ ਕਾਰਨ ਵਾਪਰ ਰਿਹਾ ਹੈ। ਇੱਕ ਸਮਾਂ ਸੀ ਜਦੋਂ ਹਰ ਤਿੱਥ ਤਿਉਹਾਰ 'ਤੇ ਘਰਾਂ ਵਿੱਚ ਹੀ ਸਾਦੇ, ਸ਼ੁੱਧ ਤੇ ਸਿਹਤ ਵਰਧਕ ਖਾਣੇ ਤਿਆਰ ਕੀਤੇ ਜਾਂਦੇ ਸਨ। ਅੱਜ ਭਾਂਤ-ਭਾਂਤ ਦੇ ਖਾਣਿਆਂ ਅਤੇ ਇਨ੍ਹਾਂ ਵਿਚਲੀ ਗੁਣਵੱਤਾ ਦੀ ਘਾਟ ਨੂੰ ਦੇਖਦਿਆਂ ਚੇਤਿਆਂ ਵਿੱਚ ਕਈ ਦਹਾਕੇ ਪਹਿਲਾਂ ਘਰਾਂ ਵਿੱਚ ਬਣਾਏ ਜਾਂਦੇ ਸਾਦੇ ਤੇ ਸ਼ੁੱਧ ਪਕਵਾਨਾਂ ਦੀ ਤਸਵੀਰ ਸਾਕਾਰ ਹੋ ਉੱਠਦੀ ਹੈ। ਅਸੀਂ ਬਰਸਾਤਾਂ ਦੇ ਦਿਨਾਂ ਖ਼ਾਸ ਕਰਕੇ ਸਾਉਣ ਮਹੀਨੇ ਨੂੰ ਬੜੀ ਬੇਸਬਰੀ ਨਾਲ਼ ਉਡੀਕਦੇ ਸੀ ਕਿਉਂਕਿ ਪਤਾ ਹੁੰਦਾ ਸੀ ਕਿ ਇਸ ਮਹੀਨੇ ਖਾਣ ਨੂੰ ਖੀਰ-ਪੂੜੇ, ਗੁਲਗੁਲੇ, ਮੱਠੀਆਂ, ਬਿਸਕੁਟ ਆਦਿ ਮਿਲਣਗੇ। ਉਦੋਂ ਮੀਂਹ ਬਹੁਤ ਪੈਂਦੇ ਸੀ। ਕਈ-ਕਈ ਦਿਨ ਝੜੀ ਲੱਗੀ ਰਹਿੰਦੀ ਸੀ। ਹੁੰਮਸ ਭਰੀ ਗਰਮੀ ਤੋਂ ਰਾਹਤ ਮਿਲਦੀ ਤਾਂ ਮੌਸਮ ਖ਼ੁਸ਼ਗਵਾਰ ਤੇ ਠੰਢਾ ਹੋ ਜਾਂਦਾ। ਬਸ ਫਿਰ ਕੀ ਹੁੰਦਾ ਚਾਰੇ ਪਾਸਿਉਂ ਗੁਲਗੁਲੇ, ਪੂੜਿਆਂ ਦੀਆਂ ਮਹਿਕਾਂ ਆਉਣ ਲੱਗਦੀਆਂ। ਮੌਸਮ ਤੇ ਖ਼ੁਰਾਕ ਦੇ ਸੁਮੇਲ ਨੂੰ ਬਿਆਨ ਕਰਦੀਆਂ ਇਹ ਸਤਰਾਂ ਅਕਸਰ ਬੋਲੀਆਂ ਜਾਂਦੀਆਂ;

ਮੈਨੂੰ ਯਾਦ ਹੈ ਕਿ ਸਾਡੀ ਮਾਂ ਜਦੋਂ ਪੂੜਿਆਂ ਲਈ ਆਟਾ ਘੋਲ ਰਹੀ ਹੁੰਦੀ ਸੀ ਤਾਂ ਸਾਨੂੰ ਅੱਚਵੀ (ਕਾਹਲੀ) ਲੱਗੀ ਰਹਿੰਦੀ ਕਿ ਕਦੋਂ ਛੇਤੀ ਪੂੜੇ ਬਣਨ ਤੇ ਖਾਈਏ। ਮਾਂ ਨੇ ਕਹਿਣਾ ਜਾਓ ਪਿੱਪਲ ਦੇ ਪੱਤੇ ਤੋੜ ਕੇ ਲਿਆਓ। ਸਾਡੇ ਘਰ ਦੇ ਸਾਹਮਣੇ ਖੇੜੇ 'ਤੇ ਵੱਡਾ ਸਾਰਾ ਪਿੱਪਲ ਸੀ ਜੋ ਹੁਣ ਵੀ ਹੈ, ਅਸੀਂ ਫਟਾਫਟ ਸਾਫ਼-ਸਾਫ਼ ਕਈ ਪੱਤੇ ਤੋੜ ਲਿਆਉਂਦੇ ਸੀ। ਮਾਂ ਦੋ ਪੱਤਿਆਂ ਨੂੰ ਦੂਹਰੇ ਕਰਕੇ ਇਨ੍ਹਾਂ ਦਾ ਛਪੇਤਲਾ ਖੁਰਚਣੇ ਨੁਮਾ ਇੱਕ ਯੰਤਰ ਬਣਾ ਲੈਂਦੀ। ਤਵੇ 'ਤੇ ਪਾਏ ਆਟੇ ਦੇ ਘੋਲ ਨੂੰ ਇਸ ਨਾਲ ਫੈਲਾ ਕੇ ਤਕਰੀਬਨ ਤਵੇ ਜਿੱਡਾ ਹੀ ਪੂੜਾ ਵਾਹ ਲਿਆ ਜਾਂਦਾ। ਸਾਡੀਆਂ ਨਜ਼ਰਾਂ ਟਿਕੀਆਂ ਰਹਿੰਦੀਆਂ ਕਿ ਛੇਤੀ ਪੱਕੇ ਤੇ ਸਾਡੀ ਪਲੇਟ ਵਿੱਚ ਟਿਕ ਜਾਵੇ। ਮੈਂ ਸਾਡੇ ਪਰਿਵਾਰ ਵਿੱਚ ਸਭ ਤੋਂ ਛੋਟਾ ਸੀ। ਮਾਂ-ਬਾਪ ਆਪਣੇ ਸਾਰੇ ਬੱਚਿਆਂ ਨੂੰ ਪਿਆਰ ਕਰਦੇ ਹਨ, ਪਰ ਛੋਟਾ ਬੱਚਾ ਜ਼ਿਆਦਾ ਲਾਡਲਾ ਹੁੰਦਾ ਹੈ। ਉਸ ਦੀ ਖ਼ਾਹਿਸ਼ ਪਹਿਲਾਂ ਪੂਰੀ ਕੀਤੀ ਜਾਂਦੀ ਹੈ, ਇਸ ਕਰਕੇ ਪਹਿਲਾ ਪੂੜਾ ਮੈਨੂੰ ਹੀ ਮਿਲਦਾ ਸੀ। ਗੁੜ ਦੇ ਇਹ ਪੂੜੇ ਇੰਨੇ ਸਵਾਦ ਲੱਗਦੇ ਸਨ ਕਿ ਅਸੀਂ ਖੀਰ ਨਾਲ ਕਈ-ਕਈ ਖਾ ਜਾਂਦੇ ਸੀ।

ਗੱਲ ਜਦੋਂ ਪਿਛਲੇ ਸਮਿਆਂ ਦੀ ਕਰਦੇ ਹਾਂ ਤਾਂ ਉਦੋਂ ਪਿੰਡ ਸ਼ਹਿਰਾਂ ਨਾਲੋਂ ਇੱਕ ਤਰ੍ਹਾਂ ਨਾਲ ਟੁੱਟੇ ਹੀ ਹੋਏ ਸਨ ਕਿਉਂਕਿ ਸੰਪਰਕ ਲਈ ਲੋੜੀਂਦੀਆਂ ਸੜਕਾਂ ਵੀ ਨਹੀਂ ਸਨ ਅਤੇ ਰੋਜ਼ ਦਾ ਆਉਣਾ ਜਾਣਾ ਨਹੀਂ ਸੀ ਹੁੰਦਾ। ਇਨ੍ਹਾਂ ਬਰਸਾਤ ਦੇ ਦਿਨਾਂ ਵਿੱਚ ਅਜਿਹੀਆਂ ਸ਼ੁੱਧ ਘਰ ਦੀਆਂ ਬਣੀਆਂ ਖੁਰਾਕਾਂ ਹੀ ਖਾਧੀਆਂ ਜਾਂਦੀਆਂ ਸਨ। ਗੁੜ ਤੇ ਆਟੇ ਤੋਂ ਬਣੇ ਗੁਲਗੁਲੇ ਅਤੇ ਪੂੜੇ ਸਿਹਤ ਨੂੰ ਆਇਰਨ, ਖਣਿਜ ਤੇ ਐਂਟੀਆਕਸੀਡੈਂਟ ਆਦਿ ਲੋੜੀਂਦੇ ਖੁਰਾਕੀ ਤੱਤ ਦਿੰਦੇ ਸਨ। ਪਿੱਪਲ ਦੇ ਪੱਤਿਆਂ ਨਾਲ ਤਵੇ 'ਤੇ ਆਟੇ ਦੇ ਘੋਲ ਨੂੰ ਫੈਲਾਉਂਦੇ ਸਮੇਂ ਇਨ੍ਹਾਂ ਪੱਤਿਆਂ ਦੇ ਔਸ਼ਧੀ ਗੁਣ ਵੀ ਇਨ੍ਹਾਂ ਵਿੱਚ ਸ਼ਾਮਲ ਹੋ ਜਾਂਦੇ ਸਨ। ਬਰਸਾਤਾਂ ਦੇ ਦਿਨਾਂ ਵਿੱਚ ਹੁੰਮਸ ਤੇ ਨਮੀ ਕਾਰਨ ਪਾਚਨ ਕਿਰਿਆ ਕਮਜ਼ੋਰ ਹੋਣ ਲੱਗਦੀ ਹੈ, ਇਸ ਲਈ ਗੁਲਗੁਲੇ ਤੇ ਪੂੜਿਆਂ ਵਿੱਚ ਪੈਣ ਵਾਲੀ ਸੌਂਫ ਪਾਚਨ ਕਿਰਿਆ ਨੂੰ ਦਰੁਸਤ ਕਰਨ ਦਾ ਕੰਮ ਕਰਦੀ ਹੈ। ਸਾਉਣ ਮਹੀਨੇ ਇਨ੍ਹਾਂ ਖਾਧ ਪਦਾਰਥਾਂ ਨੂੰ ਬਣਾਉਣਾ ਪੰਜਾਬੀ ਪਰੰਪਰਾ ਹੈ, ਪਰ ਅੱਜ ਸਾਡੇ ਘਰਾਂ ਵਿੱਚੋਂ ਇਨ੍ਹਾਂ ਦੇਸੀ ਤੇ ਸ਼ੁੱਧ ਘਰੇਲੂ ਪਕਵਾਨਾਂ ਦੀਆਂ ਖੁਸ਼ਬੂਆਂ ਗਾਇਬ ਹੋ ਰਹੀਆਂ ਹਨ। ਇਨ੍ਹਾਂ ਦੀ ਥਾਂ ਨਵੀਂ ਪੀੜ੍ਹੀ ਪੀਜ਼ਾ, ਬਰਗਰ, ਪਾਸਤਾ, ਮਨਚੂਰੀਅਨ ਆਦਿ ਖਾਣਿਆਂ ਦੀ ਸ਼ੌਕੀਨ ਹੈ। ਦੂਸਰੇ ਪਾਸੇ ਹੁਣ ਘਰਾਂ ਵਿੱਚ ਖੁੱਲ੍ਹੀਆਂ ਰਸੋਈਆਂ ਦੀ ਥਾਂ ਆਧੁਨਿਕ ਤਰੀਕਿਆਂ ਨਾਲ ਲੈਸ ਕਿਚਨ ਬਣ ਗਈਆਂ ਹਨ ਜਿੱਥੇ ਫਾਲਤੂ ਧੂੰਆਂ ਅਤੇ ਅਜਿਹੇ ਪਕਵਾਨਾਂ ਦੀ ਮਹਿਕ ਨਵੀਂ ਪੀੜ੍ਹੀ ਨੂੰ ਪਸੰਦ ਨਹੀਂ, ਨਾ ਹੀ ਉਹ ਇਨ੍ਹਾਂ ਖਾਣਿਆਂ ਨੂੰ ਪਸੰਦ ਕਰਦੇ ਹਨ। ਇਸ ਵਿੱਚ ਸ਼ਾਇਦ ਉਨ੍ਹਾਂ ਦਾ ਕਸੂਰ ਨਹੀਂ, ਇਹ ਛੇਤੀ ਤੇ ਬਣੇ ਬਣਾਏ ਪਦਾਰਥਾਂ ਦੀ ਆਦਤ ਅਸੀਂ ਹੀ ਉਨ੍ਹਾਂ ਨੂੰ ਪਾ ਰਹੇ ਹਾਂ। ਹੋਰ ਤਾਂ ਹੋਰ ਬੱਚਿਆਂ ਦੇ ਨਾਲ ਹੌਲੀ-ਹੌਲੀ ਅਸੀਂ ਇਨ੍ਹਾਂ ਦੇ ਆਦੀ ਹੁੰਦੇ ਜਾਂਦੇ ਹਾਂ ਜੋ ਕਿ ਸਾਡੀ ਸਿਹਤ ਲਈ ਕਿਸੇ ਵੀ ਤਰ੍ਹਾਂ ਅਨੁਕੂਲ ਨਹੀਂ।

ਅੱਜ ਕੋਈ ਵਿਰਲਾ ਜਾਂ ਭਾਗਾਂ ਵਾਲਾ ਘਰ ਹੀ ਹੋਵੇਗਾ ਜਿਸ ਵਿੱਚ ਘਰ ਦੇ ਸਾਰੇ ਜੀਅ ਬਿਲਕੁਲ ਤੰਦਰੁਸਤ ਹਨ, ਨਹੀਂ ਤਾਂ ਆਮ ਕਰਕੇ ਹਰ ਘਰ ਵਿੱਚ ਦਵਾਈਆਂ ਨਾਲ ਭਰੇ ਲਿਫ਼ਾਫ਼ੇ ਜ਼ਰੂਰ ਮਿਲਣਗੇ। ਮੁੱਕਦੀ ਗੱਲ ਇਹ ਹੈ ਕਿ ਜੇਕਰ ਅਸੀਂ ਆਪਣਾ ਪਰਿਵਾਰ ਤੇ ਨਵੀਂ ਪੀੜ੍ਹੀ ਨੂੰ ਸਿਹਤਮੰਦ ਤੇ ਤੰਦਰੁਸਤ ਰੱਖਣਾ ਹੈ ਤਾਂ ਬਾਜ਼ਾਰੀ ਖਾਣਿਆਂ ਨੂੰ ਆਪਣੀ ਜੀਵਨ ਸ਼ੈਲੀ ਵਿੱਚੋਂ ਹਰ ਹੀਲੇ ਘੱਟ ਜਾਂ ਮਨਫੀ ਕਰਨਾ ਹੋਵੇਗਾ। ਲੋਕ ਅੱਜ ਪੈਸੇ ਦੀ ਅੰਨ੍ਹੀ ਦੌੜ ਵਿੱਚ ਮੌਤ ਦੇ ਵਪਾਰੀ ਬਣ ਕੇ ਖੇਡ ਰਹੇ ਹਨ। ਮਾਇਆ ਦੇ ਲਾਲਚ ਵੱਸ ਲੋਕਾਂ ਨੂੰ ਬਿਮਾਰੀਆਂ ਵੰਡਣ ਵਿੱਚ ਕਿਸੇ ਤਰ੍ਹਾਂ ਦਾ ਵੀ ਗੁਰੇਜ਼ ਨਹੀਂ ਕਰਦੇ। ਬਹੁਤਾਤ ਬਾਜ਼ਾਰੀ ਚੀਜ਼ਾਂ ਗੁਣਵੱਤਾ ਦੀ ਕਸਵੱਟੀ 'ਤੇ ਖਰਾ ਨਹੀਂ ਉਤਰਦੀਆਂ। ਇਨ੍ਹਾਂ ਦੇ ਸੇਵਨ ਨਾਲ ਆਦਮੀ ਤਰ੍ਹਾਂ-ਤਰ੍ਹਾਂ ਦੀਆਂ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਰਿਹਾ ਹੈ। ਚੰਗੇ ਤੇ ਸਿਹਤਮੰਦ ਸਮਾਜ ਲਈ ਲੋੜ ਹੈ ਆਪ ਅਤੇ ਹੋਰਨਾਂ ਨੂੰ ਜਾਗਰੂਕ ਕਰਨ ਦੀ। ਘਟੀਆ ਕਿਸਮ ਦੇ ਘਿਉ ਤੇ ਤੇਲਾਂ ਵਿੱਚ ਬਣੇ ਪਕਵਾਨਾਂ ਵੱਲ ਆਕਰਸ਼ਿਤ ਹੋਣ ਦੀ ਬਜਾਇ ਆਪਣੇ ਘਰਾਂ ਵਿੱਚ ਸਾਦੇ ਤੇ ਸ਼ੁੱਧ ਖਾਣੇ ਖਾਣ ਦੀ ਆਪਣੇ ਬੱਚਿਆਂ ਨੂੰ ਆਦਤ ਪਾਈਏ ਤਾਂ ਹੀ ਸਿਹਤਾਂ ਦਾ ਬਚਾਅ ਹੋ ਸਕਦਾ ਹੈ। ਇਸ ਸਭ ਦੇ ਨਾਲ ਹੀ ਸਿਆਣਿਆਂ ਦੀ ਆਖੀ ਇਹ ਗੱਲ ਯਾਦ ਰੱਖੀਏ ਕਿ 'ਸਿਹਤ ਹੀ ਸਭ ਤੋਂ ਵੱਡੀ ਨਿਆਮਤ ਹੈ।'

## ਵਿਸ਼ਵ ਖੱਬੇ ਹੱਥ ਦਿਵਸ 'ਤੇ ਵਿਸ਼ੇਸ਼

# ਵਿਸ਼ਵ ਖੱਬੇ ਹੱਥ ਦਿਵਸ: ਖੱਬੇ ਹੱਥ ਦੀ ਅਣਦੇਖੀ ਸ਼ਕਤੀ ਦਾ ਜਸ਼ਨ




**ਮੋਹਿਤ ਸਿੰਗਲਾ**



ਮੋ-90412-95900.

ਵਿਸ਼ਵ ਖੱਬੇ ਹੱਥ ਦਿਵਸ ਹਰ ਸਾਲ 13 ਅਗਸਤ ਨੂੰ ਮਨਾਇਆ ਜਾਂਦਾ ਹੈ। ਇਹ ਦਿਨ ਉਨ੍ਹਾਂ ਲੋਕਾਂ ਨੂੰ ਸਮਰਪਿਤ ਹੈ ਜੋ ਸੱਜੇ ਹੱਥ ਵਾਲਿਆਂ ਦੇ ਦਬਦਬੇ ਵਾਲੀ ਦੁਨੀਆ ਵਿੱਚ ਆਪਣੇ ਖੱਬੇ ਹੱਥ ਨਾਲ ਜੀਵਨ ਨੂੰ ਸਿਰਜਦੇ, ਆਕਾਰ ਦਿੰਦੇ ਅਤੇ ਸਜਾਉਂਦੇ ਹਨ। ਇਹ ਸਿਰਫ਼ ਇੱਕ ਦਿਨ ਨਹੀਂ ਹੈ, ਸਗੋਂ ਸਮਾਜ ਦੀ ਚੁੱਪਚਾਪ ਅਣਗੌਲੀ ਪਰ ਅਸਾਧਾਰਨ ਪ੍ਰਤਿਭਾ ਨੂੰ ਪਛਾਣਨ ਦਾ ਵਿਚਾਰ ਹੈ ਜੋ ਖੱਬੇ ਹੱਥ ਨਾਲ ਕੰਮ ਕਰਦੀ ਹੈ। ਦੁਨੀਆ ਦੀ ਲਗਭਗ 10 ਤੋਂ 12 ਪ੍ਰਤੀਸ਼ਤ ਆਬਾਦੀ ਖੱਬੇ ਹੱਥ ਵਾਲੀ ਹੈ। ਇਹ ਗਿਣਤੀ ਭਾਵੇਂ ਘੱਟ ਹੈ ਪਰ ਇਸ ਵਿੱਚ ਛੁਪੀ ਸੰਭਾਵਨਾ ਨੂੰ ਕਿਸੇ ਵੀ ਤਰ੍ਹਾਂ ਘੱਟ ਨਹੀਂ ਸਮਝਿਆ ਜਾ ਸਕਦਾ। ਵਿਗਿਆਨ ਕਹਿੰਦਾ ਹੈ ਕਿ ਖੱਬੇ ਹੱਥ ਵਾਲੇ ਲੋਕ ਆਮ ਤੌਰ 'ਤੇ ਆਪਣੇ ਦਿਮਾਗ ਦੇ ਸੱਜੇ ਗੋਲਾਕਾਰ ਦੀ ਜ਼ਿਆਦਾ ਵਰਤੋਂ ਕਰਦੇ ਹਨ ਜੋ ਕਿ ਕਲਪਨਾ, ਰਚਨਾਤਮਕਤਾ, ਸੰਗੀਤ, ਵਿਜ਼ੂਅਲ ਆਰਟਸ ਅਤੇ ਭਾਵਨਾਤਮਕ ਬੁੱਧੀ ਨਾਲ ਜੁੜਿਆ ਹੋਇਆ ਹੈ। ਇਹੀ ਕਾਰਨ ਹੈ ਕਿ ਖੱਬੇ ਹੱਥ ਵਾਲੇ ਲੋਕ ਕਲਾ, ਨਵੀਨਤਾ ਅਤੇ ਕਲਪਨਾ ਦੇ ਖੇਤਰ ਵਿੱਚ ਕਈ ਵਾਰ ਆਗੂ ਸਾਬਤ ਹੋਏ ਹਨ। ਜੇ ਅਸੀਂ ਇਤਿਹਾਸ ਵਿੱਚ ਝਾਤੀ ਮਾਰੀਏ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਖੱਬੇ ਹੱਥ ਵਾਲੇ ਲੋਕਾਂ ਨੂੰ ਅਕਸਰ ਨਕਾਰਾਤਮਕ ਰੌਸ਼ਨੀ ਵਿੱਚ ਦੇਖਿਆ ਜਾਂਦਾ ਸੀ। ਸੰਸਕ੍ਰਿਤ ਅਤੇ ਲਾਤੀਨੀ ਭਾਸ਼ਾਵਾਂ ਵਿੱਚ 'ਖੱਬੇ' ਲਈ ਵਰਤੇ ਜਾਣ ਵਾਲੇ ਸ਼ਬਦਾਂ ਨੂੰ ਅਕਸਰ ਅਸ਼ੁੱਭ ਜਾਂ ਅਪਵਿੱਤਰ ਮੰਨਿਆ ਜਾਂਦਾ ਸੀ। ਬਹੁਤ ਸਾਰੀਆਂ ਸਭਿਆਚਾਰਾਂ ਵਿੱਚ ਖੱਬੇ ਹੱਥ ਨਾਲ ਖਾਣਾ, ਨਮਸਕਾਰ ਕਰਨਾ ਜਾਂ ਕੁਝ ਦੇਣਾ ਬੇਰਹਿਮ ਮੰਨਿਆ ਜਾਂਦਾ ਸੀ। ਸਕੂਲਾਂ ਵਿੱਚ ਵੀ ਬੱਚਿਆਂ ਨੂੰ ਖੱਬੇ ਹੱਥ ਨਾਲ ਲਿਖਣ ਲਈ ਝਿੜਕਿਆ ਜਾਂਦਾ ਸੀ ਜਾਂ ਸੱਜੇ ਹੱਥ ਨਾਲ ਲਿਖਣ ਲਈ ਜ਼ਬਰਦਸਤੀ ਸਿਖਾਇਆ ਜਾਂਦਾ ਸੀ। ਪਰ ਸਮੇਂ ਦੇ ਨਾਲ ਸੋਚ ਬਦਲ ਗਈ, ਵਿਗਿਆਨ ਨੇ ਤੱਥਾਂ ਨੂੰ ਉਜਾਗਰ ਕੀਤਾ ਅਤੇ ਅੱਜ ਖੱਬੇ ਹੱਥ ਨਾਲ ਨਾ ਸਿਰਫ਼ ਸਵੀਕਾਰ ਕੀਤਾ ਜਾ ਰਿਹਾ ਹੈ, ਸਗੋਂ ਇਸ ਦੀਆਂ ਵਿਸ਼ੇਸ਼ਤਾਵਾਂ ਦੀ ਵੀ ਕਦਰ ਕੀਤੀ ਜਾ ਰਹੀ ਹੈ।

ਇਹ ਦਿਨ 1976 ਵਿੱਚ ਇੰਗਲੈਂਡ ਸਥਿਤ "ਖੱਬੇ ਹੱਥ ਵਾਲੇ ਕਲੱਬ" ਦੁਆਰਾ ਸਥਾਪਿਤ ਕੀਤਾ ਗਿਆ ਸੀ, ਜਿਸਦਾ ਉਦੇਸ਼ ਖੱਬੇ ਹੱਥ ਵਾਲੇ ਲੋਕਾਂ ਨੂੰ ਇੱਕ ਸਾਂਝਾ ਪਲੇਟਫਾਰਮ ਦੇਣਾ, ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਉਜਾਗਰ ਕਰਨਾ ਅਤੇ ਸਮਾਜ ਨੂੰ ਉਨ੍ਹਾਂ ਦੀਆਂ ਜ਼ਰੂਰਤਾਂ ਪ੍ਰਤੀ ਸੰਵੇਦਨਸ਼ੀਲ ਬਣਾਉਣਾ ਸੀ। ਸੱਜੇ ਹੱਥ ਵਾਲੇ ਸੰਸਾਰ ਵਿੱਚ ਕੈਂਚੀ, ਨੋਟਬੁੱਕ, ਡੈਸਕ, ਦਰਵਾਜ਼ੇ, ਮਾਊਸ, ਮੋਬਾਈਲ ਸੈਟਿੰਗਾਂ, ਮਾਪਣ ਵਾਲੇ ਯੰਤਰ ਆਦਿ ਵਰਗੀਆਂ ਰੋਜ਼ਾਨਾ ਦੀਆਂ ਚੀਜ਼ਾਂ ਅਕਸਰ ਖੱਬੇ ਹੱਥ ਵਾਲਿਆਂ ਲਈ ਅਸੁਵਿਧਾਜਨਕ ਹੁੰਦੀਆਂ ਹਨ। ਉਹ ਸਿੱਖਿਆ, ਫੌਜ, ਵਿਗਿਆਨ, ਦਵਾਈ ਅਤੇ ਘਰੇਲੂ ਵਾਤਾਵਰਣ ਵਿੱਚ ਵੀ ਅਕਸਰ ਅਸਹਿਜ ਸਥਿਤੀਆਂ ਦਾ ਸਾਹਮਣਾ ਕਰਦੇ ਹਨ। ਇਸ ਸਭ ਦੇ ਬਾਵਜੂਦ ਖੱਬੇ ਹੱਥ ਵਾਲੇ ਲੋਕਾਂ ਨੇ ਹਰ ਖੇਤਰ ਵਿੱਚ ਆਪਣੀ ਅਮਿੱਟ ਛਾਪ ਛੱਡੀ ਹੈ। ਆਲਮੀ ਪੱਧਰ ਤੇ ਬਹੁਤ ਸਾਰੇ ਨਾਮ ਇਸ ਗੱਲ ਦੇ ਗਵਾਹ ਹਨ ਕਿ ਸਫਲਤਾ ਹੱਥ ਦੀ ਦਿਸ਼ਾ ਦੁਆਰਾ ਨਹੀਂ ਬਲਕਿ ਰਵੱਈਏ, ਮਿਹਨਤ ਅਤੇ ਪ੍ਰਤਿਭਾ ਦੁਆਰਾ ਨਿਰਧਾਰਤ ਹੁੰਦੀ ਹੈ। ਇਹ ਸਾਰੇ ਅਸਧਾਰਨ ਖੱਬੇ ਹੱਥ ਵਾਲੇ ਸ਼ਖ਼ਸੀਅਤਾਂ ਹਨ ਜਿਨ੍ਹਾਂ ਨੇ ਆਪਣੇ ਖੇਤਰ ਵਿੱਚ ਉਚਾਈਆਂ ਨੂੰ ਛੂਹਿਆ ਅਤੇ ਪੂਰੀ ਦੁਨੀਆ ਨੂੰ ਪ੍ਰੇਰਿਤ ਕੀਤਾ। ਅੱਜ ਜਦੋਂ ਅਸੀਂ ਇੱਕ ਸਮਾਵੇਸ਼ੀ ਸਮਾਜ ਬਾਰੇ ਗੱਲ ਕਰਦੇ ਹਾਂ ਤਾਂ ਇਹ ਮਹੱਤਵਪੂਰਨ ਹੈ ਕਿ ਅਸੀਂ ਖੱਬੇ ਹੱਥ ਵਾਲੇ ਲੋਕਾਂ ਪ੍ਰਤੀ ਉਹੀ ਸੰਵੇਦਨਸ਼ੀਲਤਾ ਦਿਖਾਈਏ। ਸਕੂਲਾਂ ਵਿੱਚ ਅਧਿਆਪਕਾਂ ਨੂੰ ਆਪਣੇ ਖੱਬੇ ਹੱਥ ਨਾਲ ਲਿਖਣ ਵਾਲੇ ਵਿਦਿਆਰਥੀਆਂ ਨੂੰ ਵਾਧੂ ਸਹਾਇਤਾ ਦੇਣੀ ਚਾਹੀਦੀ ਹੈ, ਉਨ੍ਹਾਂ ਨੂੰ ਅਨੁਕੂਲ ਬਣਾਉਣਾ ਚਾਹੀਦਾ ਹੈ, ਉਨ੍ਹਾਂ ਨੂੰ ਰੋਕਿਆ ਨਹੀਂ ਜਾਣਾ ਚਾਹੀਦਾ। ਸਮਾਜ ਨੂੰ ਖੱਬੇ ਹੱਥ ਦੀ ਵਰਤੋਂ ਨੂੰ ਕਿਸੇ ਵੀ ਪੱਖਪਾਤ ਨਾਲ ਨਹੀਂ ਦੇਖਣਾ ਚਾਹੀਦਾ, ਪਰ ਉਨ੍ਹਾਂ ਲਈ ਉਹੀ ਸਹੂਲਤਾਂ ਵਿਕਸਤ ਕਰਨੀਆਂ ਚਾਹੀਦੀਆਂ ਹਨ ਜੋ ਸੱਜੇ ਹੱਥ ਵਾਲੇ ਲੋਕਾਂ ਲਈ ਹਨ। ਇਹ ਦਿਨ ਸਾਨੂੰ ਯਾਦ ਦਿਵਾਉਂਦਾ ਹੈ ਕਿ ਵਿਭਿੰਨਤਾ ਇਸ ਸੰਸਾਰ ਦੀ ਅਸਲ ਸੁੰਦਰਤਾ ਹੈ। ਇੱਕ ਵਿਅਕਤੀ ਜੋ ਆਪਣੇ ਖੱਬੇ ਹੱਥ ਨਾਲ ਲਿਖਦਾ ਹੈ, ਚਿੱਤਰਕਾਰੀ ਕਰਦਾ ਹੈ ਜਾਂ ਕੰਮ ਕਰਦਾ ਹੈ ਉਹ ਸਿਰਫ਼ ਇੱਕ ਅਪਵਾਦ ਨਹੀਂ ਹੈ ਬਲਕਿ ਸਮਾਜ ਲਈ ਇੱਕ ਵਿਲੱਖਣ ਦ੍ਰਿਸ਼ਟੀਕੋਣ ਲਿਆਉਂਦਾ ਹੈ। ਸਾਨੂੰ ਉਸਦੀ ਸੋਚ, ਉਸਦੀ ਸ਼ੈਲੀ ਅਤੇ ਉਸਦੀ ਸਿਰਜਣਾਤਮਕਤਾ ਨੂੰ ਓਨਾ ਹੀ ਪਛਾਣਨਾ ਚਾਹੀਦਾ ਹੈ ਜਿੰਨਾ ਕਿਸੇ ਹੋਰ ਨੂੰ। ਇਹ ਕਹਾਵਤ ਆਪਣੇ ਆਪ ਵਿੱਚ ਸਾਬਤ ਕਰਦੀ ਹੈ ਕਿ ਭਾਵਨਾਵਾਂ, ਵਫ਼ਾਦਾਰੀ ਅਤੇ ਪ੍ਰਤਿਭਾ ਹੱਥ ਦੀ ਦਿਸ਼ਾ ਦੁਆਰਾ ਨਹੀਂ ਸਗੋਂ ਦਿਲ ਦੀ ਪ੍ਰੇਰਨਾ ਦੁਆਰਾ ਚਲਾਈ ਜਾਂਦੀ ਹੈ। ਆਓ ਇਸ ਖੱਬੇ ਹੱਥ ਦਿਵਸ 'ਤੇ ਸਮਾਜ ਨੂੰ ਵਧੇਰੇ ਸਮਾਵੇਸ਼ੀ, ਵਧੇਰੇ ਸੰਵੇਦਨਸ਼ੀਲ ਅਤੇ ਵਧੇਰੇ ਸਹਿਣਸ਼ੀਲ ਬਣਾਉਣ ਦਾ ਪ੍ਰਣ ਕਰੀਏ – ਜਿੱਥੇ ਹਰ ਹੱਥ ਨੂੰ ਸਤਿਕਾਰ ਮਿਲਦਾ ਹੈ, ਭਾਵੇਂ ਉਹ ਸੱਜਾ ਹੋਵੇ ਜਾਂ ਖੱਬਾ।

# ਵੀਰ ਆਇਆ, ਸੰਧਾਰਾ ਲਿਆਇਆ



**ਬਰਜਿੰਦਰ ਕੌਰ ਬਸਰਾਓ**

ਪੰਜਾਬੀ ਲੋਕ ਆਪਣੇ ਅਮੀਰ ਸੱਭਿਆਚਾਰ, ਰੀਤੀ-ਰਿਵਾਜਾਂ ਅਤੇ ਪਰਿਵਾਰਕ ਰਿਸ਼ਤਿਆਂ ਦੀ ਮਿਠਾਸ ਲਈ ਸੰਸਾਰ ਭਰ ਵਿੱਚ ਜਾਣੇ ਜਾਂਦੇ ਹਨ। ਜੇ ਗਹੁ ਨਾਲ ਵਾਚੀਏ ਤਾਂ ਪਤਾ ਲੱਗਦਾ ਹੈ ਕਿ ਹਰ ਤਿਉਹਾਰ ਅਤੇ ਰਸਮਾਂ ਰਿਵਾਜਾਂ ਨਾਲ ਸਾਡਾ ਕੋਈ ਨਾ ਕੋਈ ਰਿਸ਼ਤਾ ਵੀ ਜ਼ਰੂਰ ਜੁੜਿਆ ਹੋਇਆ ਹੁੰਦਾ ਹੈ। ਇਸ ਦਾ ਮਕਸਦ ਸਿੱਧੇ ਤੌਰ 'ਤੇ ਰਿਸ਼ਤਿਆਂ ਵਿੱਚ ਮਿਠਾਸ ਭਰ ਕੇ ਤਿਉਹਾਰ ਦੀ ਖ਼ੁਸ਼ੀ ਨੂੰ ਦੁੱਗਣਾ ਕਰਨਾ ਹੁੰਦਾ ਹੈ। ਉਂਜ ਤਾਂ ਹਰ ਦਿਨ-ਤਿਉਹਾਰ 'ਤੇ ਕਦੇ ਭੈਣਾਂ ਵੱਲੋਂ ਭਰਾਵਾਂ ਦਾ ਤੇ ਭਰਾਵਾਂ ਵੱਲੋਂ ਭੈਣਾਂ ਦਾ, ਮਾਪਿਆਂ ਵੱਲੋਂ ਧੀਆਂ ਦਾ ਮਾਣ ਵਧਾਇਆ ਜਾਂਦਾ ਹੈ, ਪਰ ਧੀਆਂ ਨੂੰ ਸੰਧਾਰਾ ਦੇਣ ਦਾ ਰਿਵਾਜ ਪੰਜਾਬੀ ਸੱਭਿਆਚਾਰ ਦਾ ਇੱਕ ਅਹਿਮ ਹਿੱਸਾ ਹੈ। ਸੰਧਾਰਾ ਦੇਣ ਦਾ ਰਿਵਾਜ ਕੇਵਲ ਤੋਹਫ਼ੇ ਦੇਣ ਦੀ ਰਸਮ ਨਹੀਂ, ਸਗੋਂ ਧੀ ਪ੍ਰਤੀ ਪਿਆਰ, ਸਤਿਕਾਰ ਅਤੇ ਆਪਣੇਪਣ ਦੀ ਨਿਸ਼ਾਨੀ ਹੈ। ਸੰਧਾਰਾ ਪੇਕੇ ਘਰ ਦੀਆਂ ਉਨ੍ਹਾਂ ਭਾਵਨਾਵਾਂ ਦਾ ਪ੍ਰਗਟਾਵਾ ਹੈ ਜੋ ਵਿਆਹ ਤੋਂ ਬਾਅਦ ਵੀ ਧੀ ਨਾਲ ਦਿਲੋਂ ਅਤੇ ਭਾਵਨਾਤਮਕ ਤੌਰ 'ਤੇ ਜੁੜੀਆਂ ਰਹਿੰਦੀਆਂ ਹਨ। ਰਵਾਇਤੀ ਤੌਰ 'ਤੇ ਧੀਆਂ ਨੂੰ ਸਾਲ ਵਿੱਚ ਦੋ ਵਾਰ ਸੰਧਾਰਾ ਦਿੱਤਾ ਜਾਂਦਾ ਹੈ। ਇੱਕ ਸੰਧਾਰਾ ਸਾਉਣ ਦੇ ਮਹੀਨੇ ਖ਼ਾਸ ਕਰਕੇ ਤੀਆਂ ਦੇ ਤਿਉਹਾਰ ਮੌਕੇ ਵਿਆਹੀਆਂ ਧੀਆਂ ਨੂੰ ਦਿੱਤਾ ਜਾਂਦਾ ਹੈ। ਜਦੋਂ ਧੀਆਂ ਤੀਆਂ ਮਨਾਉਣ ਲਈ ਆਪਣੇ ਪੇਕੇ ਆਉਂਦੀਆਂ ਹਨ ਅਤੇ ਵਾਪਸ ਸਹੁਰੇ ਘਰ ਜਾਂਦੀਆਂ ਹਨ ਤਾਂ ਮਾਪੇ ਉਨ੍ਹਾਂ ਨੂੰ ਨਵੇਂ ਕੱਪੜੇ, ਚੂੜੀਆਂ, ਮਹਿੰਦੀ, ਮਿਠਾਈਆਂ, ਮੱਠੀਆਂ, ਬਿਸਕੁਟ, ਲੱਡੂ ਅਤੇ ਹੋਰ ਲੋੜੀਂਦਾ ਸਾਮਾਨ ਦੇ ਕੇ ਭੇਜਦੇ ਹਨ। ਕਈ ਪਰਿਵਾਰ ਆਪਣੀ ਸਮਰੱਥਾ ਅਨੁਸਾਰ ਗਹਿਣੇ ਜਾਂ ਹੋਰ ਕੀਮਤੀ ਤੋਹਫ਼ੇ ਵੀ ਦਿੰਦੇ ਹਨ। ਇਸ ਬਾਰੇ ਲੋਕ ਬੋਲੀਆਂ ਵਿੱਚ ਵੀ ਕੁੜੀਆਂ ਦੀਆਂ ਭਾਵਨਾਵਾਂ ਦਾ ਜ਼ਿਕਰ ਆਉਂਦਾ ਹੈ;

ਵੀਰ ਮੇਰਾ ਅੰਬਰੋਂ ਤਾਰਾ ਲਿਆਇਆ!
ਖਾਣ ਨੂੰ ਪਿੰਨੇ, ਪਹਿਨਣ ਨੂੰ ਚੀਰ
ਮੈਂ ਵਾਰੀ ਜਾਵਾਂ ਆਪਣੇ ਵੀਰ!

ਦੂਜਾ ਸੰਧਾਰਾ ਲੋਹੜੀ ਦੇ ਤਿਉਹਾਰ 'ਤੇ ਦਿੱਤਾ ਜਾਂਦਾ ਹੈ ਜਿਸ ਵਿੱਚ ਗੁੜ ਅਤੇ ਤਿਲ ਦੇ ਲੱਡੂ, ਚੌਲਾਂ ਦੀਆਂ ਪਿੰਨੀਆਂ, ਮੂੰਗਫਲੀ, ਰਿਓੜੀਆਂ ਅਤੇ ਭੁੱਗੇ ਦੀ ਮਠਿਆਈ ਆਦਿ ਖ਼ਾਸ ਤੌਰ 'ਤੇ ਮਾਪੇ ਜਾਂ ਭਰਾ ਆਪਣੀਆਂ ਧੀਆਂ-ਭੈਣਾਂ ਨੂੰ ਸਹੁਰੇ ਘਰ ਦੇ ਕੇ ਆਉਂਦੇ ਹਨ। ਇਸ ਤਰ੍ਹਾਂ ਸੰਧਾਰੇ ਦੀ ਰਸਮ ਨੂੰ ਕੁੜੀਆਂ ਦਾ ਸਹੁਰੇ ਘਰ ਵਿੱਚ ਮਾਣ ਵਧਾਉਣ ਦਾ ਇੱਕ ਜ਼ਰੀਆ ਵੀ ਮੰਨਿਆ ਜਾਂਦਾ ਹੈ। ਸੰਧਾਰਾ ਧੀ ਨੂੰ ਇਹ ਅਹਿਸਾਸ ਕਰਵਾਉਂਦਾ ਹੈ ਕਿ ਵਿਆਹ ਤੋਂ ਬਾਅਦ ਵੀ ਉਸ ਦਾ ਪੇਕਾ ਘਰ ਉਸ ਲਈ ਪਹਿਲਾਂ ਵਾਂਗ ਹੀ ਉਸ ਦਾ ਪੂਰਾ ਮਾਣ ਕਰਦਾ ਹੈ। ਇਹ ਰਿਵਾਜ ਧੀ ਦੇ ਸਨਮਾਨ, ਉਸ ਦੀਆਂ ਭਾਵਨਾਵਾਂ ਅਤੇ ਪਰਿਵਾਰਕ ਸਾਂਝ ਨੂੰ ਮਜ਼ਬੂਤ ਕਰਦਾ ਹੈ। ਸੰਧਾਰਾ ਸਿਰਫ਼ ਸੌਗਾਤਾਂ ਦਾ ਲੈਣ-ਦੇਣ ਨਹੀਂ, ਸਗੋਂ ਮਾਪਿਆਂ ਦੀਆਂ ਅਸੀਸਾਂ ਅਤੇ ਭੈਣ-ਭਰਾਵਾਂ ਦੇ ਪਿਆਰ ਦਾ ਪ੍ਰਤੀਕ ਹੈ। ਸਮੇਂ ਦੇ ਨਾਲ ਨਾਲ ਇਸ ਰਿਵਾਜ ਦਾ ਰੂਪ ਵੀ ਜ਼ਰੂਰ ਬਦਲਿਆ ਹੈ। ਪਹਿਲਾਂ ਸੰਧਾਰਾ ਹੱਥੀਂ ਬਣੀਆਂ ਮੱਠੀਆਂ, ਘਰ ਦੇ ਬਣਾਏ ਬਿਸਕੁਟ, ਸੂਟ ਅਤੇ ਰਵਾਇਤੀ ਚੀਜ਼ਾਂ ਦਾ ਹੁੰਦਾ ਸੀ, ਪਰ ਅੱਜ ਇਸ ਵਿੱਚ ਤਿਆਰ ਕੱਪੜੇ, ਮਠਿਆਈਆਂ, ਹੋਰ ਘਰੇਲੂ ਉਪਕਰਨ ਜਿਸ ਦੀ ਲੜਕੀ ਨੂੰ ਜ਼ਰੂਰਤ ਹੋਵੇ ਜਾਂ ਨਕਦ ਰਕਮ ਜਾਂ ਹੋਰ ਆਧੁਨਿਕ ਤੋਹਫ਼ੇ ਆਦਿ ਵੀ ਸ਼ਾਮਲ ਹੋ ਗਏ ਹਨ। ਸੰਧਾਰੇ ਦੇ ਰੂਪ ਵਿੱਚ ਚਾਹੇ ਸਮੇਂ ਦੇ ਨਾਲ ਬਦਲਾਅ ਆ ਗਏ ਹਨ, ਪਰ ਫਿਰ ਵੀ ਇਸ ਦੀ ਰੂਹ ਵਿੱਚ ਧੀ ਪ੍ਰਤੀ ਪਿਆਰ ਅਤੇ ਸਨੇਹ ਉਹੀ ਹੈ। ਅੱਜ ਦੇ ਤੇਜ਼-ਰਫ਼ਤਾਰ ਜੀਵਨ ਵਿੱਚ ਭਾਵੇਂ ਕਈ ਪੁਰਾਣੀਆਂ ਰਸਮਾਂ ਮੱਧਮ ਪੈ ਰਹੀਆਂ ਹਨ, ਪਰ ਸੰਧਾਰਾ ਦੇਣ ਦੀ ਪਰੰਪਰਾ ਅਜੇ ਵੀ ਪੰਜਾਬੀ ਪਰਿਵਾਰਾਂ ਵਿੱਚ ਜਿਉਂ ਦੀ ਤਿਉਂ ਬਰਕਰਾਰ ਹੈ। ਇਹ ਰਿਵਾਜ ਸਾਨੂੰ ਯਾਦ ਦਿਵਾਉਂਦਾ ਹੈ ਕਿ ਧੀਆਂ ਵੀ ਘਰ ਦਾ ਮਾਣ ਹੁੰਦੀਆਂ ਹਨ ਅਤੇ ਉਨ੍ਹਾਂ ਨਾਲ ਪਿਆਰ ਅਤੇ ਸਤਿਕਾਰ ਦਾ ਰਿਸ਼ਤਾ ਹਮੇਸ਼ਾ ਕਾਇਮ ਰਹਿਣਾ ਚਾਹੀਦਾ ਹੈ। ਧੀਆਂ ਨੂੰ ਸੰਧਾਰਾ ਦੇਣ ਦਾ ਰਿਵਾਜ ਪੰਜਾਬ ਦੀ ਲੋਕ-ਸੱਭਿਆਚਾਰਕ ਵਿਰਾਸਤ ਦਾ ਇੱਕ ਅਨਮੋਲ ਹਿੱਸਾ ਹੈ। ਇਹ ਰਿਸ਼ਤਿਆਂ ਦੇ ਨਿੱਘ, ਪਰਿਵਾਰਕ ਏਕਤਾ ਅਤੇ ਧੀ ਪ੍ਰਤੀ ਅਟੁੱਟ ਮੋਹ ਦਾ ਪ੍ਰਤੀਕ ਹੈ। ਅਜਿਹੀਆਂ ਪਰੰਪਰਾਵਾਂ ਨੂੰ ਸੰਭਾਲਣਾ ਅਤੇ ਅਗਲੀ ਪੀੜ੍ਹੀ ਤੱਕ ਪਹੁੰਚਾਉਣਾ ਸਾਡੀ ਸਭ ਦੀ ਜ਼ਿੰਮੇਵਾਰੀ ਹੈ ਕਿਉਂਕਿ ਇਹੋ ਜਿਹੇ ਰੀਤੀ ਰਿਵਾਜਾਂ ਵਿੱਚ ਹੀ ਪੰਜਾਬੀ ਸੱਭਿਆਚਾਰ ਦੀ ਅਸਲ ਰੂਹ ਵੱਸਦੀ ਹੈ।

**ਸੰਪਰਕ: 99889-01324**

# ਰਿਸ਼ਤੇ ਹੰਕਾਰ ਤੋਂ ਉੱਪਰ ਰੱਖੋ

ਕਿਸੇ ਵੀ ਰਿਸ਼ਤੇ ਦੀ ਮੌਤ ਹਮੇਸ਼ਾ ਕਿਸੇ ਵੱਡੇ ਤੂਫ਼ਾਨ ਨਾਲ ਨਹੀਂ ਹੁੰਦੀ। ਬਹੁਤ ਵਾਰ ਇਹ ਇੱਕ ਛੋਟੀ ਜਿਹੀ ਗੱਲ, ਇੱਕ ਅਣਕਹੇ ਸ਼ਬਦ, ਇੱਕ ਗਲਤਫ਼ਹਿਮੀ ਜਾਂ ਇੱਕ ਪਲ ਦੇ ਹੰਕਾਰ ਨਾਲ ਸ਼ੁਰੂ ਹੁੰਦੀ ਹੈ, ਪਰ ਦੁਖਦਾਈ ਗੱਲ ਇਹ ਨਹੀਂ ਕਿ ਨਾਰਾਜ਼ਗੀ ਪੈਦਾ ਹੋਈ; ਦੁਖਦਾਈ ਗੱਲ ਇਹ ਹੈ ਕਿ ਅਸੀਂ ਉਸ ਨੂੰ ਸਮੇਂ ਦੇ ਨਾਲ ਜਿਊਂਦਾ ਰੱਖਦੇ ਹਾਂ। ਇੱਕ ਸਮਾਂ ਅਜਿਹਾ ਵੀ ਆ ਜਾਂਦਾ ਹੈ ਜਦੋਂ ਨਾਰਾਜ਼ਗੀ ਦਾ ਅਸਲ ਕਾਰਨ ਯਾਦ ਨਹੀਂ ਰਹਿੰਦਾ, ਪਰ ਨਾਰਾਜ਼ ਰਹਿਣ ਦੀ ਆਦਤ ਬਣ ਜਾਂਦੀ ਹੈ। ਫਿਰ ਨਾਰਾਜ਼ਗੀ ਕਿਸੇ ਘਟਨਾ ਦੀ ਪ੍ਰਤੀਕਿਰਿਆ ਨਹੀਂ ਰਹਿੰਦੀ, ਉਹ ਆਪਣੀ ਹੀ ਵਜ੍ਹਾ ਬਣ ਜਾਂਦੀ ਹੈ। ਅੱਜ ਦੇ ਸਮਾਜ ਵਿੱਚ ਇਹ ਸਿਰਫ਼ ਨਿੱਜੀ ਸਮੱਸਿਆ ਨਹੀਂ, ਇੱਕ ਸਮਾਜਿਕ ਚੁਣੌਤੀ ਬਣ ਚੁੱਕੀ ਹੈ। ਘਰਾਂ ਵਿੱਚ ਚੁੱਪ ਦੀਆਂ ਕੰਧਾਂ ਉੱਚੀਆਂ ਹੋ ਰਹੀਆਂ ਹਨ, ਰਿਸ਼ਤਿਆਂ ਵਿੱਚ ਦੂਰੀਆਂ ਵਧ ਰਹੀਆਂ ਹਨ ਅਤੇ ਮਨੁੱਖ ਸੰਵਾਦ ਦੀ ਥਾਂ ਖਾਮੋਸ਼ੀ ਨੂੰ ਚੁਣ ਰਿਹਾ ਹੈ। ਅਸੀਂ ਡਿਜੀਟਲ ਤੌਰ 'ਤੇ ਪਹਿਲਾਂ ਨਾਲੋਂ ਵੱਧ ਜੁੜੇ ਹੋਏ ਹਾਂ, ਪਰ ਭਾਵਨਾਤਮਕ ਤੌਰ 'ਤੇ ਪਹਿਲਾਂ ਨਾਲੋਂ ਵੱਧ ਦੂਰ ਹੋ ਗਏ ਹਾਂ। ਹਜ਼ਾਰਾਂ ਸੁਨੇਹੇ ਭੇਜਣ ਵਾਲਾ ਮਨੁੱਖ ਕਈ ਵਾਰ 'ਮੈਨੂੰ ਅਫ਼ਸੋਸ ਹੈ' ਲਿਖਣ ਤੋਂ ਵੀ ਹਿਚਕਚਾਉਂਦਾ ਹੈ। ਰਿਸ਼ਤਿਆਂ ਦੀ ਸਭ ਤੋਂ ਵੱਡੀ ਦੁਸ਼ਮਣ ਗ਼ਲਤੀ ਨਹੀਂ, ਸਗੋਂ ਅਹੰਕਾਰ ਹੈ। ਗ਼ਲਤੀਆਂ ਹਰ ਇਨਸਾਨ ਤੋਂ ਹੁੰਦੀਆਂ ਹਨ, ਪਰ ਜਦੋਂ ਹੰਕਾਰ ਮੁਆਫ਼ੀ ਦੇ ਰਾਹ ਵਿੱਚ ਖੜ੍ਹਾ ਹੋ ਜਾਂਦਾ ਹੈ, ਉਦੋਂ ਦੂਰੀਆਂ ਸਥਾਈ ਹੋਣ ਲੱਗਦੀਆਂ ਹਨ। ਅਸੀਂ ਆਪਣੇ ਆਪ ਨੂੰ ਇਹ ਕਹਿ ਕੇ ਤਸੱਲੀ ਦੇ ਦਿੰਦੇ ਹਾਂ ਕਿ 'ਪਹਿਲਾਂ ਉਹ ਗੱਲ ਕਰੇ।' ਇਹ ਇੱਕ ਵਾਕ ਪਤਾ ਨਹੀਂ ਕਿੰਨੇ ਰਿਸ਼ਤਿਆਂ ਦੀ ਆਖ਼ਰੀ ਲਕੀਰ ਬਣ ਜਾਂਦਾ ਹੈ। ਸਭ ਤੋਂ ਵੱਡੀ ਵਿਡੰਬਨਾ ਇਹ ਹੈ ਕਿ ਸਮਾਂ ਲੰਘਣ ਨਾਲ ਅਸੀਂ ਕਾਰਨ ਭੁੱਲ ਜਾਂਦੇ ਹਾਂ, ਪਰ ਦੂਰੀ ਨੂੰ ਸੰਭਾਲ ਕੇ ਰੱਖਦੇ ਹਾਂ। ਜੇ ਸਾਲਾਂ ਬਾਅਦ ਕੋਈ ਪੁੱਛੇ ਕਿ ਝਗੜਾ ਕਿਸ ਗੱਲ ਦਾ ਸੀ ਤਾਂ ਅਕਸਰ ਜਵਾਬ ਨਹੀਂ ਮਿਲਦਾ। ਇਹ ਸਥਿਤੀ ਸਾਡੇ ਸਮਾਜ ਲਈ ਇੱਕ ਗੰਭੀਰ ਪ੍ਰਸ਼ਨ ਹੈ—ਕੀ ਅਸੀਂ ਸੱਚਮੁੱਚ ਸਹੀ ਹੋਣ ਦੀ ਲੜਾਈ ਲੜ ਰਹੇ ਹਾਂ ਜਾਂ ਸਿਰਫ਼ ਆਪਣੇ ਅਹੰਕਾਰ ਦੀ ਰਾਖੀ ਕਰ ਰਹੇ ਹਾਂ?

ਇਹ ਵੀ ਯਾਦ ਰੱਖਣਾ ਚਾਹੀਦਾ ਹੈ ਕਿ ਸਮਾਂ ਕਿਸੇ ਦੀ ਉਡੀਕ ਨਹੀਂ ਕਰਦਾ। ਜਿਨ੍ਹਾਂ ਲੋਕਾਂ ਨਾਲ ਅੱਜ ਅਸੀਂ ਨਾਰਾਜ਼ ਹਾਂ, ਹੋ ਸਕਦਾ ਹੈ ਕੱਲ੍ਹ ਉਹ ਸਾਡੇ ਕੋਲ ਨਾ ਹੋਣ। ਜੀਵਨ ਦੀ ਅਨਿਸ਼ਚਿਤਤਾ ਸਾਨੂੰ ਹਰ ਰੋਜ਼ ਇਹ ਸਿਖਾਉਂਦੀ ਹੈ ਕਿ ਰਿਸ਼ਤਿਆਂ ਨੂੰ ਕੱਲ੍ਹ ਲਈ ਨਹੀਂ ਛੱਡਣਾ ਚਾਹੀਦਾ। ਅਫ਼ਸੋਸ ਦੀ ਗੱਲ ਹੈ ਕਿ ਅਸੀਂ ਇਹ ਸਬਕ ਅਕਸਰ ਕਿਸੇ ਵਿਛੋੜੇ ਤੋਂ ਬਾਅਦ ਹੀ ਸਿੱਖਦੇ ਹਾਂ। ਸਮਾਜ ਨੂੰ ਮਜ਼ਬੂਤ ਬਣਾਉਣ ਲਈ ਸਿਰਫ਼ ਆਰਥਿਕ ਵਿਕਾਸ ਜਾਂ ਤਕਨੀਕੀ ਤਰੱਕੀ ਕਾਫ਼ੀ ਨਹੀਂ। ਮਜ਼ਬੂਤ ਸਮਾਜ ਉਹ ਹੁੰਦਾ ਹੈ ਜਿੱਥੇ ਲੋਕ ਅਸਹਿਮਤੀ ਦੇ ਬਾਵਜੂਦ ਸੰਵਾਦ ਜਾਰੀ ਰੱਖਦੇ ਹਨ, ਜਿੱਥੇ ਮੁਆਫ਼ੀ ਨੂੰ ਕਮਜ਼ੋਰੀ ਨਹੀਂ, ਸਗੋਂ ਪਰਿਪੱਕਤਾ ਮੰਨਿਆ ਜਾਂਦਾ ਹੈ ਅਤੇ ਜਿੱਥੇ ਰਿਸ਼ਤਿਆਂ ਦੀ ਕੀਮਤ ,ਹੰਕਾਰ ਨਾਲੋਂ ਵੱਧ ਹੁੰਦੀ ਹੈ। ਇਹੀ ਸੰਸਕਾਰ ਪਰਿਵਾਰਾਂ ਨੂੰ ਜੋੜਦੇ ਹਨ ਅਤੇ ਇਹੀ ਕਦਰਾਂ ਕੀਮਤਾਂ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਦੀਆਂ ਹਨ। ਮੁਆਫ਼ ਕਰਨਾ ਕਿਸੇ ਉੱਤੇ ਅਹਿਸਾਨ ਨਹੀਂ, ਆਪਣੇ ਮਨ ਨੂੰ ਆਜ਼ਾਦ ਕਰਨਾ ਹੈ। ਗਿਲੇ-ਸ਼ਿਕਵੇ ਮਨ ਵਿੱਚ ਰੱਖਣ ਵਾਲਾ ਵਿਅਕਤੀ ਸਭ ਤੋਂ ਪਹਿਲਾਂ ਆਪਣੇ ਆਪ ਨੂੰ ਸਜ਼ਾ ਦਿੰਦਾ ਹੈ। ਮਨ ਦੀ ਸ਼ਾਂਤੀ, ਖ਼ੁਸ਼ੀ ਅਤੇ ਸਕਾਰਾਤਮਕ ਸੋਚ ਉਸ ਤੋਂ ਹੌਲੀ-ਹੌਲੀ ਦੂਰ ਹੋ ਜਾਂਦੀ ਹੈ। ਇਸ ਦੇ ਉਲਟ ਜੋ ਵਿਅਕਤੀ ਪਹਿਲ ਕਰਕੇ ਗੱਲ ਕਰ ਲੈਂਦਾ ਹੈ, ਉਹ ਰਿਸ਼ਤਾ ਹੀ ਨਹੀਂ, ਆਪਣਾ ਮਨ ਵੀ ਬਚਾ ਲੈਂਦਾ ਹੈ। ਅੱਜ ਲੋੜ ਇਸ ਗੱਲ ਦੀ ਨਹੀਂ ਕਿ ਹਰ ਬਹਿਸ ਵਿੱਚ ਜਿੱਤ ਹਾਸਲ ਕੀਤੀ ਜਾਵੇ; ਲੋੜ ਇਸ ਗੱਲ ਦੀ ਹੈ ਕਿ ਹਰ ਸੰਭਵ ਰਿਸ਼ਤਾ ਬਚਾਇਆ ਜਾਵੇ। ਜਿੱਤੀਆਂ ਹੋਈਆਂ ਦਲੀਲਾਂ ਸਮੇਂ ਨਾਲ ਭੁੱਲ ਜਾਂਦੀਆਂ ਹਨ, ਪਰ ਟੁੱਟੇ ਹੋਏ ਰਿਸ਼ਤਿਆਂ ਦੀ ਖਾਮੋਸ਼ੀ ਲੰਬੇ ਸਮੇਂ ਤੱਕ ਮਨ ਨੂੰ ਚੁਭਦੀ ਰਹਿੰਦੀ ਹੈ।




ਇਸ ਲਈ ਜੇ ਤੁਹਾਡੇ ਜੀਵਨ ਵਿੱਚ ਕੋਈ ਅਜਿਹਾ ਵਿਅਕਤੀ ਹੈ ਜਿਸ ਨਾਲ ਸਿਰਫ਼ ਨਾਰਾਜ਼ਗੀ ਹੀ ਰਿਸ਼ਤਾ ਬਣ ਕੇ ਰਹਿ ਗਈ ਹੈ ਤਾਂ ਇੱਕ ਪਲ ਠਹਿਰ ਕੇ ਆਪਣੇ ਆਪ ਨੂੰ ਪੁੱਛੋ—ਕੀ ਅੱਜ ਵੀ ਉਹ ਕਾਰਨ ਇੰਨਾ ਵੱਡਾ ਹੈ ਜਾਂ ਹੁਣ ਸਿਰਫ਼ ਨਾਰਾਜ਼ਗੀ ਹੀ ਨਾਰਾਜ਼ ਰਹਿਣ ਦੀ ਵਜ੍ਹਾ ਬਣ ਚੁੱਕੀ ਹੈ? ਜੇ ਜਵਾਬ ਦੂਜਾ ਹੈ ਤਾਂ ਪਹਿਲਾ ਕਦਮ ਚੁੱਕਣ ਵਿੱਚ ਦੇਰੀ ਨਾ ਕਰੋ। ਕਿਉਂਕਿ ਰਿਸ਼ਤੇ ਜਿੱਤਣ ਵਾਲੇ ਲੋਕ ਇਤਿਹਾਸ ਨਹੀਂ ਲਿਖਦੇ, ਪਰ ਉਹ ਅਜਿਹੀਆਂ ਯਾਦਾਂ ਜ਼ਰੂਰ ਛੱਡ ਜਾਂਦੇ ਹਨ ਜਿਨ੍ਹਾਂ ਨੂੰ ਸਮਾਂ ਵੀ ਮਿਟਾ ਨਹੀਂ ਸਕਦਾ। ਸ਼ਾਇਦ ਜੀਵਨ ਦੀ ਸਭ ਤੋਂ ਵੱਡੀ ਜਿੱਤ ਵੀ ਇਹੀ ਹੈ—ਅਹੰਕਾਰ ਨੂੰ ਹਰਾ ਕੇ ਇਨਸਾਨ ਨੂੰ ਜਿੱਤ ਲੈਣਾ।

# ਕਿਰਤੀ ਕਾਲਜ 'ਚ ਵਿਸ਼ਵ ਨੌਜਵਾਨ ਦਿਹਾੜਾ ਮਨਾਇਆ



ਪਾਤੜਾਂ 12 ਅਗਸਤ (ਬਲਬੀਰ ਸਿੰਘ ਢਿੱਲੋਂ)-ਸਰਕਾਰੀ ਕਿਰਤੀ ਕਾਲਜ ਨਿਆਲ ਪਾਤੜਾਂ ਵਿਖੇ ਪ੍ਰਿੰਸੀਪਲ ਡਾ ਗਗਨਦੀਪ ਚੀਮਾ ਦੀ ਰਹਿਨੁਮਾਈ ਹੇਠ ਐੱਨਐੱਸਐੱਸ ਵਿਭਾਗ ਅਤੇ ਰੈੱਡ ਰਿਬੱਨ ਕਲੱਬ ਵੱਲੋਂ ਅੰਤਰਰਾਸ਼ਟਰੀ ਯੁਵਾ ਦਿਵਸ ਨੂੰ ਮੁੱਖ ਰੱਖਦੇ ਹੋਏ ਲੇਖ ਰਚਨਾ ਅਤੇ ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ । ਪੋਸਟਰ ਮੇਕਿੰਗ ਮੁਕਾਬਲਿਆਂ ਨਸ਼ਾ ਮੁਕਤ ਭਾਰਤ ਅਭਿਆਨ ਅਤੇ ਐਚਆਈਵੀ ਅਵੇਅਰਨੈਸ ਵਿਸੇ ਤਹਿਤ ਕਰਵਾਏ ਅਤੇ ਲੇਖ ਰਚਨਾ ਮੁਕਾਬਲੇ ਸੌਲਡ ਵੈਸਟ ਮੈਨੇਜਮੈਂਟ ਵਿਸ਼ੇ ਅਧੀਨ ਕਰਵਾਏ ਗਏ । ਮੁਕਾਬਲਿਆਂ ਦੀ ਜੱਜਮੈਂਟ ਡਾ ਜਸਵਿੰਦਰ ਸ਼ਰਮਾ, ਪ੍ਰੋਗਰਾਮ ਅਫਸਰ ਹਰਮੀਤ ਸਿੰਘ ਅਤੇ ਪ੍ਰੋ ਰਮਨਜੀਤ ਕੌਰ ਵੱਲੋਂ ਕੀਤੀ ਗਈ। ਕਾਲਜ ਪ੍ਰਿੰਸੀਪਲ ਡਾ ਗਗਨਦੀਪ ਚੀਮਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਅੰਤਰਰਾਸ਼ਟਰੀ ਯੁਵਾ ਦਿਵਸ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ ਅਤੇ ਵਿਦਿਆਰਥੀਆਂ ਨੂੰ ਨਸ਼ੇ ਤੋਂ ਦੂਰ ਰਹਿ ਕੇ ਆਪਣੀ ਜਵਾਨੀ ਨੂੰ ਉਸਾਰੂ ਕੰਮਾਂ ਵਿੱਚ ਲਗਾਉਣ ਦਾ ਸੰਦੇਸ਼ ਦਿੱਤਾ। ਪ੍ਰੋਗਰਾਮ ਦੇ ਅੰਤ ਵਿੱਚ ਜੇਤੂ ਵਿਦਿਆਰਥੀ ਨੂੰ ਕਾਲਜ ਪ੍ਰਿੰਸੀਪਲ ਅਤੇ ਸਟਾਫ ਵੱਲੋਂ ਸਨਮਾਨਿਤ ਕੀਤਾ ਗਿਆ ਇਸ ਮੌਕੇ ਐੱਨਐੱਸਐੱਸ ਅਤੇ ਰੈੱਡ ਰਿਬੱਨ ਕਲੱਬ ਦੇ ਵਲੰਟੀਅਰ ਮੌਜੂਦ ਸਨ।

# ਹਲਕੇ ਦੇ ਪਿੰਡ ਟਾਹਲੀ ਵਾਲਾ ਵਿਖੇ 'ਤੀਆਂ' ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ



ਗੁਰੂਹਰਸਹਾਏ, 12 ਅਗਸਤ (ਗੁਰਮੇਲ ਵਾਰਵਲ): ਹਲਕਾ ਗੁਰੂਹਰਸਹਾਏ ਦੇ ਪਿੰਡ ਟਾਹਲੀ ਵਾਲਾ ਵਿਖੇ ਦੂਸਰਾ ਤੀਆਂ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ। ਇਸ ਸਮਾਗਮ ਵਿੱਚ ਹਲਕਾ ਵਿਧਾਇਕ ਫੌਜਾ ਸਿੰਘ ਸਰਾਰੀ ਅਤੇ ਚਰਨਜੀਤ ਕੌਰ ਸਰਾਰੀ, ਜਿਲਾ ਪ੍ਰਧਾਨ ਪਲੈਨਿੰਗ ਬੋਰਡ ਚੇਅਰਮੈਨ ਹਰਜਿੰਦਰ ਸਿੰਘ ਘਾਂਗਾ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਜਿਲਾ ਪ੍ਰਧਾਨ ਪਲੈਨਿੰਗ ਬੋਰਡ ਚੇਅਰਮੈਨ ਹਰਜਿੰਦਰ ਸਿੰਘ ਘਾਂਘਾ ਵੱਲੋਂ ਸੰਧਾਰੇ ਦੀ ਰਸਮ ਨਿਭਾਈ ਗਈ। ਇਸ ਮੌਕੇ ਗ੍ਰਾਮ ਪੰਚਾਇਤ ਪਿੰਡ ਟਾਹਲੀ ਵਾਲਾ ਅਤੇ ਸਮੂਹ ਪਿੰਡ ਵਾਸੀਆਂ ਵੱਲੋਂ ਹਲਕਾ ਵਿਧਾਇਕ ਫੌਜਾ ਸਿੰਘ ਸਰਾਰੀ ਅਤੇ ਉਹਨਾ ਦੀ ਸਮੁੱਚ ਟੀਮ ਦਾ ਪਿੰਡ ਪਹੁੰਚਣ ਤੇ ਨਿੱਘਾ ਸਵਾਗਤ ਕੀਤਾ ਗਿਆ। ਸਮਾਗਮ ਦੌਰਾਨ ਪਿੰਡ ਦੇ ਲੜਕੇ, ਲੜਕੀਆਂ ਵੱਲੋਂ ਪੰਜਾਬੀ ਸੱਭਿਆਚਾਰ ਨਾਲ ਜੁੜੀਆਂ ਵੱਖ-ਵੱਖ ਪੇਸ਼ਕਾਰੀਆਂ ਪੇਸ਼ ਕੀਤੀਆ ਗਈਆਂ। ਇਸ ਪ੍ਰੋਗਰਾਮ ਦੌਰਾਨ ਲੜਕੀਆਂ ਨੇ ਗਿਧਾ,ਅਤੇ ਲੜਕਿਆ ਨੇ ਭੰਗੜੇ ਸਮੇਤ ਕਈ ਹੋਰ ਸੱਭਿਆਚਾਰਕ ਗਤੀਵਿਧੀਆਂ ਰਾਹੀਂ ਪੰਜਾਬ ਦੇ ਅਮੀਰ ਲੋਕ-ਵਿਰਸੇ ਦੀ ਖੂਬਸੂਰਤ ਝਲਕ ਪੇਸ਼ ਕੀਤੀ। ਇਸ ਸਮਾਗਮ ਦੌਰਾਨ ਸੰਬੋਧਨ ਕਰਦਿਆ ਵਿਧਾਇਕ ਫੌਜਾ ਸਿੰਘ ਸਰਾਰੀ ਨੇ ਤੀਆਂ ਦੇ ਤਿਉਹਾਰ ਮੌਕੇ ਸਭ ਨੂੰ ਵਧਾਈ ਦਿੰਦਿਆਂ ਕਿਹਾ ਕਿ ਪੰਜਾਬੀ ਸੱਭਿਆਚਾਰ ਅਤੇ ਲੋਕ-ਵਿਰਸੇ ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਣ ਲਈ ਅਜਿਹੇ ਸਮਾਗਮ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਹਨਾ ਨੇ ਪਿੰਡ ਟਾਹਲੀ ਵਾਲਾ ਦੀ ਸਮੁੱਚੀ ਗ੍ਰਾਮ ਪੰਚਾਇਤ ਅਤੇ ਪਿੰਡ ਵਾਸੀਆ ਨੂੰ ਇਹ ਉਪਰਾਲਾ ਕਰਨ ਲਈ ਵਧਾਈ ਦਿੱਤੀ। ਉਹਨਾ ਕਿਹਾ ਕਿ ਸਾਨੂੰ ਸਾਰਿਆ ਨੂੰ ਮਿਲਜੁਲ ਕੇ ਅਜਿਹੇ ਸਮਾਗਮ ਕਰਵਾਉਣੇ ਚਾਹੀਦੇ ਹਨ। ਇਸ ਮੌਕੇ ਵੱਖ-ਵੱਖ ਸੱਭਿਆਚਾਰਕ ਪੇਸ਼ਕਾਰੀਆਂ ਵਿੱਚ ਚੰਗਾ ਪ੍ਰਦਰਸ਼ਨ ਕਰਨ ਵਾਲੇ ਲੜਕੇ, ਲੜਕੀਆਂ ਨੂੰ ਹਲਕਾ ਵਿਧਾਇਕ ਫੌਜਾ ਸਿੰਘ ਸਰਾਰੀ ਵਲੋ ਮੈਂਮਟੋ ਦੇਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਦਫ਼ਤਰ ਇੰਚਾਰਜ ਬਲਵੰਤ ਸਿੰਘ, ਚੇਅਰਮੈਨ ਰਣਜੀਤ ਸਿੰਘ ਗੁਰੂਹਰਸਹਾਏ, ਸੁਰਿੰਦਰ ਸਿੰਘ ਛਿੰਦਾ ਚੇਅਰਮੈਨ (ਐਸੀ ਵਿੰਗ), ਆਪ ਸੀਨੀਅਰ ਯੂਥ ਆਗੂ ਭੁਪਿੰਦਰ ਸਿੰਘ ਭਿੰਦਾ, ਸੋਨੂੰ ਤਰਿੱਡਾ, ਸਰਪੰਚ ਰਾਜਵਿੰਦਰ ਕੌਰ ਸਿੱਧੂ ਪਿੰਡ ਟਾਹਲੀ ਵਾਲਾ, ਅਮਰਜੀਤ ਸਿੰਘ ਜੋਨ ਇੰਚਾਰਜ ਐੱਮ.ਐੱਲ.ਏ ਦਫ਼ਤਰ ਗੁਰੂਹਰਸਹਾਏ, ਦਲੇਰ ਸਿੰਘ ਸਰਪੰਚ ਚੱਕ ਰੋੜਾ ਵਾਲਾ, ਜਗਤਾਰ ਸਿੰਘ ਚੱਕ ਰੋੜਾ ਵਾਲਾ, ਕਾਰਜ ਸਿੰਘ ਸਿਧੂ ਚੱਕ ਸਾਧੂ ਵਾਲਾ,ਸੁਖਦੀਪ ਸਿੰਘ, ਸੂਬਾ ਸਿੰਘ, ਸੁਰਜੀਤ ਸਿੰਘ ਸਾਬਕਾ ਸਰਪੰਚ, ਜਰਨੈਲ ਸਿੰਘ ਸਾਬਕਾ ਬਲਾਕ ਸੰਮਤੀ ਮੈਂਬਰ, ਮੌੜਾ ਸਿੰਘ, ਸਰਬਜੀਤ ਸਿੰਘ ਮੈਬਰ, ਜਸਵਿੰਦਰ ਸਿੰਘ, ਲਖਬੀਰ ਸਿੰਘ, ਚਾਨਣ ਸਿੰਘ ਆਪ ਆਗੂ, ਨਿਰਭੈਅ ਸਿੰਘ, ਸਮਸ਼ੇਰ ਸਿੰਘ, ਪਿੱਪਲ ਸਿੰਘ, ਜਸਬੀਰ ਸਿੰਘ ਆਦਿ ਹਾਜ਼ਰ ਸਨ।

# ਹੱਡੀਆਂ ਦੀ ਜਾਂਚ ਨੂੰ ਲੈ ਕੇ ਲੋਕਾਂ ਵਿਚ ਦਿਖਿਆ ਉਤਸ਼ਾਹ

## ਮਾਹਿਰ ਡਾਕਟਰ ਨੇ ਦਿੱਤੀ ਸਲਾਹ

ਫਿਰੋਜ਼ਪੁਰ, 12 ਅਗਸਤ (ਪ੍ਰੇਮ ਨਾਥ ਸ਼ਰਮਾ): ਰਾਸ਼ਟਰੀ ਹੱਡੀ ਅਤੇ ਜੋੜ ਦਿਵਸ ਦੇ ਮੌਕੇ 'ਤੇ ਅਮਨਦੀਪ ਹਸਪਤਾਲ, ਫ਼ਿਰੋਜ਼ਪੁਰ ਵਲੋਂ ਉਜਾਲਾ ਸਿਗਨਸ ਦੇ ਸਹਿਯੋਗ ਨਾਲ ਬੁੱਧਵਾਰ ਨੂੰ ਹੱਡੀਆਂ ਅਤੇ ਜੋੜਾਂ ਦੀ ਸਿਹਤ ਸਬੰਧੀ ਮੁਫ਼ਤ ਜਾਂਚ ਕੈਂਪ ਲਗਾਇਆ ਗਿਆ। ਕੈਂਪ ਵਿਚ ਵੱਡੀ ਗਿਣਤੀ ਵਿਚ ਲੋਕਾਂ ਨੇ ਪਹੁੰਚ ਕੇ ਸਿਹਤ ਜਾਂਚ ਦਾ ਲਾਭ ਲਿਆ। ਕੈਂਪ ਦੌਰਾਨ ਮਰੀਜ਼ਾਂ ਨੂੰ ਹੱਡੀਆਂ ਅਤੇ ਜੋੜਾਂ ਨਾਲ ਸਬੰਧਤ ਸਮੱਸਿਆਵਾਂ ਲਈ ਮੁਫ਼ਤ ਓ.ਪੀ.ਡੀ ਸਲਾਹ ਦੇ ਨਾਲ 2500 ਰੁਪਏ ਦੀ ਕੀਮਤ ਵਾਲਾ ਬੀ.ਐੱਮ.ਡੀ (ਬੋਨ ਮਿਨਰਲ ਡੈਂਸਿਟੀ) ਟੈਸਟ ਵੀ ਮੁਫ਼ਤ ਕੀਤਾ ਗਿਆ। ਇਸ ਦਾ ਉਦੇਸ਼ ਹੱਡੀਆਂ ਨਾਲ ਸਬੰਧਤ ਬਿਮਾਰੀਆਂ ਦਾ ਸਮੇਂ ਸਿਰ ਪਤਾ ਲਗਾ ਕੇ ਲੋਕਾਂ ਨੂੰ ਸਹੀ ਇਲਾਜ ਅਤੇ ਸਾਵਧਾਨੀਆਂ ਪ੍ਰਤੀ ਜਾਗਰੂਕ ਕਰਨਾ ਸੀ। ਕੈਂਪ ਦਾ ਉਦਘਾਟਨ ਹਸਪਤਾਲ ਦੇ ਫੈਸਿਲਟੀ ਡਾਇਰੈਕਟਰ ਡਾ. ਅਭਿਸ਼ੇਕ ਅਰੋੜਾ, ਨਗਰ ਕੌਂਸਲ ਦੇ ਉਪ ਪ੍ਰਧਾਨ ਬੋਹੜ ਸਿੰਘ ਅਤੇ ਕਮੇਟੀ ਮੈਂਬਰਾਂ ਦੀ ਮੌਜੂਦਗੀ ਵਿੱਚ ਕੀਤਾ ਗਿਆ। ਇਸ ਦੌਰਾਨ ਆਰਥੋਪੈਡਿਕਸ ਅਤੇ ਜੁਆਇੰਟ ਰਿਪਲੇਸਮੈਂਟ ਸਰਜਨ ਡਾ. ਕਨਿਸ਼ ਕਿਨਰਾ ਨੇ ਮਰੀਜ਼ਾਂ ਦੀ ਜਾਂਚ ਕਰਕੇ ਉਨ੍ਹਾਂ ਨੂੰ ਸਿਹਤ ਸਬੰਧੀ ਲੋੜੀਂਦੀ ਸਲਾਹ ਦਿੱਤੀ। ਹਸਪਤਾਲ ਦੇ ਆਰਥੋਪੈਡਿਕਸ ਵਿਭਾਗ ਦੇ ਚੇਅਰਮੈਨ ਡਾ. ਅਵਤਾਰ ਸਿੰਘ ਨੇ ਕਿਹਾ ਕਿ ਤੰਦਰੁਸਤ ਅਤੇ ਸਰਗਰਮ ਜੀਵਨ ਲਈ ਹੱਡੀਆਂ ਅਤੇ ਜੋੜਾਂ ਦਾ ਮਜ਼ਬੂਤ ਹੋਣਾ ਬੇਹੱਦ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਨਿਯਮਤ ਜਾਂਚ ਅਤੇ ਸਮੇਂ ਸਿਰ ਇਲਾਜ ਨਾਲ ਕਈ ਗੰਭੀਰ ਸਮੱਸਿਆਵਾਂ ਤੋਂ ਬਚਿਆ ਜਾ ਸਕਦਾ ਹੈ। ਕੈਂਪ ਦਾ ਮੁੱਖ ਉਦੇਸ਼ ਲੋਕਾਂ ਨੂੰ ਰੋਕਥਾਮੀ ਸਿਹਤ ਸੰਭਾਲ ਪ੍ਰਤੀ ਜਾਗਰੂਕ ਕਰਨਾ ਸੀ। ਕੈਂਪ ਅਮਨਦੀਪ ਹਸਪਤਾਲ, ਮੋਗਾ ਰੋਡ ਫ਼ਿਰੋਜ਼ਪੁਰ ਵਿਖੇ ਲਗਾਇਆ ਗਿਆ, ਜਿੱਥੇ ਸਥਾਨਕ ਲੋਕਾਂ ਨੇ ਉਤਸ਼ਾਹ ਨਾਲ ਸ਼ਮੂਲੀਅਤ ਕਰਦਿਆਂ ਮੁਫ਼ਤ ਸਿਹਤ ਸਹੂਲਤਾਂ ਦਾ ਲਾਭ ਲਿਆ।

# ਖਨੌਰੀ ਨੈਸ਼ਨਲ ਹਾਈਵੇ 'ਤੇ ਗੈਸ ਵਾਲਾ ਟਰਾਲਾ ਬੇਕਾਬੂ, ਵੱਡਾ ਹਾਦਸਾ ਹੋਣੋਂ ਟਲਿਆ

## ਡਰਾਈਵਰ ਨੂੰ ਅਚਾਨਕ ਦੌਰਾ ਪੈਣ ਕਾਰਨ ਟਰਾਲਾ ਡਿਵਾਈਡਰ 'ਤੇ ਚੜ੍ਹਿਆ, ਖੜ੍ਹੀ ਕਾਰ ਤੇ ਮੋਟਰਸਾਈਕਲ ਨੂੰ ਮਾਰੀ ਟੱਕਰ; ਜਾਨੀ ਨੁਕਸਾਨ ਤੋਂ ਬਚਾਅ



ਖਨੌਰੀ, 12 ਅਗਸਤ (ਸਤਨਾਮ ਸਿੰਘ ਕੰਬੋਜ) — ਖਨੌਰੀ ਨੈਸ਼ਨਲ ਹਾਈਵੇ 'ਤੇ ਬੁੱਧਵਾਰ ਨੂੰ ਉਸ ਸਮੇਂ ਵੱਡਾ ਹਾਦਸਾ ਹੋਣੋਂ ਟਲ ਗਿਆ, ਜਦੋਂ ਗੈਸ ਵਾਲੇ ਟਰਾਲੇ ਦੇ ਡਰਾਈਵਰ ਨੂੰ ਅਚਾਨਕ ਦੌਰਾ ਪੈਣ ਕਾਰਨ ਟਰਾਲਾ ਬੇਕਾਬੂ ਹੋ ਗਿਆ। ਬੇਕਾਬੂ ਟਰਾਲਾ ਡਿਵਾਈਡਰ 'ਤੇ ਚੜ੍ਹ ਗਿਆ ਅਤੇ ਉੱਥੇ ਖੜ੍ਹੀ ਇੱਕ ਕਾਰ ਤੇ ਮੋਟਰਸਾਈਕਲ ਨਾਲ ਟਕਰਾ ਗਿਆ। ਹਾਦਸੇ ਵਿੱਚ ਕਿਸੇ ਤਰ੍ਹਾਂ ਦਾ ਜਾਨੀ ਨੁਕਸਾਨ ਨਹੀਂ ਹੋਇਆ, ਜਦਕਿ ਦੋਵੇਂ ਵਾਹਨਾਂ ਨੂੰ ਨੁਕਸਾਨ ਪਹੁੰਚਿਆ। ਜਾਣਕਾਰੀ ਅਨੁਸਾਰ ਗੈਸ ਵਾਲਾ ਟਰਾਲਾ ਨੰਬਰ ਐਚਆਰ 38 ਡਬਲਿਯੂ 7842 ਦਾ ਡਰਾਈਵਰ ਸੁਨੀਲ ਕੁਮਾਰ ਉਮਰੋਹਾ, ਉੱਤਰ ਪ੍ਰਦੇਸ਼ ਗੱਡੀ ਖਾਲੀ ਕਰਕੇ ਬਠਿੰਡਾ ਵੱਲ ਗੈਸ ਭਰਨ ਲਈ ਜਾ ਰਿਹਾ ਸੀ। ਜਦੋਂ ਉਹ ਖਨੌਰੀ ਨੈਸ਼ਨਲ ਹਾਈਵੇ 'ਤੇ ਪਹੁੰਚਿਆ ਤਾਂ ਅਚਾਨਕ ਉਸ ਨੂੰ ਦੌਰਾ ਪੈ ਗਿਆ। ਇਸ ਕਾਰਨ ਟਰਾਲੇ 'ਤੇ ਉਸ ਦਾ ਸੰਤੁਲਨ ਨਹੀਂ ਰਿਹਾ ਅਤੇ ਟਰਾਲਾ ਬੇਕਾਬੂ ਹੋ ਕੇ ਡਿਵਾਈਡਰ 'ਤੇ ਚੜ੍ਹ ਗਿਆ। ਇਸ ਦੌਰਾਨ ਟਰਾਲੇ ਦੀ ਲਪੇਟ ਵਿੱਚ ਉੱਥੇ ਖੜ੍ਹੀ ਕਾਰ ਅਤੇ ਮੋਟਰਸਾਈਕਲ ਵੀ ਆ ਗਏ। ਹਾਦਸੇ ਦੀ ਸੂਚਨਾ ਮਿਲਦਿਆਂ ਹੀ ਥਾਣਾ ਖਨੌਰੀ ਦੀ ਪੁਲਿਸ ਮੌਕੇ 'ਤੇ ਪਹੁੰਚੀ ਅਤੇ ਮਾਮਲੇ ਦੀ ਜਾਂਚ ਸ਼ੁਰੂ ਕੀਤੀ। ਥਾਣਾ ਖਨੌਰੀ ਦੇ ਐਸਐਚਓ ਇੰਸਪੈਕਟਰ ਗੁਰਮੀਤ ਸਿੰਘ ਨੇ ਦੱਸਿਆ ਕਿ ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਜਾਂਚ ਦੌਰਾਨ ਸਾਹਮਣੇ ਆਉਣ ਵਾਲੇ ਤੱਥਾਂ ਦੇ ਆਧਾਰ 'ਤੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਗੈਸ ਵਾਲਾ ਟਰਾਲਾ ਹੋਣ ਕਾਰਨ ਹਾਦਸੇ ਨੂੰ ਲੈ ਕੇ ਲੋਕਾਂ ਵਿੱਚ ਕੁਝ ਸਮੇਂ ਲਈ ਚਿੰਤਾ ਦਾ ਮਾਹੌਲ ਬਣ ਗਿਆ। ਹਾਲਾਂਕਿ ਖੁਸ਼ਕਿਸਮਤੀ ਨਾਲ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਅਤੇ ਇੱਕ ਵੱਡਾ ਹਾਦਸਾ ਹੋਣੋਂ ਟਲ ਗਿਆ। ਪੁਲਿਸ ਵੱਲੋਂ ਹਾਦਸੇ ਦੇ ਕਾਰਨਾਂ ਅਤੇ ਹੋਰ ਪੱਖਾਂ ਦੀ ਜਾਂਚ ਕੀਤੀ ਜਾ ਰਹੀ ਹੈ।

# ਹਾਈਵੇ ਡਵਾਈਡਰ ਤੋੜ ਕੇ ਬਣਾਇਆ ਗੈਰ-ਕਾਨੂੰਨੀ ਰਸਤਾ, ਲੋਕਾਂ ਨੇ ਕੀਤੀ ਸਖ਼ਤ ਕਾਰਵਾਈ ਦੀ ਮੰਗ

ਬਰੇਟਾ, 12 ਅਗਸਤ (ਰੀਤਵਾਲ)-ਕੁਝ ਸ਼ਰਾਰਤੀ ਕਿਸਮ ਦੇ ਲੋਕਾਂ ਵੱਲੋਂ ਬਰੇਟਾ ਬੁਢਲਾਡਾ ਹਾਈਵੇ 'ਤੇ ਬਣੇ ਸੜਕ ਡਵਾਈਡਰ ਨੂੰ ਗੈਰ-ਕਾਨੂੰਨੀ ਢੰਗ ਨਾਲ ਤੋੜ ਕੇ



ਆਪ ਮੁਹਾਰੇ ਰਸਤਾ ਬਣਾ ਲਿਆ ਗਿਆ ਹੈ, ਜਿਸਨੂੰ ਲੈ ਕੇ ਰਾਹਗੀਰਾਂ ਚ ਹਾਦਸੇ ਵਾਪਰਨ ਦਾ ਡਰ ਬਣਿਆ ਹੋਇਆ ਹੈ। ਇਸ ਸਬੰਧੀ ਪ੍ਰਸ਼ਾਸਨ ਅਤੇ ਟ੍ਰੈਫਿਕ ਵਿਭਾਗ ਤੋਂ ਸਖ਼ਤ ਕਾਰਵਾਈ ਦੀ ਮੰਗ ਕੀਤੀ ਗਈ ਹੈ। ਜਾਣਕਾਰੀ ਅਨੁਸਾਰ, ਦਾਤੇਵਾਸ ਪਿੰਡ ਦੇ ਕੋਲ ਬਣੇ ਡਵਾਈਡਰ ਤੇ ਕੁਝ ਲੋਕਾਂ ਨੇ ਆਪਣੀ ਸਹੂਲਤ ਲਈ ਹਾਈਵੇ 'ਤੇ ਬਣੇ ਡਵਾਈਡਰ ਨੂੰ ਜਾਣਬੁੱਝ ਕੇ ਤੋੜ ਦਿੱਤਾ, ਤਾਂ ਜੋ ਉਹ ਆਪਣੇ ਵਹੀਕਲ ਨਾਲ ਸੜਕ ਦੇ ਦੂਜੇ ਪਾਸੇ ਸੌਖਿਆਂ ਹੀ ਆ-ਜਾ ਸਕਣ। ਇਸ ਗੈਰ-ਕਾਨੂੰਨੀ ਰਸਤੇ ਕਾਰਨ ਵਾਹਨ ਗ਼ਲਤ ਦਿਸ਼ਾ ਤੋਂ ਹਾਈਵੇ 'ਤੇ ਚੜ੍ਹਨ-ਉਤਰਨ ਲੱਗ ਪਏ ਹਨ, ਜਿਸ ਨਾਲ ਤੇਜ਼ ਰਫ਼ਤਾਰ ਵਾਹਨਾਂ ਲਈ ਵੱਡਾ ਖ਼ਤਰਾ ਪੈਦਾ ਹੋ ਗਿਆ ਹੈ। ਪਿਛਲੇ ਕੁਝ ਸਮੇਂ ਦੌਰਾਨ ਇਸ ਥਾਂ 'ਤੇ ਕਈ ਹਾਦਸੇ ਵੀ ਵਾਪਰ ਚੁੱਕੇ ਹਨ, ਜਿਨ੍ਹਾਂ ਵਿੱਚ ਕੁਝ ਲੋਕ ਜ਼ਖ਼ਮੀ ਵੀ ਹੋਏ ਹਨ। ਇਲਾਕੇ ਦੇ ਵਸਨੀਕਾਂ ਨੇ ਦੱਸਿਆ ਕਿ ਇਸ ਸਬੰਧੀ ਵਾਰ-ਵਾਰ ਸ਼ਿਕਾਇਤ ਕਰਨ ਦੇ ਬਾਵਜੂਦ ਪ੍ਰਸ਼ਾਸਨ ਵੱਲੋਂ ਕੋਈ ਠੋਸ ਕਦਮ ਨਹੀਂ ਚੁੱਕਿਆ ਗਿਆ। ਉਨ੍ਹਾਂ ਮੰਗ ਕੀਤੀ ਕਿ ਟੁੱਟੇ ਹੋਏ ਡਵਾਈਡਰ ਦੀ ਤੁਰੰਤ ਮੁਰੰਮਤ ਕਰਵਾਈ ਜਾਵੇ ਅਤੇ ਇਸ ਨੂੰ ਦੁਬਾਰਾ ਤੋੜਨ ਵਾਲਿਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਨਾਲ ਹੀ, ਇਸ ਥਾਂ 'ਤੇ ਲਗਾਤਾਰ ਨਿਗਰਾਨੀ ਲਈ ਪੁਲਿਸ ਗਸ਼ਤ ਵਧਾਉਣ ਅਤੇ 33"ਡ ਕੈਮਰੇ ਲਗਾਉਣ ਦੀ ਵੀ ਮੰਗ ਕੀਤੀ ਗਈ। ਦੂਜੇ ਪਾਸੇ ਇਸ ਮਾਮਲੇ ਵਿੱਚ ਥਾਣਾ ਮੁਖੀ ਗਣੇਸ਼ਵਰ ਕੁਮਾਰ ਬਰੇਟਾ ਨੇ ਦੱਸਿਆ ਕਿ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਢੁਕਵੀਂ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੀ ਅਤੇ ਹੋਰਾਂ ਦੀ ਸੁਰੱਖਿਆ ਲਈ ਨਿਰਧਾਰਿਤ ਰਸਤਿਆਂ ਦੀ ਹੀ ਵਰਤੋਂ ਕਰਨ ਅਤੇ ਅਜਿਹੀਆਂ ਗੈਰ-ਕਾਨੂੰਨੀ ਗਤੀਵਿਧੀਆਂ ਤੋਂ ਬਚਣ।

# ਬਾਬਾ ਗਾਂਧਾ ਸਿੰਘ ਪਬਲਿਕ ਸਕੂਲ ਬਰਨਾਲਾ ਦੀਆਂ ਵਿਦਿਆਰਥਣਾਂ ਨੇ ਸੀ.ਬੀ.ਐੱਸ.ਈ. ਕਲਸਟਰ ਬਾਸਕਟਬਾਲ ਟੂਰਨਾਮੈਂਟ ਵਿੱਚ ਹਾਸਿਲ ਕੀਤਾ ਤੀਜਾ ਸਥਾਨ



ਬਰਨਾਲਾ, 12ਅਗਸਤ ( ਜਗਸੀਰ ਸਿੰਘ ਸਹਿਜੜਾ)- ਇਲਾਕੇ ਦੀ ਪ੍ਰਮੁੱਖ ਵਿੱਦਿਅਕ ਸੰਸਥਾ ਬਾਬਾ ਗਾਂਧਾ ਸਿੰਘ ਪਬਲਿਕ ਸਕੂਲ, ਬਰਨਾਲਾ ਦੇ ਵਿਦਿਆਰਥੀਆਂ ਨੇ ਖੇਡਾਂ ਦੇ ਖੇਤਰ ਵਿੱਚ ਇੱਕ ਵਾਰ ਫਿਰ ਸਕੂਲ ਅਤੇ ਜ਼ਿਲ੍ਹੇ ਦਾ ਨਾਂ ਰੌਸ਼ਨ ਕੀਤਾ ਹੈ। ਸੇਂਟ ਜੇਵੀਅਰ ਸਕੂਲ, ਬਠਿੰਡਾ ਵਿਖੇ ਆਯੋਜਿਤ ਕੀਤੇ ਗਏ ਸੀ.ਬੀ.ਐੱਸ.ਈ. ਅੰਡਰ-17 ਗਰਲਜ਼ ਕਲਸਟਰ ਬਾਸਕਟਬਾਲ ਟੂਰਨਾਮੈਂਟ ਵਿੱਚ ਸਕੂਲ ਦੀ ਬਾਸਕਟਬਾਲ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਤੀਜੀ ਪੁਜੀਸ਼ਨ ਹਾਸਿਲ ਕੀਤੀ ਹੈ। ਸਕੂਲ ਮੈਨੇਜਿੰਗ ਡਾਇਰੈਕਟਰ (ਐੱਮ.ਡੀ.) ਸ. ਰਣਪ੍ਰੀਤ ਸਿੰਘ ਰਾਏ ਅਤੇ ਪ੍ਰਿੰਸੀਪਲ ਡਾ. ਸੰਦੀਪ ਕੁਮਾਰ ਲੱਠ ਨੇ ਇਸ ਸ਼ਾਨਦਾਰ ਪ੍ਰਾਪਤੀ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਜੇਤੂ ਖਿਡਾਰਣਾਂ, ਉਨ੍ਹਾਂ ਦੇ ਮਾਪਿਆਂ ਅਤੇ ਬਾਸਕਟਬਾਲ ਕੋਚ ਗੁਰਵਿੰਦਰ ਸਿੰਘ ਨੂੰ ਵਿਸ਼ੇਸ਼ ਤੌਰ 'ਤੇ ਮੁਬਾਰਕਬਾਦ ਦਿੱਤੀ। ਇਸ ਮੌਕੇ ਐੱਮ.ਡੀ. ਸ. ਰਣਪ੍ਰੀਤ ਸਿੰਘ ਰਾਏ ਨੇ ਕਿਹਾ ਕਿ ਖੇਡਾਂ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਬਹੁਤ ਜ਼ਰੂਰੀ ਹਨ ਅਤੇ ਸਕੂਲ ਪ੍ਰਬੰਧਕਾਂ ਵੱਲੋਂ ਖਿਡਾਰੀਆਂ ਨੂੰ ਹਰ ਸੰਭਵ ਖੇਡ ਸਹੂਲਤਾਂ ਤੇ ਬਿਹਤਰ ਬੁਨਿਆਦੀ ਢਾਂਚਾ ਪ੍ਰਦਾਨ ਕੀਤਾ ਜਾਂਦਾ ਰਹੇਗਾ ਤਾਂ ਜੋ ਉਹ ਭਵਿੱਖ ਵਿੱਚ ਰਾਸ਼ਟਰੀ ਪੱਧਰ 'ਤੇ ਮੱਲਾਂ ਮਾਰ ਸਕਣ। ਸਕੂਲ ਪ੍ਰਿੰਸੀਪਲ ਡਾ. ਸੰਦੀਪ ਕੁਮਾਰ ਲੱਠ ਨੇ ਕੋਚ ਗੁਰਵਿੰਦਰ ਸਿੰਘ ਦੀ ਯੋਗ ਅਗਵਾਈ, ਆਧੁਨਿਕ ਖੇਡ ਤਕਨੀਕਾਂ ਅਤੇ ਵਿਦਿਆਰਥਣਾਂ ਦੀ ਦਿਨ-ਰਾਤ ਦੀ ਸਖ਼ਤ ਮਿਹਨਤ ਦੀ ਸ਼ਲਾਘਾ ਕੀਤੀ। ਸਕੂਲ ਪਹੁੰਚਣ 'ਤੇ ਜੇਤੂ ਟੀਮ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਸ਼ਾਨਦਾਰ ਸਫ਼ਲਤਾ ਕਾਰਨ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਵਿੱਚ ਭਾਰੀ ਉਤਸ਼ਾਹ ਅਤੇ ਖੁਸ਼ੀ ਦਾ ਮਾਹੌਲ ਦੇਖਣ ਨੂੰ ਮਿਲਿਆ

# ਅਗਰਵਾਲ ਸਭਾ ਸੁਨਾਮ ਵੱਲੋਂ ਏਕਮ ਦਾ ਤਿਉਹਾਰ ਅੱਜ ਮਨਾਇਆ ਜਾਵੇਗਾ : ਗਰਗ



ਸੁਨਾਮ ਊਧਮ ਸਿੰਘ ਵਾਲਾ, 12 ਅਗਸਤ (ਰਾਜ਼ੇਸ਼ ਕੁਮਾਰ): ਅਗਰਵਾਲ ਸਭਾ ਸੁਨਾਮ ਵੱਲੋਂ ਮਹਾਰਾਜਾ ਅਗਰਸੈਨ ਜੀ ਦੇ ਆਸ਼ੀਰਵਾਦ ਨੂੰ ਸਮਰਪਿਤ ਏਕਮ ਦਾ ਤਿਉਹਾਰ 13 ਅਗਸਤ 2026 ਦਿਨ ਵੀਰਵਾਰ ਨੂੰ ਸਥਾਨਕ ਅਗਰਸੈਨ ਚੌਂਕ ਵਿਖੇ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਇਸ ਧਾਰਮਿਕ ਸਮਾਗਮ ਨੂੰ ਲੈ ਕੇ ਅਗਰਵਾਲ ਭਾਈਚਾਰੇ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਸਮਾਗਮ ਸਬੰਧੀ ਜਾਣਕਾਰੀ ਦਿੰਦਿਆਂ ਅਗਰਵਾਲ ਸਭਾ ਪ੍ਰਧਾਨ ਵਿਕਰਮ ਗਰਗ ਨੇ ਦੱਸਿਆ ਕਿ ਸਵੇਰੇ ਇਸ ਦਿਨ ਸਵੇਰੇ 7:15 ਵਜੇ ਅਗਰਸੈਨ ਚੌਂਕ ਵਿਖੇ ਸਮੂਹ ਅਗਰਵਾਲ ਭਾਈਚਾਰੇ ਵੱਲੋਂ ਮਹਾਰਾਜਾ ਅਗਰਸੈਨ ਜੀ ਦੀ ਪੂਜਾ-ਅਰਚਨਾ ਕੀਤੀ ਜਾਵੇਗੀ। ਇਸ ਸਮਾਗਮ ਦੇ ਮੁੱਖ ਯਜਮਾਨ ਅਗਰਵਾਲ ਸਭਾ ਦੇ ਸੁਭਾਸ਼ ਚੰਦ ਗੁਪਤਾ ਬੀ.ਕੇ.ਓ. (ਸ਼ੇਰੋਂ ਵਾਲੇ) ਵਾਸੀ ਗ੍ਰੀਨ ਸਿਟੀ ਸੁਨਾਮ ਪਰਿਵਾਰ ਵੱਲੋਂ ਪੂਜਾ ਅਤੇ ਪ੍ਰਸਾਦ ਦੀ ਸੇਵਾ ਕੀਤੀ ਜਾਵੇਗੀ। ਉਹਨਾਂ ਦੱਸਿਆ ਕਿ ਇਸ ਦੌਰਾਨ ਨੀਟ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਜਿਨ੍ਹਾਂ ਇਸ ਪ੍ਰੀਖਿਆ ਵਿੱਚ ਚੰਗੇ ਅੰਕ ਅਤੇ ਸ਼ਾਨਦਾਰ ਰੈਂਕ ਹਾਸਲ ਕਰਕੇ ਕੁਆਲੀਫਾਈ ਕੀਤਾ ਹੈ, ਨੂੰ ਸਭਾ ਵੱਲੋਂ ਵਿਸ਼ੇਸ਼ ਤੌਰ ਤੇ ਸਨਮਾਨ ਕੀਤਾ ਜਾਵੇਗਾ। ਸਭਾ ਆਹੁਦੇਦਾਰਾਂ ਨੇ ਸਮੂਹ ਅਗਰਵਾਲ ਭਾਈਚਾਰੇ ਨੂੰ ਇਸ ਦੌਰਾਨ ਸ਼ਾਮਲ ਹੋਣ ਦੀ ਅਪੀਲ ਕੀਤੀ।

# ਪਲੇਬੈਕ ਸਿੰਗਿੰਗ ਵੱਲ ਪਟਿਆਲਾ ਦੀ ਇੰਦਰ ਪ੍ਰੀਤ ਕੌਰ ਨੇ ਪੁੱਟਿਆ ਵੱਡਾ ਕਦਮ



**ਆਲ ਇੰਡੀਆ ਸਿਲੈਕਸ਼ਨ ਤੋਂ ਬਾਅਦ ਡੀਐਮਆਈ ਮਿਊਜ਼ਿਕ ਚੈਨਲ ਦੇ ਬੈਨਰ ਹੇਠ ਮੁੰਬਈ ਵਿੱਚ ਆਪਣੇ ਨਵੇਂ ਗੀਤ ਦੀ ਰਿਕਾਰਡਿੰਗ ਕਰਦੀ ਪਟਿਆਲਾ ਦੀ ਹੋਣਹਾਰ ਗਾਇਕਾ ਇੰਦਰ ਪ੍ਰੀਤ ਕੌਰ।**

ਪਟਿਆਲਾ, 12 ਅਗਸਤ (ਚਰਨਜੀਤ ਚੰਨੀ)-ਪਟਿਆਲਾ ਦੀ ਸੰਗੀਤਕ ਦੁਨੀਆ ਲਈ ਇਹ ਮਾਣ ਵਾਲਾ ਪਲ ਹੈ ਕਿ ਹੋਣਹਾਰ ਗਾਇਕਾ ਇੰਦਰ ਪ੍ਰੀਤ ਕੌਰ ਨੇ ਪਲੇਬੈਕ ਸਿੰਗਿੰਗ ਦੇ ਖੇਤਰ ਵਿੱਚ ਆਪਣੇ ਕਰੀਅਰ ਵੱਲ ਇੱਕ ਮਹੱਤਵਪੂਰਨ ਕਦਮ ਪੁੱਟਦਿਆਂ ਮੁੰਬਈ ਵਿੱਚ ਆਪਣਾ ਨਵਾਂ ਗੀਤ ਰਿਕਾਰਡ ਕੀਤਾ ਹੈ। ਇੰਦਰ ਪ੍ਰੀਤ ਕੌਰ ਦੀ ਚੋਣ ਡੀਐਮਆਈ ਮਿਊਜ਼ਿਕ ਚੈਨਲ ਵੱਲੋਂ ਕਰਵਾਈ ਗਈ ਆਲ ਇੰਡੀਆ ਸਿਲੈਕਸ਼ਨ ਪ੍ਰਕਿਰਿਆ ਰਾਹੀਂ ਹੋਈ, ਜਿਸ ਉਪਰੰਤ ਉਨ੍ਹਾਂ ਨੂੰ ਆਪਣੀ ਗਾਇਕੀ ਦੀ ਪ੍ਰਤਿਭਾ ਨੂੰ ਵੱਡੇ ਪੱਧਰ 'ਤੇ ਪੇਸ਼ ਕਰਨ ਦਾ ਮਹੱਤਵਪੂਰਨ ਮੌਕਾ ਮਿਲਿਆ। ਉਨ੍ਹਾਂ ਦਾ ਨਵਾਂ ਗੀਤ 14 ਅਗਸਤ 2026 ਨੂੰ ਰਿਲੀਜ਼ ਹੋਣ ਜਾ ਰਿਹਾ ਹੈ ਅਤੇ ਇਹ ਫੇਸਬੁੱਕ, ਇੰਸਟਾਗ੍ਰਾਮ, ਜੀਓਸਾਵਨ, ਸਪੋਟੀਫਾਈ ਅਤੇ ਯੂਟਿਊਬ ਸਮੇਤ ਵੱਖ-ਵੱਖ ਪ੍ਰਮੁੱਖ ਡਿਜੀਟਲ ਅਤੇ ਓਟੀਟੀ ਪਲੇਟਫਾਰਮਾਂ 'ਤੇ ਉਪਲਬਧ ਹੋਵੇਗਾ। ਮੁੰਬਈ ਵਿੱਚ ਹੋਈ ਗੀਤ ਦੀ ਰਿਕਾਰਡਿੰਗ ਇੰਦਰ ਪ੍ਰੀਤ ਕੌਰ ਦੇ ਸੰਗੀਤਕ ਸਫ਼ਰ ਦਾ ਇੱਕ ਬੇਹੱਦ ਮਹੱਤਵਪੂਰਨ ਅਤੇ ਯਾਦਗਾਰ ਪੜਾਅ ਬਣੀ। ਉਨ੍ਹਾਂ ਨੇ ਇਸ ਵੱਕਾਰੀ ਮੌਕੇ ਲਈ ਡੀਐਮਆਈ ਮਿਊਜ਼ਿਕ ਚੈਨਲ ਅਤੇ ਇਸ ਪ੍ਰੋਜੈਕਟ ਨਾਲ ਜੁੜੇ ਸਾਰੇ ਸਹਿਯੋਗੀਆਂ ਦਾ ਦਿਲੋਂ ਧੰਨਵਾਦ ਕੀਤਾ ਅਤੇ ਆਪਣੀ ਪ੍ਰਤਿਭਾ ਨੂੰ ਪਛਾਣਨ ਤੇ ਉਤਸ਼ਾਹਿਤ ਕਰਨ ਲਈ ਆਭਾਰ ਪ੍ਰਗਟ ਕੀਤਾ। ਆਪਣੇ ਤਜਰਬੇ ਬਾਰੇ ਇੰਦਰ ਪ੍ਰੀਤ ਕੌਰ ਨੇ ਕਿਹਾ ਕਿ ਮੁੰਬਈ ਵਿੱਚ ਆਪਣੇ ਗੀਤ ਦੀ ਰਿਕਾਰਡਿੰਗ ਕਰਨਾ ਉਨ੍ਹਾਂ ਲਈ ਸਿਰਫ਼ ਇੱਕ ਪੇਸ਼ੇਵਰ ਕੰਮ ਨਹੀਂ ਸੀ, ਸਗੋਂ ਇਹ ਸੁਪਨੇ ਦੇ ਸਾਕਾਰ ਹੋਣ ਵਰਗਾ ਅਨੁਭਵ ਸੀ, ਜਿਸ ਨੂੰ ਉਹ ਆਪਣੀ ਪੂਰੀ ਸੰਗੀਤਕ ਜ਼ਿੰਦਗੀ ਦੌਰਾਨ ਇੱਕ ਅਨਮੋਲ ਯਾਦ ਵਜੋਂ ਸੰਭਾਲ ਕੇ ਰੱਖਣਗੇ। ਇਸ ਮੌਕੇ ਨੇ ਉਨ੍ਹਾਂ ਦੇ ਆਤਮਵਿਸ਼ਵਾਸ ਨੂੰ ਹੋਰ ਮਜ਼ਬੂਤ ਕੀਤਾ ਹੈ ਅਤੇ ਪਲੇਬੈਕ ਸਿੰਗਿੰਗ ਦੇ ਖੇਤਰ ਵਿੱਚ ਅੱਗੇ ਵਧਣ ਦੇ ਉਨ੍ਹਾਂ ਦੇ ਜਜ਼ਬੇ ਅਤੇ ਇਰਾਦੇ ਨੂੰ ਨਵੀਂ ਤਾਕਤ ਦਿੱਤੀ ਹੈ। ਇੰਦਰ ਪ੍ਰੀਤ ਕੌਰ ਦੀ ਇਹ ਪ੍ਰਾਪਤੀ ਉਨ੍ਹਾਂ ਦੇ ਪਰਿਵਾਰ ਦੇ ਨਾਲ-ਨਾਲ ਪਟਿਆਲਾ ਦੀ ਅਮੀਰ ਸੰਗੀਤਕ ਵਿਰਾਸਤ ਅਤੇ ਸਮੂਹ ਸੰਗੀਤ ਪ੍ਰੇਮੀਆਂ ਲਈ ਵੀ ਮਾਣ ਵਾਲੀ ਗੱਲ ਹੈ। ਹੁਣ ਸੰਗੀਤ ਪ੍ਰੇਮੀਆਂ ਨੂੰ 14 ਅਗਸਤ 2026 ਦਾ ਬੇਸਬਰੀ ਨਾਲ ਇੰਤਜ਼ਾਰ ਹੈ, ਜਦੋਂ ਇੰਦਰ ਪ੍ਰੀਤ ਕੌਰ ਦਾ ਨਵਾਂ ਗੀਤ ਵੱਖ-ਵੱਖ ਡਿਜੀਟਲ ਪਲੇਟਫਾਰਮਾਂ 'ਤੇ ਰਿਲੀਜ਼ ਹੋਵੇਗਾ।

# ਮੈਰਿਜ ਪੈਲੇਸਾਂ ਵਿੱਚ ਲਾਇਸੰਸੀ ਅਸਲਾ ਲੈ ਕੇ ਆਉਣ ਤੇ ਮੁਕੰਮਲ ਰੋਕ-ਜ਼ਿਲ੍ਹਾ ਮੈਜਿਸਟ੍ਰੇਟ

ਮਾਨਸਾ, 12 ਅਗਸਤ : (ਬਲਜੀਤਪਾਲ)-ਜ਼ਿਲ੍ਹਾ ਮੈਜਿਸਟ੍ਰੇਟ ਸ਼੍ਰੀਮਤੀ ਨਵਜੋਤ ਕੌਰ ਆਈ.ਏ.ਐਸ. ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਮਾਨਸਾ ਵਿੱਚ ਮੈਰਿਜ ਪੈਲੇਸਾਂ ਵਿੱਚ ਲਾਇਸੰਸੀ ਅਸਲਾ ਲੈ ਕੇ ਆਉਣ ਤੇ ਮੁਕੰਮਲ ਤੌਰ ਤੇ ਪਾਬੰਦੀ ਲਗਾਈ ਹੈ। ਹੁਕਮ ਵਿੱਚ ਉਨ੍ਹਾਂ ਕਿਹਾ ਕਿ ਵਿਆਹ ਸ਼ਾਦੀਆਂ ਮੌਕੇ ਮੈਰਿਜ ਪੈਲੇਸਾਂ ਵਿੱਚ ਕੁਝ ਲੋਕ ਆਪਣਾ ਲਾਇਸੰਸੀ ਅਸਲਾ ਨਾਲ ਲੈ ਕੇ ਜਾਂਦੇ ਹਨ ਅਤੇ ਸਮਾਗਮਾਂ ਵਿੱਚ ਸ਼ਰਾਬ ਆਦਿ ਪੀ ਕੇ ਲੋਕ ਦੂਸਰੇ ਵਿਅਕਤੀ ਤੋਂ ਹਥਿਆਰ ਖੋਹ ਕੇ ਸਟੇਜ ਉਪਰ ਭੰਗੜਾ ਪਾਉਂਦੇ ਸਮੇਂ ਫਾਇਰ ਕਰਦੇ ਹਨ ਜੋ ਪੈਲੇਸ ਵਿੱਚ ਮੌਜੂਦ ਲੋਕਾਂ ਦੀ ਜਾਨ ਦਾ ਖਤਰਾ ਬਣ ਜਾਂਦੇ ਹਨ, ਅਜਿਹੀਆਂ ਘਟਨਾਵਾਂ ਵਿੱਚ ਕਈ ਲੋਕ ਆਪਣੀ ਜਾਨ ਗੁਆ ਚੁੱਕੇ ਹਨ। ਵਰਣਨਯੋਗ ਹੈ ਕਿ ਮੈਰਿਜ ਪੈਲੇਸਾਂ ਵਿੱਚ ਅਸਲਾ ਨਾ ਲੈ ਕੇ ਆਉਣ ਸਬੰਧੀ ਬੋਰਡ ਤਾਂ ਲਿਖੇ ਹੁੰਦੇ ਹਨ ਪਰ ਇਨ੍ਹਾਂ ਬੋਰਡਾਂ ਤੇ ਕਿਸੇ ਵੱਲੋਂ ਕੋਈ ਅਮਲ ਨਹੀਂ ਕੀਤਾ ਜਾਂਦਾ।

# ਡਾਇਟ ਫਿਰੋਜ਼ਪੁਰ ਵਿਖੇ ਕੌਮੀ ਯੁਵਾ ਦਿਵਸ ਮੌਕੇ ਵਿਦਿਆਰਥੀਆਂ ਨੇ ਦਿਖਾਈ ਰਚਨਾਤਮਕ ਪ੍ਰਤਿਭਾ



ਫਿਰੋਜ਼ਪੁਰ, 12 ਅਗਸਤ (ਪ੍ਰੇਮ ਨਾਥ ਸ਼ਰਮਾ): ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ (ਡਾਇਟ), ਫਿਰੋਜ਼ਪੁਰ ਵਿਖੇ ਕੌਮੀ ਯੁਵਾ ਦਿਵਸ ਉਤਸ਼ਾਹ ਅਤੇ ਉਮੰਗ ਨਾਲ ਮਨਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੂੰ ਨੌਜਵਾਨੀ ਦੀ ਤਾਕਤ, ਰਚਨਾਤਮਕਤਾ, ਅਨੁਸ਼ਾਸਨ ਅਤੇ ਰਾਸ਼ਟਰ ਨਿਰਮਾਣ ਨਾਲ ਜੋੜਨ ਲਈ ਵਿਸ਼ੇਸ਼ ਗਤੀਵਿਧੀਆਂ ਕਰਵਾਈਆਂ ਗਈਆਂ। ਸਮਾਗਮ ਨੂੰ ਸੰਬੋਧਨ ਕਰਦਿਆਂ ਡਾਇਟ ਦੀ ਪ੍ਰਿੰਸੀਪਲ ਸੀਮਾ, ਪ੍ਰੋਗਰਾਮ ਇੰਚਾਰਜ਼ ਗੌਰਵ ਮੁੰਜਾਲ ਅਤੇ ਜ਼ਿਲ੍ਹਾ ਟਰੇਨਿੰਗ ਕੋਆਰਡੀਨੇਟਰ ਕਮਲ ਸ਼ਰਮਾ ਨੇ ਕਿਹਾ ਕਿ ਨੌਜਵਾਨ ਦੇਸ਼ ਦੀ ਸਭ ਤੋਂ ਵੱਡੀ ਤਾਕਤ ਹਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਸਵਾਮੀ ਵਿਵੇਕਾਨੰਦ ਦੇ ਵਿਚਾਰਾਂ ਤੋਂ ਪ੍ਰੇਰਨਾ ਲੈ ਕੇ ਆਪਣੇ ਜੀਵਨ ਵਿਚ ਮਿਹਨਤ, ਅਨੁਸ਼ਾਸਨ, ਸੇਵਾ ਅਤੇ ਸਕਾਰਾਤਮਕ ਸੋਚ ਨੂੰ ਅਪਣਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪੋਸਟਰ ਮੁਕਾਬਲੇ ਵੀ ਕਰਵਾਏ ਗਏ, ਜਿਨ੍ਹਾਂ ਵਿਚ ਵਿਦਿਆਰਥੀਆਂ ਨੇ ਵੱਖ-ਵੱਖ ਸਮਾਜਿਕ ਅਤੇ ਰਾਸ਼ਟਰੀ ਮੁੱਦਿਆਂ ਨੂੰ ਆਪਣੀ ਕਲਾ ਰਾਹੀਂ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ। ਵਿਦਿਆਰਥੀਆਂ ਦੀ ਰਚਨਾਤਮਕਤਾ ਅਤੇ ਉਤਸ਼ਾਹ ਦੀ ਹਾਜ਼ਰੀਨ ਵੱਲੋਂ ਸ਼ਲਾਘਾ ਕੀਤੀ ਗਈ। ਸਮਾਗਮ ਨੂੰ ਸਫਲ ਬਣਾਉਣ ਵਿਚ ਡਾਇਟ ਫੈਕਲਟੀ ਆਰਤੀ ਸਚਦੇਵਾ, ਗਗਨਦੀਪ ਗੱਖੜ, ਪਰਮਜੀਤ ਕੌਰ, ਡਾ. ਹਰਿੰਦਰ ਸਿੰਘ, ਡਾ. ਸਰਬਸ਼ਕਤੀਮਾਨ ਸਿੰਘ, ਗੌਰਵ ਤ੍ਰਿਖਾ, ਡਾ. ਅਮਰਜੋਤੀ ਮਾਂਗਟ , ਰਾਜੀਵ ਜਿੰਦਲ ਅਤੇ ਆਕਾਸ਼ਵੀਰ ਨੇ ਅਹਿਮ ਯੋਗਦਾਨ ਪਾਇਆ।

# ਮਾਤਾ ਨੈਣਾ ਦੇਵੀ ਦੇ ਦਰਬਾਰ ਲਈ 49ਵਾਂ ਮੁ਼ਫਤ ਮੈਡੀਕਲ ਕੈਂਪ ਅਤੇ ਐਂਬੂਲੈਂਸ ਸੇਵਾ ਸਮਰਾਲਾ ਤੋਂ ਰਵਾਨਾ

## ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਸੇਵਾਦਾਰਾਂ ਨੂੰ ਸਰੋਪੇ ਪਾ ਕੇ ਕੀਤਾ ਸਨਮਾਨਿਤ



ਸਮਰਾਲਾ, 12 ਅਗਸਤ (ਮਹਿੰਦਰ ਸਿੰਘ): ਸਮਰਾਲਾ ਨਰਾਤਿਆਂ ਦੇ ਪਾਵਨ ਮੌਕੇ 'ਤੇ ਮਾਤਾ ਨੈਣਾ ਦੇਵੀ ਦੇ ਦਰਬਾਰ, ਹਿਮਾਚਲ ਪ੍ਰਦੇਸ਼ ਵਿਖੇ ਲਗਾਏ ਜਾ ਰਹੇ 49ਵੇਂ ਮੁ਼ਫਤ ਮੈਡੀਕਲ ਕੈਂਪ ਅਤੇ ਮੁ਼ਫਤ ਐਂਬੂਲੈਂਸ ਸੇਵਾ ਨੂੰ ਅੱਜ ਸਮਰਾਲਾ ਦੀ ਪੁਰਾਣੀ ਸਬਜ਼ੀ ਮੰਡੀ ਤੋਂ ਰਵਾਨਾ ਕੀਤਾ ਗਿਆ। ਇਹ ਮੈਡੀਕਲ ਕੈਂਪ 13 ਅਗਸਤ ਤੋਂ 24 ਅਗਸਤ ਤੱਕ ਚੱਲੇਗਾ। ਇਸ ਮੌਕੇ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਵਿਸ਼ੇਸ਼ ਤੌਰ 'ਤੇ ਪਹੁੰਚੇ ਅਤੇ ਮਾਂ ਨੈਣਾ ਦੇਵੀ ਸੇਵਾ ਸੰਸਥਾ ਸੁਸਾਇਟੀ ਰਜਿ. ਦੇ ਸੇਵਾਦਾਰਾਂ ਨੂੰ ਸਰੋਪੇ ਪਾ ਕੇ ਸਨਮਾਨਿਤ ਕੀਤਾ। ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਸੇਵਾਦਾਰਾਂ ਨੂੰ 49ਵੇਂ ਮੈਡੀਕਲ ਕੈਂਪ ਦੀਆਂ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਸਮਰਾਲਾ ਦੇ ਨੌਜਵਾਨ ਹਰ ਸਾਲ ਨਰਾਤਿਆਂ ਦੇ ਪਾਵਨ ਮੌਕੇ ਮਾਤਾ ਨੈਣਾ ਦੇਵੀ ਦੇ ਦਰਬਾਰ ਵਿਖੇ ਮੈਡੀਕਲ ਕੈਂਪ ਲਗਾ ਕੇ ਸ਼ਰਧਾਲੂਆਂ ਦੀ ਸੇਵਾ ਕਰਦੇ ਹਨ। ਉਨ੍ਹਾਂ ਕਿਹਾ ਕਿ ਇਹ ਉਪਰਾਲਾ ਧਾਰਮਿਕ ਸ਼ਰਧਾ ਦੇ ਨਾਲ-ਨਾਲ ਮਨੁੱਖਤਾ ਦੀ ਸੇਵਾ ਦੀ ਵੀ ਇੱਕ ਵੱਡੀ ਮਿਸਾਲ ਹੈ। ਉਨ੍ਹਾਂ ਦੱਸਿਆ ਕਿ ਇਸ 49ਵੇਂ ਮੁ਼ਫਤ ਮੈਡੀਕਲ ਕੈਂਪ ਵਿੱਚ ਪੰਜਾਬ ਤੋਂ ਲਗਭਗ 40 ਡਾਕਟਰ ਦਿਨ-ਰਾਤ 24 ਘੰਟੇ ਸ਼ਰਧਾਲੂਆਂ ਦੀ ਸੇਵਾ ਲਈ ਹਾਜ਼ਰ ਰਹਿੰਦੇ ਹਨ। ਕੈਂਪ ਵਿੱਚ ਸ਼ਰਧਾਲੂਆਂ ਨੂੰ ਮੈਡੀਕਲ ਜਾਂਚ, ਦਵਾਈਆਂ ਅਤੇ ਹੋਰ ਲੋੜੀਂਦੀਆਂ ਸਿਹਤ ਸਹੂਲਤਾਂ ਮੁ਼ਫਤ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਵਿਧਾਇਕ ਨੇ ਦੱਸਿਆ ਕਿ ਜੇਕਰ ਕੋਈ ਸ਼ਰਧਾਲੂ ਜ਼ਿਆਦਾ ਬਿਮਾਰ ਹੋ ਜਾਂਦਾ ਹੈ ਤਾਂ ਉਸ ਨੂੰ ਤੁਰੰਤ ਨੇੜਲੇ ਹਸਪਤਾਲ ਤੱਕ ਪਹੁੰਚਾਉਣ ਲਈ ਮੁ਼ਫਤ ਐਂਬੂਲੈਂਸ ਸੇਵਾ ਵੀ ਉਪਲਬਧ ਕਰਵਾਈ ਜਾਂਦੀ ਹੈ। ਸਮਰਾਲਾ ਦੇ ਨੌਜਵਾਨ ਸਤੀਸ਼ ਕੁਮਾਰ ਵੱਲੋਂ ਇਹ ਐਂਬੂਲੈਂਸ ਸੇਵਾ ਪਿਛਲੇ 14 ਸਾਲਾਂ ਤੋਂ ਨਿਰੰਤਰ ਨਿਭਾਈ ਜਾ ਰਹੀ ਹੈ। ਇਸ ਮੌਕੇ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਨੇ ਸਾਰੇ ਸੇਵਾਦਾਰਾਂ ਨੂੰ ਸਰੋਪੇ ਭੇਟ ਕਰਕੇ ਸਨਮਾਨਿਤ ਕੀਤਾ ਅਤੇ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਇਆ। ਇਸ ਉਪਰੰਤ ਐਂਬੂਲੈਂਸ ਅਤੇ ਸੇਵਾਦਾਰਾਂ ਦੀਆਂ ਗੱਡੀਆਂ ਨੂੰ ਫੁੱਲਾਂ ਦੀ ਵਰਖਾ ਕਰਦਿਆਂ ਮਾਤਾ ਨੈਣਾ ਦੇਵੀ ਦੇ ਦਰਬਾਰ ਲਈ ਰਵਾਨਾ ਕੀਤਾ ਗਿਆ। ਸੇਵਾਦਾਰਾਂ ਨੇ ਕਿਹਾ ਕਿ ਮਾਤਾ ਨੈਣਾ ਦੇਵੀ ਦੇ ਦਰਬਾਰ ਵਿੱਚ ਆਉਣ ਵਾਲੇ ਸ਼ਰਧਾਲੂਆਂ ਦੀ ਨਿਸ਼ਕਾਮ ਸੇਵਾ ਕਰਨਾ ਉਨ੍ਹਾਂ ਲਈ ਖੁਸ਼ਕਿਸਮਤੀ ਦੀ ਗੱਲ ਹੈ।




# ਪੈਨਸ਼ਨਰ ਐਸੋਸੀਏਸ਼ਨ ਪਾਵਰਕਾਮ ਡਵੀਜ਼ਨ ਸ੍ਰੀ ਮੁਕਤਸਰ ਸਾਹਿਬ ਨੇ ਸਾਂਝੇ ਫਰੰਟ ਪੰਜਾਬ ਵਲੋਂ 27 ਨੂੰ ਪੰਜਾਬ 'ਚ ਹੜਤਾਲ ਦੇ ਸਦੇ ਨੂੰ ਕਾਮਯਾਬ ਕਰਨ ਲਈ ਭਰਵੀ ਸ਼ਮੂਲੀਅਤ ਕਰੇਗੀ

ਜਨ ਜਾਗਰਣ ਬਿਊਰੋ



**ਸ੍ਰੀ ਮੁਕਤਸਰ ਸਾਹਿਬ (ਅਨਮੋਲ ਸਿੰਘ ਵੜਿੰਗ):** ਪੈਨਸ਼ਨਰ ਐਸੋਸੀਏਸ਼ਨ ਪਾਵਰਕੌਮ ਡਵੀਜ਼ਨ ਮੁਕਤਸਰ ਸਾਹਿਬ ਦੀ ਜਨਰਲ ਮੀਟਿੰਗ ਪ੍ਰਧਾਨ ਜੋਗਿੰਦਰ ਸਿੰਘ ਮੱਲਣ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੀ ਕਾਰਵਾਈ ਪ੍ਰੈਸ ਨੂੰ ਜਾਰੀ ਕਰਦਿਆ ਪ੍ਰੈਸ ਸਕੱਤਰ ਵਿਜੈ ਕੁਮਾਰ ਸੋਈ ਅਤੇ ਸਕੱਤਰ ਅਮਰਜੀਤ ਪਾਲ ਸ਼ਰਮਾ ਨੇ ਦੱਸਿਆ ਕਿ ਸਭ ਤੋਂ ਪਹਿਲਾ ਵਿਛੜ ਗਏ ਪੈਨਸ਼ਨਰ ਸਾਥੀਆ ਅਤੇ ਪਰਿਵਾਰਕ ਰਿਸ਼ਤੇਦਾਰਾ ਨੂੰ ਦੋ ਮਿੰਟ ਦਾ ਮੋਨ ਧਾਰਕੇ ਸ਼ਰਧਾਜਲੀ ਭੇਟ ਕੀਤੀ ਗਈ। ਇਸ ਉਪਰੰਤ ਸੀਨੀਅਰ ਕਾਰਜਕਾਰੀ ਇੰਜੀਨੀਅਰ ਸਿਰੀ ਮੁਕਤਸਰ ਸਾਹਿਬ ਨਾਲ ਸਾਥੀਆ ਦੇ ਕੰਮ ਕਾਰਾ ਸਬੰਧੀ ਵਿਚਾਰ ਚਰਚਾ ਕੀਤੀ ਗਈ। ਆਗੂਆ ਨੇ ਪੰਜਾਬ ਸਰਕਾਰ ਵਲੋ ਮੁਲਾਜ਼ਮ ਅਤੇ ਪੈਨਸ਼ਨਰਾ ਦੇ ਮੰਗਾ ਸਬੰਧੀ ਧਾਰਨ ਕੀਤੇ ਹਠੀ ਰਵੱਈਏ ਦੀ ਨਿਖੇਧੀ ਕੀਤੀ ਗਈ । ਮੀਟਿੰਗ ਵਿੱਚ ਪਿਛਲੇ ਸੰਘਰਸ਼ਾ ਨੂੰ ਸੰਬੋਧਨ ਹੁੰਦਿਆ ਪ੍ਰਧਾਨ ਜੋਗਿੰਦਰ ਸਿੰਘ ਮੱਲਣ ਨੇ ਕਿਹਾ ਹੈ ਕਿ 7 ਅਗੱਸਤ ਨੂੰ ਸਾਝੇ ਫਰੰਟ ਵਲੋ ਚੰਡੀਗੜ੍ਹ ਵਿਚ ਦਿਤੇ ਧਰਨੇ-ਪ੍ਰਦਰਸ਼ਨ ਨੇ ਸਰਕਾਰ ਦੀ ਨੀਂਦ ਉਡਾ ਦਿੱਤੀ ਹੈ ਭਾਵੇ ਸਰਕਾਰ ਨੇ ਜਬਰ ਦਾ ਸਹਾਰਾ ਲਿਆ ਹੈ ਪਰ ਪੰਜਾਬ ਸਰਕਾਰ ਅੰਦਰੋ ਡਰੀ ਹੋਈ ਹੈ। ਇਸ ਤਹਿਤ 27,08,26 ਨੂੰ ਗਲਬਾਤ ਦਾ ਸੱਦਾ ਦਿਤਾ ਹੈ। ਪਰ ਪੰਜਾਬ ਦੇ ਖਜਾਨਾ ਮੰਤਰੀ ਹਰਪਾਲ ਸਿੰਘ ਚੀਮਾ ਦੀ ਕਾਨਫਰੰਸ ਦਸਦੀ ਹੈ ਕਿ ਸਰਕਾਰ ਦੀ ਨੀਅਤ ਵਿਚ ਖੋਟ ਹੈ ਸਰਕਾਰ ਡੀ ਏ,ਸਬੰਧੀ ਹਾਈਕੋਰਟ ਦਾ ਫੈਸਲਾ ਮੰਨਣ ਲਈ ਤਿਆਰ ਨਹੀ ਹੈ। ਸਗੋ ਟਾਈਮ ਪਾਸ ਕਰ ਰਹੀ ਹੈ ਜਿਸ ਸਬੰਧੀ ਸਾਝੇ ਫਰੰਟ ਨੇ 27,08,26 ਨੂੰ ਪੰਜਾਬ ਜਾਮ ਕਰਨ ਦਾ ਸਦਾ ਦਿਤਾ ਹੈ। ਜਿਸ ਵਿੱਚ ਡਵੀਜ਼ਨ ਮੁਕਤਸਰ ਸਾਹਿਬ ਭਰਵੀ ਸਮੂਲੀਅਤ ਕਰੇਗੀ ਆਗੂਆ ਨੇ ਦਸਿਆ ਹੈ ਕਿ ਪੈਨਸ਼ਨਰਾ ਦੀਆ ਲੰਮੇ ਸਮੇ ਤੋ ਲਟਕ ਰਹੀਆ ਮੰਗਾਂ ਜਿਵੇਂ 18% ਡੀ,ਏ ਸਮੇਤ ਏਰੀਅਰ, 23 ਸਾਲਾ ਸਕੇਲ,2,59 ਦਾ ਫਾਰਮੂਲਾ ਇਕਸਾਰ ਲਾਗੂ ਕਰਨਾ,ਮੈਡੀਕਲ ਕੈਸਲਿਸ ਸਕੀਮ ਚਾਲੂ ਕਰਨਾ,ਕਚੇ ਕਾਮਿਆ ਨੂੰ ਪੱਕੇ ਕਰਨ ,ਠੇਕੇਦਾਰੀ ਸਿਸਟਮ ਬੰਦ ਕਰਨ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ, ਬਿਜਲੀ ਰਿਆਇਤ ਦੇਣ ਆਦਿ ਮੰਗਾ ਨੂੰ ਸਰਕਾਰ ਲਮਕਾ ਰਹੀ ਹੈ। ਆਗੂਆ ਨੇ ਕਿਹਾ ਕਿ ਜੇਕਰ ਸਰਕਾਰ ਨੇ ਪੈਨਸ਼ਨਰਾ ਨਾਲ ਮਤਰੇਈ ਮਾ ਵਾਲਾ ਸਲੂਕ ਛੱਡਕੇ ਮਸਲੇ ਹੱਲ ਨਾ ਕੀਤੇ ਤਾ ਸੰਘਰਸ਼ ਨੂੰ ਹੋਰ ਵਿਸ਼ਾਲ ਕੀਤਾ ਜਾਵੇਗਾ ਅਤੇ ਸਰਕਾਰ ਨੂੰ 2027 ਦੀਆ ਚੋਣਾ ਵਿੱਚ ਮੁਲਾਜ਼ਮਾ ਅਤੇ ਪੈਨਸ਼ਨਰਾ ਦੇ ਰੋਹ ਦਾ ਸਾਹਮਣਾ ਕਰਨਾ ਪਵੇਗਾ ਅਜ ਦੀ ਮੀਟਿੰਗ ਨੂੰ ਜੋਗਿੰਦਰ ਸਿੰਘ ਮੱਲਣ, ਅਮਰਜੀਤ ਪਾਲ ਸ਼ਰਮਾ,ਜਰਨੈਲ ਸਿੰਘ, ਜੰਗੀਰ ਸਿੰਘ, ਮੇਜਰ ਸਿੰਘ, ਬਲਜੀਤ ਸਿੰਘ ਬਰਾੜ, ਸੁਰਿੰਦਰ ਸਿੰਘ ਅਗੂਆ ਨੇ ਸੰਬੋਧਨ ਕੀਤਾ ਅਤੇ ਵੱਡੀ ਗਿਣਤੀ ਵਿੱਚ ਪੈਨਸ਼ਨਰ ਸਾਥੀਆ ਅਤੇ ਪਰਿਵਾਰਕ ਪੈਨਸ਼ਨਰ ਭੈਣਾ ਨੇ ਸਮੂਲੀਅਤ ਕੀਤੀ ।

# ਅਗਨੀਵੀਰ ਆਰਮੀ ਭਰਤੀ ਸਬੰਧੀ ਪ੍ਰਾਰਥੀਆਂ ਲਈ ਮੁਫ਼ਤ ਕੋਚਿੰਗ ਕੈਂਪ

## ਸਰੀਰਿਕ ਟੈਸਟ ਦੀ ਤਿਆਰੀ ਦੀ ਵਿਸ਼ੇਸ਼ ਸਿਖਲਾਈ 17 ਤੋਂ ਸ਼ੁਰੂ

ਜਨ ਜਾਗਰਣ ਬਿਊਰੋ



**ਮੋਗਾ (ਲਛਮਣ ਜੀਤ ਸਿੰਘ ਪੁਰਬਾ):** ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਵਿਭਾਗ, ਪੰਜਾਬ ਵੱਲੋਂ ਨੌਜਵਾਨਾਂ ਨੂੰ ਰੁਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਤਹਿਤ ਵਿਭਾਗ ਵੱਲੋਂ ਨੌਜਵਾਨਾਂ ਨੂੰ ਪੰਜਾਬ ਪੁਲਿਸ ਅਤੇ ਭਾਰਤੀ ਫੌਜ ਵਿੱਚ ਭਰਤੀ ਹੋਣ ਲਈ ਵਿਸ਼ੇਸ਼ ਸਿਖਲਾਈ ਮੁਹੱਈਆ ਕਰਵਾਈ ਜਾ ਰਹੀ ਹੈ। ਇਸ ਸਬੰਧੀ ਸੀ-ਪਾਈਟ ਕੈਂਪ ਸਥਾਪਿਤ ਕੀਤੇ ਗਏ ਹਨ, ਜਿੱਥੇ ਨੌਜਵਾਨਾਂ ਨੂੰ ਮੁਫ਼ਤ ਸਿਖਲਾਈ ਦੇ ਕੇ ਫਿਜ਼ੀਕਲ ਟੈਸਟ ਦੀ ਤਿਆਰੀ ਕਰਵਾਈ ਜਾਂਦੀ ਹੈ। ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਅਫ਼ਸਰ, ਮੋਗਾ ਜਸਵਿੰਦਰ ਸਿੰਘ ਨੇ ਦੱਸਿਆ ਕਿ ਭਾਰਤੀ ਫੌਜ ਵੱਲੋਂ ਅਗਨੀਵੀਰ ਆਰਮੀ ਭਰਤੀ ਜੂਨ 2026 ਦੇ ਆਗਾਮੀ ਰਾਊਂਡ ਵਿੱਚ ਲਿਖਤੀ ਪ੍ਰੀਖਿਆ ਲਈ ਗਈ ਸੀ, ਜਿਸ ਦਾ ਨਤੀਜਾ ਐਲਾਨਿਆ ਜਾ ਚੁੱਕਾ ਹੈ। ਜਿਹੜੇ ਪ੍ਰਾਰਥੀ ਲਿਖਤੀ ਪ੍ਰੀਖਿਆ ਵਿੱਚ ਪਾਸ ਹੋ ਗਏ ਹਨ, ਉਹ ਫਿਜ਼ੀਕਲ ਟੈਸਟ ਦੀ ਤਿਆਰੀ ਸੀ-ਪਾਈਟ ਕੈਂਪ ਰਾਹੀਂ ਮੁਫ਼ਤ ਕਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਮੋਗਾ ਜ਼ਿਲ੍ਹੇ ਦੇ ਨੌਜਵਾਨਾਂ ਲਈ ਫਿਜ਼ੀਕਲ ਟੈਸਟ ਦੀ ਤਿਆਰੀ ਸਬੰਧੀ ਵਿਸ਼ੇਸ਼ ਸਿਖਲਾਈ 17 ਅਗਸਤ 2026 ਤੋਂ ਸ਼ੁਰੂ ਕੀਤੀ ਜਾ ਰਹੀ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਅਗਨੀਵੀਰ ਆਰਮੀ ਭਰਤੀ ਦੀ ਅਗਲੀ ਮਿਤੀ 01 ਅਕਤੂਬਰ 2026 ਤੋਂ ਸ਼ੁਰੂ ਹੋਣ ਜਾ ਰਹੀ ਹੈ, ਜਿਸ ਨੂੰ ਧਿਆਨ ਵਿੱਚ ਰੱਖਦਿਆਂ ਚਾਹਵਾਨ ਪ੍ਰਾਰਥੀ ਇਸ ਮੁਫ਼ਤ ਸਿਖਲਾਈ ਦਾ ਵੱਧ ਤੋਂ ਵੱਧ ਲਾਭ ਲੈ ਸਕਦੇ ਹਨ। ਜਸਵਿੰਦਰ ਸਿੰਘ ਨੇ ਮੋਗਾ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਚਾਹਵਾਨ ਪ੍ਰਾਰਥੀ ਕੈਂਪ ਵਿੱਚ ਜਾਣ ਸਮੇਂ ਆਪਣੀ ਆਨਲਾਈਨ ਰਜਿਸਟਰੇਸ਼ਨ ਦੀ ਕਾਪੀ, ਦਸਵੀਂ ਦਾ ਸਰਟੀਫਿਕੇਟ, ਪੰਜਾਬ ਰੈਜ਼ੀਡੈਂਸ ਸਰਟੀਫਿਕੇਟ, ਜਾਤੀ ਸਰਟੀਫਿਕੇਟ, ਆਧਾਰ ਕਾਰਡ, ਬੈਂਕ ਖਾਤੇ ਦੀ ਕਾਪੀ ਅਤੇ ਪਾਸਪੋਰਟ ਸਾਈਜ਼ ਫੋਟੋ ਨਾਲ ਲੈ ਕੇ ਆਉਣ। ਉਨ੍ਹਾਂ ਕਿਹਾ ਕਿ ਸੀ-ਪਾਈਟ ਕੈਂਪ ਵੱਲੋਂ ਟੈਸਟ ਦੀ ਤਿਆਰੀ, ਖਾਣਾ ਅਤੇ ਰਹਿਣ-ਸਹਿਣ ਦੀਆਂ ਸੁਵਿਧਾਵਾਂ ਮੁਫ਼ਤ ਮੁਹੱਈਆ ਕਰਵਾਈਆਂ ਜਾਂਦੀਆਂ ਹਨ। ਵਧੇਰੇ ਜਾਣਕਾਰੀ ਲਈ ਨੌਜਵਾਨ ਜ਼ਿਲ੍ਹਾ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਦਫ਼ਤਰ, ਮੋਗਾ ਨਾਲ ਸੰਪਰਕ ਕਰ ਸਕਦੇ ਹਨ।

## ਸੰਖੇਪ ਖਬਰਾਂ

### ਭਾਈ ਗੁਰਮੀਤ ਸਿੰਘ ਬੁੱਕਣਵਾਲਾ ਨੇ ਮੋਗਾ ਹਲਕੇ ਤੋਂ ਵਿਧਾਨ ਸਭ ਚੋਣ ਲੜਨ, ਮੈਨੂੰ ਕੋਈ ਇਤਰਾਜ ਨਹੀਂ : ਭਾਈ ਰਛਪਾਲ ਸਿੰਘ ਸੋਸਨ



**ਮੋਗਾ (ਲਛਮਣ ਜੀਤ ਸਿੰਘ ਪੁਰਬਾ):** ਭਾਈ ਰਛਪਾਲ ਸਿੰਘ ਸੋਸਨ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਜਿਵੇਂ ਆਪ ਜੀ ਨੂੰ ਪਤਾ ਹੀ ਹੈ ਕਿ ਭਾਈ ਗੁਰਮੀਤ ਸਿੰਘ ਬੁੱਕਣਵਾਲਾ ਨੇ ਮੋਗਾ ਹਲਕੇ ਤੋਂ ਵਿਧਾਨ ਸਭ ਚੋਣ ਲੜਨ ਦੀ ਇੱਛਾ ਜਤਾਈ ਸੀ। ਭਾਵੇਂ ਕਿ ਭਾਈ ਗੁਰਮੀਤ ਸਿੰਘ ਬੁੱਕਣਵਾਲਾ ਤੋਂ ਪੁੱਛਣ ਤੋਂ ਬਾਅਦ ਮੈਨੂੰ ਹਲਕਾ ਇੰਚਾਰਜ ਲਾ ਕੇ ਚੋਣ ਲੜਨ ਲਈ ਮੈਦਾਨ ਵਿੱਚ ਉਤਾਰਿਆ ਗਿਆ ਸੀ ਪਰ ਮੈਂ ਆਪਣੇ ਛੋਟੇ ਭਰਾ ਦਾ ਮਾਣ ਰੱਖਦੇ ਹੋਏ ਤੇ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦਾ ਹੁਕਮ ਮੰਨਦੇ ਹੋਏ ਮੋਗਾ ਸੀਟ ਭਾਈ ਗੁਰਮੀਤ ਸਿੰਘ ਬੁੱਕਣਵਾਲਾ ਲਈ ਛੱਡ ਰਿਹਾ ਹਾਂ। ਇਸ ਸਬੰਧੀ ਕੱਲ੍ਹ 13 ਅਗਸਤ 2026 ਨੂੰ ਪਾਰਟੀ ਦੇ ਮੁੱਖ ਚੋਣ ਦਫ਼ਤਰ ਮਹਿਣਾ (ਨੇੜੇ ਗੁਰੂਕੁਲ ਸਕੂਲ) ਵਿਖੇ ਦੁਪਹਿਰ 12 ਵਜੇ ਮੀਟਿੰਗ ਰੱਖੀ ਗਈ ਹੈ, ਜਿਥੇ ਆਪਾਂ ਸਾਰਿਆਂ ਨੇ ਆਪਣੇ ਭਰਾ ਭਾਈ ਗੁਰਮੀਤ ਸਿੰਘ ਬੁੱਕਣਵਾਲਾ ਦੀ ਹਮਾਇਤ ਕਰਨੀ ਹੈ, ਵੱਧ ਤੋਂ ਵੱਧ ਸੰਗਤ ਪਹੁੰਚਣ ਦੀ ਕਿਰਪਾਲਤਾ ਕਰੇ।

### ਡੀਏਵੀ ਸਕੂਲ ਰੂਪਨਗਰ, ਦੀ ਗੁਰਲੀਨ ਕੌਰ ਨੇ ਨੈਸ਼ਨਲ ਖੇਡਾਂ ਵਿਚ ਜਿੱਤਿਆ ਤਗਮਾ



**ਰੂਪਨਗਰ (ਬਹਾਦਰਜੀਤ ਸਿੰਘ):** ਇੰਡੀਅਨ ਕੈਕਿੰਗ ਅਤੇ ਕਨੋਇੰਗ ਐਸੋਸੀਏਸ਼ਨ ਵੱਲੋਂ ਕਰਵਾਏ ਗਏ ਅਸਮੀਤਾ ਨੈਸ਼ਨਲ ਚੈਂਪੀਅਨਸ਼ਿਪ ਵਿੱਚ ਡੀਏਵੀ ਸਕੂਲ ਦੀ ਵਿਦਿਆਰਥਣ ਗੁਰਲੀਨ ਕੌਰ ਨੇ ਭਾਗ ਲੈਂਦੇ ਹੋਏ ਕੈਕਿੰਗ ਅਤੇ ਕਨੋਇੰਗ ਵਿੱਚ ਸਿਲਵਰ ਮੈਡਲ ਪ੍ਰਾਪਤ ਕੀਤਾ। ਪ੍ਰਿੰਸੀਪਲ ਸੰਗੀਤਾ ਰਾਣੀ ਨੇ ਦੱਸਿਆ ਕਿ ਇਹ ਖੇਡਾਂ ਮੱਧ ਪ੍ਰਦੇਸ਼ ਭੋਪਾਲ ਵਿਖੇ ਹੋਈਆਂ ਵਿਦਿਆਰਥਣ ਨੇ ਸੀ-4 ,1000 ਮੀਟਰ ਈਵੈਂਟ ਵਿੱਚ ਭਾਗ ਲੈਂਦੇ ਹੋਏ ਇਹ ਮੁਕਾਮ ਹਾਸਲ ਕੀਤਾ, ਸਕੂਲ ਵਿਖੇ ਵਿਸ਼ੇਸ਼ ਤੌਰ ਤੇ ਪਹੁੰਚੇ ਮੈਨੇਜਿੰਗ ਕਮੇਟੀ ਦੇ ਉਪ ਚੇਅਰਮੈਨ ਯੋਗੇਸ਼ ਮੋਹਨ ਪੰਕਜ ਨੇ ਵਿਦਿਆਰਥਣ ਅਤੇ ਉਸ ਦੀ ਮਾਤਾ ਪਿਤਾ ਨੂੰ ਮੁਬਾਰਕ ਹੋਏ ਮੈਡਲ ਅਤੇ ਗੁਲਦਸਤਾ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਅਸ਼ਵਨੀ ਸ਼ਰਮਾ, ਬਰਿੰਦਰ ਸਿੰਘ ਅਤੇ ਸਕੂਲ ਦੇ ਡੀਪੀਈ ਰਵੀ ਇੰਦਰ ਸਿੰਘ ਹਾਜ਼ਰ ਸਨ।

### ਆਂਗਨਵਾੜੀ ਕੇਂਦਰਾਂ 'ਚ ਮਨਾਇਆ ਨੈਸ਼ਨਲ ਡੀ-ਵਾਰਮਿੰਗ ਡੇ



**ਫਿਰੋਜ਼ਪੁਰ (ਪ੍ਰੇਮ ਨਾਥ ਸ਼ਰਮਾ):** ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਬੱਚਿਆਂ ਦੀ ਸਿਹਤ, ਪੋਸ਼ਣ ਵਿਕਾਸ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਜ਼ਿਲ੍ਹਾ ਫਿਰੋਜ਼ਪੁਰ ਦੇ ਅਧੀਨ ਆਉਂਦੇ ਸਾਰੇ ਆਂਗਨਵਾੜੀ ਕੇਂਦਰਾਂ ਵਿਚ ਨੈਸ਼ਨਲ ਡੀ-ਵਾਰਮਿੰਗ ਡੇ ਮਨਾਇਆ ਗਿਆ। ਇਸ ਮੌਕੇ ਆਂਗਨਵਾੜੀ ਕੇਂਦਰਾਂ ਵਿਚ ਬੱਚਿਆਂ ਨੂੰ ਪੇਟ ਦੇ ਕੀੜੇ (ਡੀ ਵਾਰਮਿੰਗ ) ਦੀ ਦਵਾਈ ਦਿੱਤੀ ਗਈ ਅਤੇ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਪੇਟ ਦੇ ਕੀੜਿਆਂ ਕਾਰਨ ਹੋਣ ਵਾਲੀਆਂ ਸਿਹਤ ਸਮੱਸਿਆਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਅਤੇ ਸਿਹਤ, ਪੋਸ਼ਣ ਅਤੇ ਨਿੱਜੀ ਸਫਾਈ ਸਬੰਧੀ ਜਾਗਰੂਕ ਕੀਤਾ ਗਿਆ। ਬੱਚਿਆਂ ਨੂੰ ਖਾਣਾ ਖਾਣ ਤੋਂ ਪਹਿਲਾ ਅਤੇ ਪਖਾਨੇ ਦੀ ਵਰਤੋਂ ਤੋਂ ਬਾਅਦ ਸਾਬਣ ਨਾਲ ਹੱਥ ਧੋਣ, ਸਾਫ ਪਾਣੀ ਪੀਣ, ਨਹੂੰ ਛੋਟੇ ਰੱਖਣ ਅਤੇ ਆਲੇ ਦੁਆਲੇ ਦੀ ਸਾਫ ਸਫਾਈ ਰੱਖਣ ਲਈ ਪ੍ਰੇਰਿਤ ਕੀਤਾ ਗਿਆ। ਇਸ ਦੇ ਨਾਲ ਹੀ ਬੱਚਿਆ ਨੂੰ ਪੌਸ਼ਟਿਕ ਖੁਰਾਕ ਲੈਣ ਅਤੇ ਸਿਹਤਮੰਦ ਜੀਵਨ-ਸ਼ੈਲੀ ਅਪਣਾਉਣ ਸਬੰਧੀ ਵੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਗੁਰਜੀਤ ਕੌਰ ਨੇ ਦੱਸਿਆ ਕਿ ਡੀ-ਵਾਰਮਿੰਗ ਦਿਵਸ ਬੱਚਿਆ ਨੂੰ ਪੇਟ ਦੇ ਕੀੜਿਆਂ ਤੋਂ ਸੁਰੱਖਿਅਤ ਰੱਖਣ ਅਤੇ ਉਨ੍ਹਾਂ ਦੀ ਸਿਹਤ, ਪੋਸ਼ਣ ਤੇ ਮਾਨਸਿਕ ਵਿਕਾਸ ਨੂੰ ਯਕੀਨੀ ਬਣਾਉਣ ਲਈ ਇਕ ਬਹੁਤ ਹੀ ਮਹੱਤਵਪੂਰਨ ਮੁਹਿੰਮ ਹੈ।

# ਹਰ ਘਰ ਤਿਰੰਗਾ ਦੇ ਤਹਿਤ ਫਰੀਦਕੋਟ 'ਚ ਭਾਜਪਾ ਵਲੋਂ ਵਿਸ਼ਾਲ ਤਿਰੰਗਾ ਯਾਤਰਾ

## ਦੇਸ਼ ਭਗਤੀ ਦੇ ਰੰਗ 'ਚ ਰੰਗਿਆ ਸ਼ਹਿਰ, ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਕੀਤਾ ਯਾਦ

ਜਨ ਜਾਗਰਣ ਬਿਊਰੋ




**ਫਰੀਦਕੋਟ (ਕੁਮਾਰ):** ਆਜ਼ਾਦੀ ਦਿਹਾੜੇ ਦੇ ਸ਼ੁਭ ਅਵਸਰ ਨੂੰ ਮੁੱਖ ਰੱਖਦਿਆਂ ਪੂਰੇ ਦੇਸ਼ ਅੰਦਰ ਦੇਸ਼ ਭਗਤੀ ਦਾ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ। ਹਰ ਘਰ ਤਿਰੰਗਾ ਲੜੀ ਦੇ ਤਹਿਤ ਭਾਰਤੀ ਜਨਤਾ ਪਾਰਟੀ ਵੱਲੋਂ ਫਰੀਦਕੋਟ ਵਿਖੇ ਇੱਕ ਵਿਸ਼ਾਲ 'ਤਿਰੰਗਾ ਯਾਤਰਾ' ਦਾ ਆਯੋਜਨ ਕੀਤਾ ਗਿਆ। ਇਸ ਯਾਤਰਾ ਦੀ ਅਗਵਾਈ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਸੰਦੀਪ ਸਿੰਘ ਸੰਨੀ ਬਰਾੜ ਵੱਲੋਂ ਕੀਤੀ ਗਈ। ਇਸ ਪ੍ਰੋਗਰਾਮ ਵਿੱਚ ਵੱਡੀ ਗਿਣਤੀ ਵਿੱਚ ਪਾਰਟੀ ਵਰਕਰਾਂ, ਸਥਾਨਕ ਆਗੂਆਂ ਅਤੇ ਆਮ ਲੋਕਾਂ ਨੇ ਉਤਸ਼ਾਹ ਨਾਲ ਸ਼ਿਰਕਤ ਕੀਤੀ। ਖਾਸਕਰ ਸਕੂਲੀ ਬੱਚਿਆਂ ਨੇ ਇਸ ਤਿਰੰਗਾ ਯਾਤਰਾ ਸ਼ਹਿਰ ਦੇ ਇਤਿਹਾਸਕ ਘੰਟਾਘਰ ਚੌਂਕ ਤੋਂ ਸ਼ੁਰੂ ਹੋ ਕੇ ਸ਼ਹਿਰ ਦੇ ਮੁੱਖ ਬਾਜ਼ਾਰਾਂ ਅਤੇ ਚੌਂਕਾਂ ਵਿੱਚੋਂ ਹੁੰਦੀ ਹੋਈ ਲੰਘੀ। ਹੱਥਾਂ ਵਿੱਚ ਤਿਰੰਗਾ ਫੜੀ ਭਾਜਪਾ ਵਰਕਰਾਂ ਅਤੇ ਸ਼ਹਿਰ ਵਾਸੀਆਂ ਨੇ 'ਭਾਰਤ ਮਾਤਾ ਦੀ ਜੈ' ਦੇ ਜ਼ੋਰਦਾਰ ਨਾਅਰੇ ਲਗਾਏ, ਜਿਸ ਨਾਲ ਪੂਰਾ ਇਲਾਕਾ ਦੇਸ਼ ਭਗਤੀ ਦੇ ਰੰਗ ਵਿੱਚ ਰੰਗਿਆ ਗਿਆ। ਬਾਜ਼ਾਰਾਂ ਵਿੱਚ ਸਥਾਨਕ ਦੁਕਾਨਦਾਰਾਂ ਅਤੇ ਨਿਵਾਸੀਆਂ ਵੱਲੋਂ ਯਾਤਰਾ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਭਾਜਪਾ ਦੇ ਸੀਨੀਅਰ ਆਗੂ ਡਾ: ਸੰਜੀਵ ਗੋਇਲ ਨੇ ਸੰਬੋਧਨ ਕਰਦਿਆਂ ਆਜ਼ਾਦੀ ਸੰਗਰਾਮ ਦੇ ਇਤਿਹਾਸ ਨੂੰ ਯਾਦ ਕੀਤਾ। ਉਨ੍ਹਾਂ ਕਿਹਾ, '15 ਅਗਸਤ ਦੀ ਇਹ ਆਜ਼ਾਦੀ ਸਾਨੂੰ ਆਸਾਨੀ ਨਾਲ ਨਹੀਂ ਮਿਲੀ ਹੈ। ਇਸ ਆਜ਼ਾਦੀ ਦੀ ਕੀਮਤ ਸਾਡੇ ਪੁਰਖਿਆਂ, ਦੇਸ਼ ਭਗਤਾਂ ਅਤੇ ਹਜ਼ਾਰਾਂ-ਲੱਖਾਂ ਲੋਕਾਂ ਨੇ ਆਪਣੀਆਂ ਕੁਰਬਾਨੀਆਂ ਅਤੇ ਸ਼ਹਾਦਤਾਂ ਦੇ ਕੇ ਚੁਕਾਈ ਹੈ।' ਉਨ੍ਹਾਂ ਅੱਗੇ ਕਿਹਾ ਕਿ ਸਾਡਾ ਫਰਜ਼ ਬਣਦਾ ਹੈ ਕਿ ਅਸੀਂ ਆਪਣੇ ਸ਼ਹੀਦਾਂ ਦੀਆਂ ਕੁਰਬਾਨੀਆਂ ਨੂੰ ਹਮੇਸ਼ਾ ਯਾਦ ਰੱਖੀਏ ਅਤੇ ਦੇਸ਼ ਦੀ ਏਕਤਾ ਤੇ ਅਖੰਡਤਾ ਨੂੰ ਬਰਕਰਾਰ ਰੱਖਣ ਲਈ ਆਪਣਾ ਯੋਗਦਾਨ ਪਾਈਏ। ਜ਼ਿਲ੍ਹਾ ਪ੍ਰਧਾਨ ਸੰਨੀ ਬਰਾੜ ਨੇ ਆਏ ਹੋਏ ਸਭ ਲੋਕਾਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਅਜਿਹੇ ਪ੍ਰੋਗਰਾਮ ਨਵੀਂ ਪੀੜ੍ਹੀ ਅੰਦਰ ਦੇਸ਼ ਪ੍ਰੇਮ ਦੀ ਭਾਵਨਾ ਨੂੰ ਹੋਰ ਮਜ਼ਬੂਤ ਕਰਦੇ ਹਨ। ਇਸ ਤਿਰੰਗਾ ਯਾਤਰਾ ਚੋ ਗਗਨ ਸੁਖੀਜਾ ਗਗਨ ਸੇਠੀ ਸੁਮਿਤ ਸੁਖੀਜਾ ਸਮੇਤ ਭਾਜਪਾ ਲੀਡਰ ਅਤੇ ਵਰਕਰ ਸ਼ਾਮਿਲ ਹੋਏ।

# ਜ਼ਿਲ੍ਹਾ ਰੂਪਨਗਰ 'ਚ 60 ਰੋਜ਼ਾ ਵਿਸ਼ੇਸ਼ ਐਚ.ਆਈ.ਵੀ. ਜਾਗਰੂਕਤਾ ਮੁਹਿੰਮ ਦੀ ਸ਼ੁਰੂਆਤ



**ਰੂਪਨਗਰ (ਬਹਾਦਰਜੀਤ ਸਿੰਘ):** ਪੰਜਾਬ ਸਰਕਾਰ ਵੱਲੋਂ ਸੂਬੇ ਨੂੰ ਐਚ.ਆਈ.ਵੀ. ਮੁਕਤ ਬਣਾਉਣ ਅਤੇ ਲੋਕਾਂ ਵਿੱਚ ਇਸ ਬਿਮਾਰੀ ਸਬੰਧੀ ਜਾਗਰੂਕਤਾ ਵਧਾਉਣ ਦੇ ਉਦੇਸ਼ ਨਾਲ ਅੱਜ ਤੋਂ 12 ਅਕਤੂਬਰ 2026 ਤੱਕ ਚੱਲਣ ਵਾਲੀ 60 ਰੋਜ਼ਾ ਵਿਸ਼ੇਸ਼ ਐਚ.ਆਈ.ਵੀ. ਜਾਗਰੂਕਤਾ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਮੁਹਿੰਮ ਦਾ ਮੁੱਖ ਉਦੇਸ਼ 1 ਦਸੰਬਰ 2026, ਵਿਸ਼ਵ ਏਡਜ਼ ਦਿਵਸ ਤੱਕ '95-95-99' ਅਤੇ ਤੀਹਰੀ ਸਮਾਪਤੀ ਦੇ ਟੀਚਿਆਂ ਨੂੰ ਹਾਸਲ ਕਰਨਾ ਹੈ। ਜ਼ਿਲ੍ਹਾ ਰੂਪਨਗਰ ਵਿੱਚ ਮੁਹਿੰਮ ਦਾ ਰਸਮੀ ਆਗਾਜ਼ ਸਿਵਲ ਸਰਜਨ ਦਫ਼ਤਰ ਵਿਖੇ ਸਿਵਲ ਸਰਜਨ ਡਾ. ਬੋਬੀ ਗੁਲਾਟੀ ਵੱਲੋਂ ਕੀਤਾ ਗਿਆ। ਇਸ ਮੌਕੇ ਡਾ. ਉਰਮਿਲ ਗਰਗ, ਡੀ.ਐੱਮ.ਸੀ., ਡਾ. ਕੰਵਲਜੀਤ, ਇੰਚਾਰਜ ਏ.ਆਰ.ਟੀ. ਕੇਂਦਰ, ਅਨੁਰਾਧਾ, ਕੌਂਸਲਰ ਆਈ.ਸੀ.ਟੀ.ਸੀ., ਤਰਨਜੀਤ ਕੌਰ, ਐੱਮ.ਐੱਲ.ਟੀ., ਅਮਨਪ੍ਰੀਤ ਕੌਰ, ਸਟਾਫ਼ ਨਰਸ, ਮਨਿੰਦਰ ਕੌਰ, ਫਾਰਮਾਸਿਸਟ, ਗੁਰਸਿਮਰਨ ਕੌਰ, ਐੱਮ.ਐੱਲ.ਟੀ., ਗਗਨਦੀਪ ਸਿੰਘ, ਕੌਂਸਲਰ, ਸ਼ੋਭਾ, ਹਰਪ੍ਰੀਤ, ਐੱਸ.ਐੱਸ.ਕੇ., ਜ਼ਿਲ੍ਹਾ ਮਾਸ ਮੀਡੀਆ ਅਫ਼ਸਰ ਗੁਰਮੀਤ ਕੌਰ, ਰਵਿੰਦਰ ਸਿੰਘ, ਬੀ.ਸੀ.ਸੀ. ਕੋਆਰਡੀਨੇਟਰ ਅਤੇ ਸੁਖਜੀਤ ਕੰਬੋਜ ਸਮੇਤ ਹੋਰ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ। ਲੋਕਾਂ ਨੂੰ 'ਬਰੇਕ ਫ ?ਰੀ ਪੋਰਟਲ' ਬਾਰੇ ਜਾਣਕਾਰੀ ਦੇਣ ਦੇ ਨਾਲ-ਨਾਲ ਕਿਊਆਰ ਕੋਡ ਰਾਹੀਂ ਸਵੈ-ਮੁਲਾਂਕਣ ਲਈ ਪ੍ਰੇਰਿਤ ਕੀਤਾ ਜਾਵੇਗਾ ਤਾਂ ਜੋ ਉਹ ਬਿਨਾਂ ਕਿਸੇ ਝਿਜਕ ਦੇ ਲੋੜੀਂਦੀਆਂ ਸਿਹਤ ਸੇਵਾਵਾਂ ਦਾ ਲਾਭ ਲੈ ਸਕਣ। ਸਿਹਤ ਵਿਭਾਗ ਵੱਲੋਂ ਸਮੂਹ ਨਾਗਰਿਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਇਸ ਮੁਹਿੰਮ ਵਿੱਚ ਵੱਧ-ਚੜ੍ਹ ਕੇ ਭਾਗ ਲੈਣ, ਸੁਰੱਖਿਅਤ ਸਿਹਤ ਅਭਿਆਸ ਅਪਣਾਉਣ ਅਤੇ ਸਮਾਜ ਵਿੱਚ ਐਚ.ਆਈ.ਵੀ. ਨਾਲ ਜੁੜੀ ਨਾਮੋਸ਼ੀ ਤੇ ਭੇਦਭਾਵ ਨੂੰ ਖ਼ਤਮ ਕਰਨ ਵਿੱਚ ਆਪਣਾ ਯੋਗਦਾਨ ਪਾਉਣ। ਇਹ 60 ਰੋਜ਼ਾ ਮੁਹਿੰਮ ਇੱਕ ਸਿਹਤਮੰਦ, ਜਾਗਰੂਕ ਅਤੇ ਐਚ.ਆਈ.ਵੀ. ਮੁਕਤ ਸਮਾਜ ਦੀ ਸਿਰਜਣਾ ਵੱਲ ਮਹੱਤਵਪੂਰਨ ਕਦਮ ਸਾਬਤ ਹੋਵੇਗੀ।

# ਪਰਾਲੀ ਦੀ ਸੁਚੱਜੀ ਸੰਭਾਲ ਲਈ ਕੇ.ਵੀ.ਕੇ. ਲੁਧਿਆਣਾ ਵਲੋਂ ਸਮਰਾਲਾ ਬਲਾਕ 'ਚ ਜਾਗਰੂਕਤਾ ਕੈਂਪ



ਜਨ ਜਾਗਰਣ ਬਿਊਰੋ

**ਸਮਰਾਲਾ (ਮਹਿੰਦਰ ਸਿੰਘ):** ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਅਧੀਨ ਕ੍ਰਿਸ਼ੀ ਵਿਗਿਆਨ ਕੇਂਦਰ, ਲੁਧਿਆਣਾ ਵੱਲੋਂ ਡਾ. ਵੀ.ਕੇ. ਰਾਮਪਾਲ, ਐਸੋਸੀਏਟ ਡਾਇਰੈਕਟਰ (ਟਰੇਨਿੰਗ), ਦੀ ਅਗਵਾਈ ਹੇਠ ਸਮਰਾਲਾ ਬਲਾਕ ਦੇ ਪਿੰਡ ਖੈਰਾ ਵਿਖੇ ਪਰਾਲੀ ਦੀ ਸੁਚੱਜੀ ਸੰਭਾਲ ਸਬੰਧੀ ਪਿੰਡ ਪੱਧਰੀ ਜਾਗਰੂਕਤਾ ਕੈਂਪ ਲਗਾਇਆ ਗਿਆ। ਕੈਂਪ ਦਾ ਮੁੱਖ ਉਦੇਸ਼ ਕਿਸਾਨਾਂ ਨੂੰ ਫ਼ਸਲੀ ਰਹਿੰਦ-ਖੂੰਹਦ ਦੇ ਵਿਗਿਆਨਕ ਪ੍ਰਬੰਧਨ, ਸੰਭਾਲ ਖੇਤੀ ਨੂੰ ਉਤਸ਼ਾਹਿਤ ਕਰਨ ਅਤੇ ਪਰਾਲੀ ਸਾੜਨ ਤੋਂ ਗੁਰੇਜ਼ ਕਰਨ ਲਈ ਜਾਗਰੂਕ ਕਰਨਾ ਸੀ। ਡਾ. ਅਮਨਪ੍ਰੀਤ ਸਿੰਘ, ਸਹਾਇਕ ਪ੍ਰੋਫੈਸਰ (ਫ਼ਸਲ ਵਿਗਿਆਨ), ਨੇ ਕਿਸਾਨਾਂ ਨੂੰ ਪਰਾਲੀ ਦੀ ਖੇਤ ਵਿੱਚ ਹੀ ਸੁਚੱਜੀ ਸੰਭਾਲ ਦੇ ਮਹੱਤਵ ਅਤੇ ਲਾਭਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਫ਼ਸਲੀ ਰਹਿੰਦ-ਖੂੰਹਦ ਨੂੰ ਖੇਤ ਵਿੱਚ ਸੰਭਾਲਣ ਨਾਲ ਮਿੱਟੀ ਦੀ ਸਿਹਤ ਵਿੱਚ ਸੁਧਾਰ, ਪੌਸ਼ਟਿਕ ਤੱਤਾਂ ਦੀ ਮੁੜ ਵਰਤੋਂ, ਮਿੱਟੀ ਦੀ ਨਮੀ ਦੀ ਸੰਭਾਲ ਅਤੇ ਵਾਤਾਵਰਨ ਪ੍ਰਦੂਸ਼ਣ ਨੂੰ ਘਟਾਉਣ ਵਿੱਚ ਮਦਦ ਮਿਲਦੀ ਹੈ। ਉਨ੍ਹਾਂ ਹੈਪੀ ਸੀਡਰ, ਸੁਪਰ ਸੀਡਰ, ਸਰਫੇਸ ਸੀਡਰ ਅਤੇ ਸਮਾਰਟ ਸੀਡਰ ਵਰਗੀਆਂ ਫ਼ਸਲੀ ਰਹਿੰਦ-ਖੂੰਹਦ ਪ੍ਰਬੰਧਨ ਮਸ਼ੀਨਾਂ ਦੀ ਸਹੀ ਵਰਤੋਂ ਅਤੇ ਪਰਾਲੀ ਨੂੰ ਬਿਨਾਂ ਸਾੜੇ ਕਣਕ ਦੀ ਸਮੇਂ ਸਿਰ ਬਿਜਾਈ ਕਰਨ ਸਬੰਧੀ ਵੀ ਤਕਨੀਕੀ ਜਾਣਕਾਰੀ ਸਾਂਝੀ ਕੀਤੀ। ਡਾ. ਸੁਖਦੀਪ ਕੌਰ, ਸਹਾਇਕ ਪ੍ਰੋਫੈਸਰ (ਗ੍ਰਹਿ ਵਿਗਿਆਨ), ਨੇ ਪਰਾਲੀ ਸਾੜਨ ਨਾਲ ਮਿੱਟੀ ਦੀ ਸਿਹਤ, ਵਾਤਾਵਰਨ ਅਤੇ ਮਨੁੱਖੀ ਸਿਹਤ ਉੱਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਬਾਰੇ ਕਿਸਾਨਾਂ ਨੂੰ ਜਾਗਰੂਕ ਕੀਤਾ। ਉਨ੍ਹਾਂ ਕਿਸਾਨਾਂ ਨੂੰ ਪਰਾਲੀ ਨੂੰ ਅੱਗ ਲਗਾਉਣ ਦੀ ਬਜਾਏ ਵਿਗਿਆਨਕ ਫ਼ਸਲੀ ਰਹਿੰਦ-ਖੂੰਹਦ ਪ੍ਰਬੰਧਨ ਤਕਨੀਕਾਂ ਅਪਣਾਉਣ ਦੀ ਅਪੀਲ ਕੀਤੀ। ਕਿਸਾਨਾਂ ਨਾਲ ਵਿਚਾਰ-ਵਟਾਂਦਰੇ ਦੌਰਾਨ ਡਾ. ਅਮਨਪ੍ਰੀਤ ਸਿੰਘ ਅਤੇ ਡਾ. ਸੁਖਦੀਪ ਕੌਰ ਨੇ ਪਰਾਲੀ ਪ੍ਰਬੰਧਨ ਅਤੇ ਖੇਤੀ ਮਸ਼ੀਨਰੀ ਦੀ ਵਰਤੋਂ ਸਬੰਧੀ ਕਿਸਾਨਾਂ ਦੇ ਤਕਨੀਕੀ ਸਵਾਲਾਂ ਦੇ ਜਵਾਬ ਦਿੱਤੇ। ਉਨ੍ਹਾਂ ਕਿਸਾਨਾਂ ਨੂੰ ਭਰੋਸਾ ਦਿਵਾਇਆ ਕਿ ਕੇ.ਵੀ.ਕੇ. ਲੁਧਿਆਣਾ ਵੱਲੋਂ ਪਰਾਲੀ ਦੀ ਸੁਚੱਜੀ ਸੰਭਾਲ ਅਤੇ ਵਾਤਾਵਰਨ ਪੱਖੀ ਖੇਤੀ ਤਕਨੀਕਾਂ ਨੂੰ ਅਪਣਾਉਣ ਲਈ ਲਗਾਤਾਰ ਤਕਨੀਕੀ ਸਲਾਹ ਅਤੇ ਮਾਰਗਦਰਸ਼ਨ ਪ੍ਰਦਾਨ ਕੀਤਾ ਜਾਂਦਾ ਰਹੇਗਾ।

# ਸੇਵਾ ਭਾਰਤੀ ਫਰੀਦਕੋਟ ਦੀ ਨਵੀਂ ਇਕਾਈ ਦਾ ਵਿਧੀਵਤ ਗਠਨ

ਜਨ ਜਾਗਰਣ ਬਿਊਰੋ

**ਫਰੀਦਕੋਟ (ਕੁਮਾਰ):** ਸੇਵਾ ਭਾਰਤੀ ਫਰੀਦਕੋਟ ਦੀ ਨਵੀਂ ਇਕਾਈ ਦਾ ਵਿਧੀਵਤ ਗਠਨ ਕੀਤਾ ਗਿਆ। ਇਸ ਮੌਕੇ ਪਵਨ ਵਧਵਾ ਨੂੰ ਅਗਲੇ ਤਿੰਨ ਸਾਲਾਂ ਲਈ ਸੇਵਾ ਭਾਰਤੀ ਫਰੀਦਕੋਟ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਮਹੱਤਵਪੂਰਨ ਮੌਕੇ 'ਤੇ ਪੰਜਾਬ ਤੋਂ ਪ੍ਰਦੇਸ਼ ਮੰਤਰੀ ਆਦਰਨੀਯ ਧਰੁਵ, ਵਿਭਾਗ ਮੰਤਰੀ ਆਦਰਨੀਯ ਡਾ. ਹਰਬੰਸ ਅਤੇ ਡਾ. ਸੂਰਜ ਵਿਸ਼ੇਸ਼ ਤੌਰ 'ਤੇ ਫਰੀਦਕੋਟ ਪਹੁੰਚੇ ਅਤੇ ਨਵੀਂ ਇਕਾਈ ਨੂੰ ਰਸਮੀ ਰੂਪ ਪ੍ਰਦਾਨ ਕੀਤਾ। ਨਵੀਂ ਕਾਰਜਕਾਰਣੀ ਵਿੱਚ ਗੌਰਵ ਸੇਠੀ ਅਤੇ ਦੀਪਕ ਗੋਇਲ ਨੂੰ ਵਾਈਸ ਪ੍ਰੈਜ਼ੀਡੈਂਟ, ਮਨੋਜ ਜਿੰਦਲ ਨੂੰ ਜਨਰਲ ਸਕੱਤਰ, ਨਵੀਨ ਰਾਬੜਾ ਨੂੰ ਜਲ ਸੇਵਾ ਸਕੱਤਰ, ਦਿਨੇਸ਼ ਮੁਖੀਜਾ ਨੂੰ ਕੈਸ਼ੀਅਰ ਅਤੇ ਦੀਪਕ ਮੁਖੀਜਾ ਨੂੰ ਪੀ.ਆਰ.ਓ. ਦੀ ਜ਼ਿੰਮੇਵਾਰੀ ਸੌਂਪੀ ਗਈ। ਇਸ ਮੌਕੇ ਡਾ. ਦੀਪਕ ਗੋਇਲ, ਡਾ. ਬਿਸ਼ਪ ਦੀਪ ਗੋਇਲ, ਮਨਦੀਪ ਮਿੱਤਲ, ਸੰਦੀਪ ਗਰਗ, ਰਾਕੇਸ਼ ਮੋਂਗਾ, ਗੋਲਡੀ ਐਡਵੋਕੇਟ, ਪ੍ਰਦੀਪ ਵਿਗ, ਅਜੀਤ ਜੈਨ ਅਤੇ ਦੀਪਕ ਸ਼ਰਮਾ ਸਮੇਤ ਕਈ ਪਤਵੰਤੇ ਮੈਂਬਰ ਹਾਜ਼ਰ ਰਹੇ। ਫਰੀਦਕੋਟ ਦੇ ਵੱਖ-ਵੱਖ ਸਮਾਜਿਕ ਸੰਗਠਨਾਂ ਅਤੇ ਐਨਜੀਓਜ਼ ਨਾਲ ਜੁੜੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਵੀ ਸਮਾਗਮ ਵਿੱਚ ਆਪਣੀ ਹਾਜ਼ਰੀ ਦਰਜ ਕਰਵਾਈ। ਇਨ੍ਹਾਂ ਵਿੱਚ ਲਲਿਤ ਗੁਪਤਾ, ਸੁਰੇਸ਼ ਸ਼ਰਮਾ, ਪਵਨ ਗੋਇਲ, ਡਾ. ਗਗਨ ਬਜਾਜ, ਪ੍ਰੇਮ, ਰਵੀ ਬਾਂਸਲ, ਰਿੰਕੂ, ਬਲਜੀਤ ਸ਼ਰਮਾ ਅਤੇ ਸੁਰੇਸ਼ ਅਰੋੜਾ ਸ਼ਾਮਲ ਰਹੇ। ਇਸ ਮੌਕੇ ਫਰੀਦਕੋਟ ਨਗਰ ਕੌਂਸਲ ਦੇ ਨਵ-ਨਿਯੁਕਤ ਪ੍ਰਧਾਨ ਬਲਜਿੰਦਰ ਬੱਬੂ ਆਹੂਜਾ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਉਨ੍ਹਾਂ ਨੇ ਸਾਰੇ ਨਵ-ਨਿਯੁਕਤ ਅਹੁਦੇਦਾਰਾਂ ਨੂੰ ਦਿਲੋਂ ਵਧਾਈ ਅਤੇ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਨੇ ਸੇਵਾ ਭਾਰਤੀ ਵੱਲੋਂ ਕੀਤੇ ਜਾ ਰਹੇ ਸਮਾਜਿਕ ਅਤੇ ਸੇਵਾ ਕਾਰਜਾਂ ਵਿੱਚ ਆਪਣਾ ਪੂਰਨ ਸਹਿਯੋਗ ਦੇਣ ਦਾ ਭਰੋਸਾ ਵੀ ਦਿਵਾਇਆ। ਸਮਾਗਮ ਦੌਰਾਨ ਨਵ-ਨਿਯੁਕਤ ਅਹੁਦੇਦਾਰਾਂ ਨੂੰ ਸ਼ਾਲ ਪਹਿਨਾ ਕੇ ਅਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਹਾਜ਼ਰ ਪਤਵੰਤੇ ਵਿਅਕਤੀਆਂ ਨੇ ਸਾਰੇ ਅਹੁਦੇਦਾਰਾਂ ਨੂੰ ਉਨ੍ਹਾਂ ਦੀਆਂ ਨਵੀਆਂ ਜ਼ਿੰਮੇਵਾਰੀਆਂ ਲਈ ਸ਼ੁਭਕਾਮਨਾਵਾਂ ਅਤੇ ਆਸ਼ੀਰਵਾਦ ਦਿੱਤਾ। ਸਮਾਗਮ ਉਪਰੰਤ ਸਾਰੇ ਹਾਜ਼ਰ ਮੈਂਬਰਾਂ ਅਤੇ ਮਹਿਮਾਨਾਂ ਲਈ ਨਾਸ਼ਤੇ ਦਾ ਵਿਸ਼ੇਸ਼ ਪ੍ਰਬੰਧ ਵੀ ਕੀਤਾ ਗਿਆ।



# ਬੱਸਾਂ ਨਾ ਰੁਕਣ ਕਾਰਨ ਵਿਦਿਆਰਥੀਆਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਕਰਨਾ ਪੈ ਰਿਹਾ ਸਾਹਮਣਾ

ਜਨ ਜਾਗਰਣ ਬਿਊਰੋ



**ਹੁਸ਼ਿਆਰਪੁਰ (ਰਿੰਕੂ ਥਾਪਰ):** ਪਿੰਡ ਤਨੂੰਲੀ ਵਿਖੇ ਬੱਸਾਂ ਨਾ ਰੁਕਣ ਕਾਰਨ ਵਿਦਿਆਰਥੀਆਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵਿਦਿਆਰਥੀਆਂ ਦਾ ਕਹਿਣਾ ਹੈ ਕਿ ਪਿੰਡ ਦੇ ਅੱਡੇ ਤੋਂ ਕਈ ਬੱਸਾਂ ਰੁਕਣ ਦੀ ਬਜਾਏ ਤੇਜ਼ ਰਫ਼ਤਾਰ ਨਾਲ ਲੰਘ ਜਾਂਦੀਆਂ ਹਨ, ਜਿਸ ਕਾਰਨ ਉਨ੍ਹਾਂ ਨੂੰ ਆਪਣੀ ਮੰਜ਼ਿਲ ਤੱਕ ਪਹੁੰਚਣ ਲਈ ਹੋਰ ਸਾਧਨਾਂ ਦਾ ਸਹਾਰਾ ਲੈਣਾ ਪੈਂਦਾ ਹੈ। ਵਿਦਿਆਰਥੀਆਂ ਨੇ ਦੱਸਿਆ ਕਿ ਬੱਸਾਂ ਨਾ ਰੁਕਣ ਕਾਰਨ ਕਈ ਵਾਰ ਉਨ੍ਹਾਂ ਨੂੰ ਦੇਰ ਰਾਤ ਤੱਕ ਘਰ ਪਹੁੰਚਣਾ ਪੈਂਦਾ ਹੈ ਅਤੇ ਕੁਝ ਵਿਦਿਆਰਥੀ ਅੱਧੀ-ਅੱਧੀ ਰਾਤ ਨੂੰ ਆਪਣੇ ਘਰਾਂ ਵਿੱਚ ਦਾਖ਼ਲ ਹੁੰਦੇ ਹਨ। ਇਸ ਕਾਰਨ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਵਿੱਚ ਚਿੰਤਾ ਪਾਈ ਜਾ ਰਹੀ ਹੈ। ਵਿਦਿਆਰਥੀਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਪਿੰਡ ਤਨੂੰਲੀ ਦੇ ਅੱਡੇ 'ਤੇ ਬੱਸਾਂ ਦੇ ਰੁਕਣ ਨੂੰ ਯਕੀਨੀ ਬਣਾਇਆ ਜਾਵੇ ਅਤੇ ਬੱਸ ਚਾਲਕਾਂ ਨੂੰ ਅੱਡੇ 'ਤੇ ਬੱਸਾਂ ਰੋਕਣ ਸਬੰਧੀ ਸਖ਼ਤ ਹਦਾਇਤਾਂ ਦਿੱਤੀਆਂ ਜਾਣ। ਇਸ ਸਬੰਧੀ ਪਿੰਡ ਦੇ ਸਰਪੰਚ ਕਿਸ਼ਨ ਕੁਮਾਰ ਨੇ ਕਿਹਾ ਕਿ ਵਿਦਿਆਰਥੀਆਂ ਦੀ ਸਮੱਸਿਆ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸਬੰਧਤ ਮਹਿਕਮੇ ਨੂੰ ਇਸ ਮਾਮਲੇ ਬਾਰੇ ਸੂਚਿਤ ਕਰ ਦਿੱਤਾ ਗਿਆ ਹੈ ਅਤੇ ਜਲਦ ਹੀ ਸਮੱਸਿਆ ਦਾ ਹੱਲ ਕਰਵਾਉਣ ਲਈ ਯਤਨ ਕੀਤੇ ਜਾਣਗੇ। ਵਿਦਿਆਰਥੀਆਂ ਨੇ ਆਸ ਪ੍ਰਗਟਾਈ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਬੰਧਤ ਵਿਭਾਗ ਇਸ ਮਾਮਲੇ ਦਾ ਤੁਰੰਤ ਨੋਟਿਸ ਲੈ ਕੇ ਪਿੰਡ ਤਨੂੰਲੀ ਦੇ ਅੱਡੇ 'ਤੇ ਬੱਸਾਂ ਰੁਕਣ ਦੀ ਵਿਵਸਥਾ ਯਕੀਨੀ ਬਣਾਉਣਗੇ।

# ਬੂਟਿਆਂ 'ਚ ਬੀਜਿਆ ਭਵਿੱਖ, ਜੋਏ ਐਂਡ ਜੋਸ਼ ਨੇ ਚਲਾਈ ਹਰਿਆਵਲ ਦੀ ਮੁਹਿੰਮ: ਜਸਵੰਤ ਮਸੀਹ

## ਰੁੱਖਾਂ ਦੀ ਸੰਭਾਲ ਹੀ ਆਉਣ ਵਾਲੀਆਂ ਪੀੜ੍ਹੀਆਂ ਲਈ ਸਾਫ਼ ਹਵਾ ਦਾ ਵਾਅਦਾ: ਡਿਮੋਥੀ ਜੱਸ

ਜਨ ਜਾਗਰਣ ਬਿਊਰੋ




**ਜੈਤੋ (ਮਨਜੀਤ ਸਿੰਘ ਢੱਲਾ) :** ਵਾਤਾਵਰਣ ਨੂੰ ਹਰਿਆ-ਭਰਿਆ ਬਣਾਉਣ ਅਤੇ ਲੋਕਾਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣ ਲਈ ਪ੍ਰੇਰਿਤ ਕਰਨ ਦੇ ਉਦੇਸ਼ ਨਾਲ ਜੋਏ ਐਂਡ ਜੋਸ਼ ਫਾਊਂਡੇਸ਼ਨ ਵੱਲੋਂ ਪੌਦੇ ਲਗਾਉਣ ਦੀ ਮੁਹਿੰਮ ਤਹਿਤ ਛਾਂਦਾਰ ਪੌਦੇ ਲਗਾਏ ਗਏ। ਇਸ ਮੌਕੇ ਫਾਊਂਡੇਸ਼ਨ ਦੇ ਡਾਇਰੈਕਟਰ ਡਿਮੋਥੀ ਜੱਸ ਦੀ ਅਗਵਾਈ ਹੇਠ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਖੁਦ ਪੌਦੇ ਲਗਾ ਕੇ ਉਨ੍ਹਾਂ ਦੀ ਨਿਰੰਤਰ ਸੰਭਾਲ ਕਰਨ ਦਾ ਸੰਕਲਪ ਲਿਆ। ਡਿਮੋਥੀ ਜੱਸ ਨੇ ਕਿਹਾ ਕਿ ਰੁੱਖ ਕੁਦਰਤ ਦੀ ਉਹ ਅਨਮੋਲ ਦਾਤ ਹਨ, ਜੋ ਮਨੁੱਖ ਨੂੰ ਸਾਹ, ਪੰਛੀਆਂ ਨੂੰ ਆਸਰਾ ਅਤੇ ਧਰਤੀ ਨੂੰ ਹਰਿਆਵਲ ਦਿੰਦੇ ਹਨ। ਉਨ੍ਹਾਂ ਕਿਹਾ ਕਿ ਅੱਜ ਲਾਇਆ ਗਿਆ ਇੱਕ ਪੌਦਾ ਆਉਣ ਵਾਲੀਆਂ ਪੀੜ੍ਹੀਆਂ ਲਈ ਛਾਂ ਅਤੇ ਸਾਫ਼ ਹਵਾ ਦਾ ਵਿਰਸਾ ਬਣ ਸਕਦਾ ਹੈ। ਇਸ ਲਈ ਵਾਤਾਵਰਣ ਦੀ ਸੰਭਾਲ ਲਈ ਸਿਰਫ਼ ਪੌਦੇ ਲਗਾਉਣਾ ਹੀ ਕਾਫ਼ੀ ਨਹੀਂ, ਸਗੋਂ ਉਨ੍ਹਾਂ ਨੂੰ ਰੁੱਖ ਬਣਨ ਤੱਕ ਸੰਭਾਲਣਾ ਵੀ ਸਾਡੀ ਸਾਂਝੀ ਜ਼ਿੰਮੇਵਾਰੀ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਘਰਾਂ, ਗਲੀਆਂ, ਖਾਲੀ ਥਾਵਾਂ ਅਤੇ ਜਨਤਕ ਸਥਾਨਾਂ 'ਤੇ ਵੱਧ ਤੋਂ ਵੱਧ ਪੌਦੇ ਲਗਾਉਣ ਅਤੇ ਉਨ੍ਹਾਂ ਦੀ ਸੰਭਾਲ ਕਰਨ। ਉਨ੍ਹਾਂ ਕਿਹਾ ਕਿ ਜੇਕਰ ਹਰ ਵਿਅਕਤੀ ਇੱਕ ਪੌਦਾ ਲਗਾ ਕੇ ਉਸ ਨੂੰ ਰੁੱਖ ਬਣਾਉਣ ਦਾ ਸੰਕਲਪ ਲਵੇ ਤਾਂ ਸਮਾਜ ਵਿੱਚ ਹਰਿਆਵਲ ਵਧਾਉਣ ਦੇ ਨਾਲ-ਨਾਲ ਵਾਤਾਵਰਣ ਨੂੰ ਵੀ ਵੱਡਾ ਲਾਭ ਮਿਲ ਸਕਦਾ ਹੈ। ਪੌਦੇ ਲਗਾਉਣ ਦੀ ਇਸ ਮੁਹਿੰਮ ਵਿੱਚ ਫਾਊਂਡੇਸ਼ਨ ਨਾਲ ਜੁੜੇ ਮੈਂਬਰ ਜਸਵੰਤ ਸਿੰਘ, ਜਸਪ੍ਰੀਤ ਸਿੰਘ, ਸੰਦੀਪ ਕੁਮਾਰ, ਰਾਜ ਕੁਮਾਰ, ਅਜਮੇਰ ਸਿੰਘ, ਮੁਬਾਰਕ ਸਿੰਘ, ਗਗਨਦੀਪ ਸਿੰਘ, ਮਿੱਠੂ ਸਿੰਘ, ਗਰਜੰਟ ਸਿੰਘ, ਮਹੇਸ਼ ਕੁਮਾਰ, ਸਨੀ ਕੁਮਾਰ, ਰੋਏ ਮਸੀਹ, ਬੂਟਾ ਸਿੰਘ, ਸ਼ਨੀ ਕੁਮਾਰ, ਜੋਨ ਮਸੀਹ, ਪ੍ਰਿੰਸ ਅਤੇ ਗੁਰਪ੍ਰੀਤ ਸਿੰਘ ਸਮੇਤ ਹੋਰ ਸਹਿਯੋਗੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਇਸ ਮੌਕੇ ਮੈਂਬਰਾਂ ਨੇ ਪੌਦੇ ਲਗਾਉਣ ਦੇ ਨਾਲ-ਨਾਲ ਉਨ੍ਹਾਂ ਦੀ ਸੰਭਾਲ ਲਈ ਲੋਕਾਂ ਨੂੰ ਜਾਗਰੂਕ ਕਰਨ ਦਾ ਸੰਦੇਸ਼ ਵੀ ਦਿੱਤਾ।

# ਰਾਸ਼ਟਰੀ ਹੱਥਕਰਘਾ ਦਿਵਸ ਮੌਕੇ ਨਵ ਤ੍ਰਿੰਵਣ ਵਲੋਂ ਸਮਾਗਮ, ਕੁਦਰਤੀ ਖਾਦੀ ਨੂੰ ਮਿਲ ਰਹੀ ਨਵੀਂ ਪਛਾਣ

ਜਨ ਜਾਗਰਣ ਬਿਊਰੋ



**ਫਰੀਦਕੋਟ (ਕੁਮਾਰ):** ਰਾਸ਼ਟਰੀ ਹੱਥਕਰਘਾ ਦਿਵਸ ਦੇ ਮੌਕੇ 'ਤੇ ਖੇਤੀ ਵਿਰਾਸਤ ਮਿਸ਼ਨ ਦੇ ਨਵ ਤ੍ਰਿੰਵਣ ਵੱਲੋਂ ਖੇਤੀ ਵਿਰਾਸਤ ਮਿਸ਼ਨ ਦੇ ਮੁੱਖ ਦਫ਼ਤਰ ਕਿਸਾਨ ਭਵਨ ਸਥਿਤ ਡਾ. ਅਮਰ ਸਿੰਘ ਆਜ਼ਾਦ ਹਾਲ ਵਿੱਚ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸ ਮੌਕੇ ਹਲਕਾ ਵਿਧਾਇਕ ਅਮੋਲਕ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਦਕਿ ਸਮਾਗਮ ਦੀ ਪ੍ਰਧਾਨਗੀ ਖੇਤੀ ਵਿਰਾਸਤ ਮਿਸ਼ਨ ਦੇ ਕਾਰਜਕਾਰੀ ਨਿਰਦੇਸ਼ਕ ਉਮੇਂਦਰ ਦੱਤ ਨੇ ਕੀਤੀ। ਸਮਾਗਮ ਦੀ ਸ਼ੁਰੂਆਤ ਨਵ ਤ੍ਰਿੰਵਣ ਦੀ ਨਿਰਦੇਸ਼ਕ ਰੂਪਸੀ ਗਰਗ ਵੱਲੋਂ ਆਏ ਮਹਿਮਾਨਾਂ ਦੇ ਸਵਾਗਤ ਨਾਲ ਹੋਈ। ਉਨ੍ਹਾਂ ਰਾਸ਼ਟਰੀ ਹੱਥਕਰਘਾ ਦਿਵਸ ਦੇ ਮਹੱਤਵ ਬਾਰੇ ਚਾਨਣਾ ਪਾਉਂਦਿਆਂ ਨਵ ਤ੍ਰਿੰਵਣ ਅਤੇ ਬੁਣਕਰ ਪਾਠਸ਼ਾਲਾ ਦੇ ਸਫ਼ਰ 'ਤੇ ਰੌਸ਼ਨੀ ਪਾਈ। ਉਨ੍ਹਾਂ ਕਿਹਾ ਕਿ ਕੁਦਰਤੀ ਖੇਤੀ ਕਰਨ ਵਾਲੇ ਕਿਸਾਨਾਂ, ਬੁਣਕਰਾਂ ਅਤੇ ਖੇਤੀ ਵਿਰਾਸਤ ਮਿਸ਼ਨ ਨਾਲ ਜੁੜੇ ਸਾਰੇ ਸਾਥੀਆਂ ਦੀ ਸਾਂਝੀ ਮਿਹਨਤ ਸਦਕਾ ਹੀ ਅੱਜ ਨਵ ਤ੍ਰਿੰਵਣ ਦੀ ਕੁਦਰਤੀ ਕਪਾਹ ਤੋਂ ਤਿਆਰ ਖਾਦੀ ਨੂੰ ਦੇਸ਼ ਭਰ ਵਿੱਚ ਮਾਣ ਅਤੇ ਪਛਾਣ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਨਵ ਤ੍ਰਿੰਵਣ ਦਾ ਉਦੇਸ਼ ਸਿਰਫ਼ ਖਾਦੀ ਤਿਆਰ ਕਰਨਾ ਨਹੀਂ, ਸਗੋਂ ਪੰਜਾਬ ਦੀ ਹੱਥਕਰਘਾ ਪਰੰਪਰਾ, ਕੁਦਰਤੀ ਖੇਤੀ ਅਤੇ ਸਵਦੇਸ਼ੀ ਜੀਵਨ ਸ਼ੈਲੀ ਨੂੰ ਮੁੜ ਸਥਾਪਿਤ ਕਰਨਾ ਵੀ ਹੈ। ਇਸ ਮੌਕੇ ਹਰਮੇਲ ਪਰੀਤ, ਛਿੰਦਰ ਕੌਰ, ਗੁਰਮੀਤ ਕੌਰ, ਗੁਰਸਿਮਰਨ ਲੱਕੀ ਅਤੇ ਰਜਨੀ ਕੌਰ ਨੇ ਕੁਦਰਤੀ ਖੇਤੀ, ਬੁਣਕਰ ਪਾਠਸ਼ਾਲਾ ਅਤੇ ਨਵ ਤ੍ਰਿੰਵਣ ਨਾਲ ਆਪਣੇ ਤਜਰਬੇ ਸਾਂਝੇ ਕੀਤੇ। ਨਵ ਤ੍ਰਿੰਵਣ ਨਾਲ ਜੁੜੇ ਬੁਣਕਰਾਂ ਨੇ ਆਪਣੇ ਜੀਵਨ ਦੇ ਸਫ਼ਰ ਬਾਰੇ ਦੱਸਦਿਆਂ ਕਿਹਾ ਕਿ ਇਸ ਉਪਰਾਲੇ ਨੇ ਉਨ੍ਹਾਂ ਨੂੰ ਰਵਾਇਤੀ ਕਲਾ ਨਾਲ ਜੋੜਨ ਦੇ ਨਾਲ-ਨਾਲ ਰੋਜ਼ਗਾਰ ਅਤੇ ਆਤਮ-ਵਿਸ਼ਵਾਸ ਵੀ ਦਿੱਤਾ ਹੈ। ਆਪਣੇ ਸੰਬੋਧਨ ਵਿੱਚ ਹਲਕਾ ਵਿਧਾਇਕ ਅਮੋਲਕ ਸਿੰਘ ਨੇ ਖੇਤੀ ਵਿਰਾਸਤ ਮਿਸ਼ਨ ਵੱਲੋਂ ਕੀਤੇ ਜਾ ਰਹੇ ਕਾਰਜਾਂ ਨੂੰ ਇਤਿਹਾਸਕ ਕਰਾਰ ਦਿੰਦਿਆਂ ਕਿਹਾ ਕਿ ਅਜਿਹੇ ਉਪਰਾਲੇ ਸਮਰਪਣ ਅਤੇ ਸੇਵਾ ਦੀ ਭਾਵਨਾ ਨਾਲ ਹੀ ਸੰਭਵ ਹੁੰਦੇ ਹਨ। ਉਨ੍ਹਾਂ ਕਿਹਾ ਕਿ ਇਹ ਉਨ੍ਹਾਂ ਲਈ ਮਾਣ ਦੀ ਗੱਲ ਹੈ ਕਿ ਪੰਜਾਬ ਦੀ ਖੇਤੀ ਨੂੰ ਕੁਦਰਤੀ ਖੇਤੀ ਵੱਲ ਮੋੜਨ ਅਤੇ ਪੰਜਾਬ ਦੀ ਵਿਰਾਸਤ ਨੂੰ ਸੰਭਾਲਣ ਦਾ ਇਹ ਅਹਿਮ ਅੰਦੋਲਨ ਉਨ੍ਹਾਂ ਦੇ ਹਲਕੇ ਤੋਂ ਅੱਗੇ ਵਧ ਰਿਹਾ ਹੈ। ਉਨ੍ਹਾਂ ਅਜਿਹੇ ਉਪਰਾਲਿਆਂ ਲਈ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਵੀ ਦਿੱਤਾ। ਇਸ ਮੌਕੇ ਵਿਧਾਇਕ ਅਮੋਲਕ ਸਿੰਘ ਨੂੰ ਕੁਦਰਤੀ ਕਪਾਹ ਤੋਂ ਹੱਥ ਖੱਡੀ 'ਤੇ ਤਿਆਰ ਕੀਤਾ ਗਿਆ ਤਿਰੰਗਾ ਅਤੇ ਹੋਰ ਹੱਥ ਨਾਲ ਬਣੇ ਵਸਤ੍ਰ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਸਮਾਗਮ ਵਿੱਚ ਆਰ.ਵੀ. ਸ਼ਾਂਤੀ ਨਗਰ ਕਮੇਟੀ ਦੇ ਪ੍ਰਧਾਨ ਹਰਜੀਤ ਸਿੰਘ ਨੇ ਵੀ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਖੇਤੀ ਵਿਰਾਸਤ ਮਿਸ਼ਨ ਵੱਲੋਂ ਕੁਦਰਤੀ ਖੇਤੀ, ਹੱਥਕਰਘਾ ਅਤੇ ਪੰਜਾਬ ਦੀ ਵਿਰਾਸਤ ਨੂੰ ਸੰਭਾਲਣ ਲਈ ਕੀਤਾ ਜਾ ਰਿਹਾ ਕੰਮ ਬਹੁਤ ਹੀ ਸ਼ਲਾਘਾਯੋਗ ਹੈ। ਉਨ੍ਹਾਂ ਕਿਹਾ ਕਿ ਇਹ ਮਾਣ ਦੀ ਗੱਲ ਹੈ ਕਿ ਅਜਿਹਾ ਲੋਕ-ਪੱਖੀ ਕਾਰਜ ਆਰ.ਵੀ. ਸ਼ਾਂਤੀ ਨਗਰ ਤੋਂ ਚੱਲ ਰਿਹਾ ਹੈ। ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਕਿਸਾਨਾਂ, ਬੁਣਕਰਾਂ, ਸਮਾਜ ਸੇਵੀਆਂ ਅਤੇ ਖੇਤੀ ਵਿਰਾਸਤ ਮਿਸ਼ਨ ਨਾਲ ਜੁੜੇ ਸਾਥੀਆਂ ਨੇ ਸ਼ਮੂਲੀਅਤ ਕਰਦਿਆਂ ਕੁਦਰਤੀ ਖੇਤੀ, ਹੱਥਕਰਘਾ ਅਤੇ ਪੰਜਾਬ ਦੀ ਅਮੀਰ ਵਿਰਾਸਤ ਨੂੰ ਹੋਰ ਮਜ਼ਬੂਤ ਕਰਨ ਦਾ ਸੰਕਲਪ ਦੁਹਰਾਇਆ।

# ਰਿਆਤ ਬਾਹਰਾ ਗਰੁੱਪ ਵਲੋਂ 'ਐਲੀਵੇਟ' ਅਧਿਆਪਕ ਵਿਕਾਸ ਲੜੀ ਦੀ ਸ਼ੁਰੂਆਤ

ਜਨ ਜਾਗਰਣ ਬਿਊਰੋ

**ਰੂਪਨਗਰ (ਬਹਾਦਰਜੀਤ ਸਿੰਘ):** ਰਿਆਤ ਬਾਹਰਾ ਗਰੁੱਪ ਵੱਲੋਂ ਅਧਿਆਪਕਾਂ ਦੀਆਂ ਪੇਸ਼ੇਵਰ ਸਮਰੱਥਾਵਾਂ ਨੂੰ ਮਜ਼ਬੂਤ ਕਰਨ ਅਤੇ ਉਨ੍ਹਾਂ ਵਿੱਚ ਲਚਕੀਲਾਪਣ, ਮਾਨਸਿਕ ਤੰਦਰੁਸਤੀ ਤੇ ਅਧਿਆਪਨ ਪ੍ਰਤੀ ਨਵੀਂ ਊਰਜਾ ਅਤੇ ਉਦੇਸ਼ ਦੀ ਭਾਵਨਾ ਪੈਦਾ ਕਰਨ ਦੇ ਮੰਤਵ ਨਾਲ 'ਐਲੀਵੇਟ ਅਧਿਆਪਕ ਵਿਕਾਸ ਲੜੀ' ਦੀ ਸ਼ੁਰੂਆਤ ਕੀਤੀ ਗਈ। ਇਸ ਲੜੀ ਦਾ ਪਹਿਲਾ ਸੈਸ਼ਨ ਅਧਿਆਪਕਾਂ ਲਈ ਸਿੱਖਣ, ਵਿਚਾਰ-ਵਟਾਂਦਰੇ ਅਤੇ ਆਤਮ-ਚਿੰਤਨ ਦਾ ਸਾਰਥਕ ਮੰਚ ਸਾਬਤ ਹੋਇਆ।"ਦਿ ਰੈਜ਼ਿਲੀਅੰਟ ਐਜੂਕੇਟਰ: ਮਾਸਟਰਿੰਗ ਦ ਆਰਟ ਆਫ਼ ਸਟ ?ੈੱਸ ਐਂਡ ਵੈੱਲ-ਬੀਇੰਗ"ਵਿਸ਼ੇ 'ਤੇ ਆਯੋਜਿਤ ਪਹਿਲੇ ਸੈਸ਼ਨ ਵਿੱਚ ਰਿਆਤ ਬਾਹਰਾ ਇੰਟਰਨੈਸ਼ਨਲ ਸਕੂਲ, ਬ੍ਰਿਟਿਸ਼ ਲੌਰੀਏਟ ਸਕੂਲ ਅਤੇ ਰਿਆਤ ਬਾਹਰਾ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲਾਂ ਅਤੇ ਅਧਿਆਪਕਾਂ ਨੇ ਸ਼ਿਰਕਤ ਕੀਤੀ। ਸੈਸ਼ਨ ਦੌਰਾਨ ਅਧਿਆਪਕਾਂ ਨੇ ਤਣਾਅ ਪ੍ਰਬੰਧਨ, ਮਾਨਸਿਕ ਤੰਦਰੁਸਤੀ ਅਤੇ ਬਦਲਦੇ ਵਿਦਿਅਕ ਮਾਹੌਲ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਕੰਮ ਕਰਨ ਸਬੰਧੀ ਅਹਿਮ ਜਾਣਕਾਰੀ ਹਾਸਲ ਕੀਤੀ। ਇਸ ਮੌਕੇ ਰਿਆਤ ਬਾਹਰਾ ਗਰੁੱਪ ਦੇ ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ ਨੇ ਕਿਹਾ ਕਿ ਬਦਲਦੇ ਸਿੱਖਿਆ ਖੇਤਰ ਦੀਆਂ ਚੁਣੌਤੀਆਂ ਦਾ ਆਤਮ-ਵਿਸ਼ਵਾਸ, ਹਮਦਰਦੀ ਅਤੇ ਲਚਕੀਲਾਪਣ ਨਾਲ ਸਾਹਮਣਾ ਕਰਨ ਲਈ ਅਧਿਆਪਕਾਂ ਨੂੰ ਲੋੜੀਂਦੇ ਗਿਆਨ ਅਤੇ ਹੁਨਰਾਂ ਨਾਲ ਸਸ਼ਕਤ ਕਰਨਾ ਸਮੇਂ ਦੀ ਮੁੱਖ ਲੋੜ ਹੈ। ਉਨ੍ਹਾਂ ਨੇ ਅਧਿਆਪਕਾਂ ਦੀ ਭਲਾਈ ਨੂੰ ਗੁਣਵੱਤਾਪੂਰਨ ਸਿੱਖਿਆ ਦਾ ਅਹਿਮ ਅੰਗ ਦੱਸਿਆ। ਪ੍ਰੋਗਰਾਮ ਵਿੱਚ ਤਿੰਨ ਉੱਘੇ ਮਾਹਿਰਾਂ ਅਨੁਭੂਤੀ ਮਹਿਤਾ, ਸਾਬਕਾ ਸਹਾਇਕ ਕਮਿਸ਼ਨਰ, ਕੇਵੀਐਸ , ਰੋਜ਼ਾ ਰਮਾਨੀ ਰੇਵਾਲਾ, ਪ੍ਰਮਾਣਿਤ ਪੋਸ਼ ਅਤੇ ਪੋਕਸੋ ਟ ?ੇਨਰ, ਅਤੇ ਅਮਿਤ ਅਰੋੜਾ, ਸੰਸਥਾਪਕ, ਈਕੋਵਿਜ਼ਨੇਅਰ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਆਪਣੇ ਵਿਚਾਰ ਸਾਂਝੇ ਕੀਤੇ। ਮਾਹਿਰਾਂ ਨੇ ਤਣਾਅ ਦੇ ਪ੍ਰਭਾਵਸ਼ਾਲੀ ਪ੍ਰਬੰਧਨ, ਭਾਵਨਾਤਮਕ ਤੰਦਰੁਸਤੀ ਨੂੰ ਮਜ਼ਬੂਤ ਕਰਨ, ਸੁਰੱਖਿਅਤ ਅਤੇ ਸਮਾਵੇਸ਼ੀ ਵਿਦਿਅਕ ਮਾਹੌਲ ਸਿਰਜਣ ਅਤੇ ਲਚਕੀਲੀ ਮਾਨਸਿਕਤਾ ਵਿਕਸਿਤ ਕਰਨ ਸਬੰਧੀ ਵਿਹਾਰਕ ਜਾਣਕਾਰੀ ਦਿੱਤੀ। ਰਿਆਤ ਬਾਹਰਾ ਗਰੁੱਪ ਦੀ ਵਾਈਸ ਪ੍ਰੈਜ਼ੀਡੈਂਟ ਜੈਸਿਕਾ ਦੁੱਗਲ ਬਾਹਰਾ ਅਤੇ ਡਾ. ਸਿੰਮੀ ਪ੍ਰਕਾਸ਼, ਡਾਇਰੈਕਟਰ, ਉੱਦਮਤਾ ਸੈੱਲ, ਨੇ ਵੀ ਅਧਿਆਪਕਾਂ ਦੇ ਨਾਲ ਸੈਸ਼ਨ ਵਿੱਚ ਸ਼ਿਰਕਤ ਕੀਤੀ।'ਐਲੀਵੇਟ' ਲੜੀ ਦਾ ਉਦੇਸ਼ ਅਧਿਆਪਕਾਂ ਦੇ ਨਿਰੰਤਰ ਪੇਸ਼ੇਵਰ ਵਿਕਾਸ, ਆਤਮ-ਚਿੰਤਨ ਅਤੇ ਗਿਆਨ ਦੇ ਆਦਾਨ-ਪ੍ਰਦਾਨ ਲਈ ਇੱਕ ਸਥਾਈ ਮੰਚ ਪ੍ਰਦਾਨ ਕਰਨਾ ਹੈ। ਪਹਿਲੇ ਸੈਸ਼ਨ ਦੀ ਸਮਾਪਤੀ ਮੌਕੇ ਭਾਗੀਦਾਰਾਂ ਨੇ ਇਸ ਨੂੰ ਜਾਣਕਾਰੀ ਭਰਪੂਰ, ਰੁਚਿਕਰ ਅਤੇ ਵਿਹਾਰਕ ਸਿੱਖਣ ਦਾ ਅਨੁਭਵ ਦੱਸਦਿਆਂ ਇਸ ਉਪਰਾਲੇ ਦੀ ਸ਼ਲਾਘਾ ਕੀਤੀ।



ਵਾਈਸ ਪ੍ਰੈਸੀਡੈਂਟ ਜੈਸਿਕਾ ਦੁੱਗਲ ਬਾਹਰਾ ਮਾਹਿਰਾਂ ਨੂੰ ਸਨਮਾਨਿਤ ਕਰਦੇ ਹੋਏ।

# ਵਿਵੇਕਾਨੰਦ ਵਰਲਡ ਸਕੂਲ ਵਿਚ ਕਿੰਡਰਗਾਰਟਨ ਵਿਦਿਆਰਥੀਆਂ ਦਾ ਇਨਵੈਸਟੀਚਰ ਸਮਾਰੋਹ ਕਰਵਾਇਆ

ਜਨ ਜਾਗਰਣ ਬਿਊਰੋ

**ਫਿਰੋਜ਼ਪੁਰ (ਪ੍ਰੇਮ ਨਾਥ ਸ਼ਰਮਾ):** ਵਿਵੇਕਾਨੰਦ ਵਰਲਡ ਸਕੂਲ ਵਿੱਚ ਕਿੰਡਰਗਾਰਟਨ ਦੇ ਵਿਦਿਆਰਥੀਆਂ ਲਈ ਇਨਵੈਸਟੀਚਰ ਸਮਾਰੋਹ ਪੂਰੇ ਉਤਸ਼ਾਹ ਨਾਲ ਕਰਵਾਇਆ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਡਾਇਰੈਕਟਰ ਡਾ. ਐੱਸਐੱਨ ਰੁਦਰਾ ਨੇ ਦੱਸਿਆ ਕਿ ਇਸ ਸਮਾਰੋਹ ਦਾ ਮੁੱਖ ਉਦੇਸ਼ ਬੱਚਿਆਂ ਵਿੱਚ ਛੋਟੀ ਉਮਰ ਤੋਂ ਹੀ ਜ਼ਿੰਮੇਵਾਰੀ, ਆਤਮ-ਵਿਸ਼ਵਾਸ, ਅਨੁਸ਼ਾਸਨ ਅਤੇ ਟੀਮ ਵਰਕ ਦੀ ਭਾਵਨਾ ਨੂੰ ਵਿਕਸਿਤ ਕਰਨਾ ਸੀ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਛੋਟੀ ਉਮਰ ਵਿੱਚ ਜ਼ਿੰਮੇਵਾਰੀਆਂ ਦੇਣ ਨਾਲ ਉਨ੍ਹਾਂ ਵਿੱਚ ਅਗਵਾਈ ਦੇ ਗੁਣ ਵਿਕਸਿਤ ਹੁੰਦੇ ਹਨ ਅਤੇ ਉਹ ਭਵਿੱਖ ਲਈ ਬਿਹਤਰ ਢੰਗ ਨਾਲ ਤਿਆਰ ਹੁੰਦੇ ਹਨ। ਇਸ ਮੌਕੇ ਸਕੂਲ ਦੀ ਸੈਕਟਰੀ ਡੌਲੀ ਭਾਸਕਰ, ਵੀ ਪੀ ਐਡਮਿਨ ਮਹਿਮਾ ਕਪੂਰ ਅਤੇ ਵੀ ਪੀ ਅਕੈਡਮਿਕਸ ਸ਼ਿਪਰਾ ਅਰੋੜਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਸਮਾਰੋਹ ਦੀ ਸ਼ੁਰੂਆਤ ਸਨਮਾਨਿਤ ਮਹਿਮਾਨਾਂ ਵੱਲੋਂ ਦੀਪ ਪ੍ਰਜਵਲਿਤ ਕਰਕੇ ਕੀਤੀ ਗਈ। ਇਸ ਉਪਰੰਤ ਕਿੰਡਰਗਾਰਟਨ ਦੇ ਨੰਨ੍ਹੇ ਵਿਦਿਆਰਥੀਆਂ ਨੂੰ ਵੱਖ-ਵੱਖ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ। ਵਿਦਿਆਰਥੀਆਂ ਨੂੰ ਹੈੱਡ ਬੁਆਏ, ਹੈੱਡ ਗਰਲ, ਵਾਈਸ ਹੈੱਡ ਬੁਆਏ, ਵਾਈਸ ਹੈੱਡ ਗਰਲ, ਐਕਟੀਵਿਟੀ ਹੈੱਡ, ਡਿਸਿਪਲਿਨ ਹੈੱਡ, ਈਕੋ ਵਾਰੀਅਰਜ਼ ਅਤੇ ਸਪੋਰਟਸ ਕੈਪਟਨ ਦੇ ਅਹੁਦਿਆਂ ਲਈ ਬੈਜ ਪ੍ਰਦਾਨ ਕੀਤੇ ਗਏ। ਬੈਜ ਪ੍ਰਾਪਤ ਕਰਦੇ ਸਮੇਂ ਬੱਚਿਆਂ ਵਿਚ ਭਾਰੀ ਉਤਸ਼ਾਹ ਅਤੇ ਮਾਣ ਦੇਖਣ ਨੂੰ ਮਿਲਿਆ। ਇਸ ਸਮਾਰੋਹ ਨੇ ਬੱਚਿਆਂ ਵਿੱਚ ਆਪਣੀਆਂ ਜ਼ਿੰਮੇਵਾਰੀਆਂ ਪ੍ਰਤੀ ਵਚਨਬੱਧਤਾ ਅਤੇ ਮਾਣ ਦੀ ਭਾਵਨਾ ਪੈਦਾ ਕੀਤੀ। ਨੰਨ੍ਹੇ ਵਿਦਿਆਰਥੀਆਂ ਨੇ ਪੂਰੇ ਆਤਮ-ਵਿਸ਼ਵਾਸ ਨਾਲ ਆਪਣੀਆਂ ਨਵੀਆਂ ਜ਼ਿੰਮੇਵਾਰੀਆਂ ਨੂੰ ਸਵੀਕਾਰ ਕੀਤਾ। ਉਨ੍ਹਾਂ ਨੂੰ ਆਪਣੇ ਸਾਥੀਆਂ ਲਈ ਚੰਗੀ ਮਿਸਾਲ ਬਣਨ, ਅਨੁਸ਼ਾਸਨ ਦੀ ਪਾਲਣਾ ਕਰਨ, ਵਾਤਾਵਰਣ ਪ੍ਰਤੀ ਜਾਗਰੂਕ ਰਹਿਣ ਅਤੇ ਖੇਡਾਂ ਤੇ ਸਕੂਲ ਦੀਆਂ ਹੋਰ ਗਤੀਵਿਧੀਆਂ ਵਿੱਚ ਭੂਮਿਕਾ ਨਿਭਾਉਣ ਲਈ ਪ੍ਰੇਰਿਤ ਕੀਤਾ ਗਿਆ। ਡਾ. ਰੁਦਰਾ ਨੇ ਕਿਹਾ ਕਿ ਲੀਡਰਸ਼ਿਪ ਸਿਰਫ਼ ਅੱਗੇ ਰਹਿਣ ਜਾਂ ਸਭ ਤੋਂ ਵਧੀਆ ਬਣਨ ਦਾ ਨਾਮ ਨਹੀਂ, ਬਲਕਿ ਆਪਣੇ ਨਾਲ ਜੁੜੇ ਹੋਰਨਾਂ ਲੋਕਾਂ ਦੀ ਸਮਰੱਥਾ ਨੂੰ ਵੀ ਉਭਾਰਨ ਦੀ ਯੋਗਤਾ ਹੈ। ਉਨ੍ਹਾਂ ਕਿਹਾ ਕਿ ਸਕੂਲ ਵਿਚ ਕਰਵਾਏ ਜਾਂਦੇ ਅਜਿਹੇ ਪ੍ਰੋਗਰਾਮ ਬੱਚਿਆਂ ਨੂੰ ਕਿਤਾਬੀ ਸਿੱਖਿਆ ਦੇ ਨਾਲ-ਨਾਲ ਜੀਵਨ ਦੀਆਂ ਅਸਲ ਜ਼ਿੰਮੇਵਾਰੀਆਂ ਨੂੰ ਸਮਝਣ ਦਾ ਮੌਕਾ ਦਿੰਦੇ ਹਨ।



ਵਿਵੇਕਾਨੰਦ ਵਰਲਡ ਸਕੂਲ ਵਿਚ ਕਿੰਡਰਗਾਰਟਨ ਵਿਦਿਆਰਥੀਆਂ ਦੇ ਇਨਵੈਸਟੀਚਰ ਸਮਾਰੋਹ 'ਚ ਵਿਦਿਆਰਥੀ।

## ਸੰਖੇਪ ਖਬਰਾਂ

### ਸ੍ਰੀ ਦਸ਼ਮੇਸ਼ ਅਕੈਡਮੀ ਲਈ ਨਵੇਂ ਤੇ ਸਥਾਨਕ ਪ੍ਰਿੰਸੀਪਲ ਦੀ ਨਿਯੁਕਤੀ ਦੀ ਮੰਗ



**ਸ੍ਰੀ ਆਨੰਦਪੁਰ ਸਾਹਿਬ (ਚਾਨਾ):** ਸ੍ਰੀ ਦਸ਼ਮੇਸ਼ ਅਕੈਡਮੀ ਦੀ ਪ੍ਰਿੰਸੀਪਲ ਖ਼ ?ਲਾਫ਼ ਮਾਮਲਾ ਦਰਜ ਹੋਣ ਤੋਂ ਬਾਅਦ ਪੈਦਾ ਹੋਈ ਸਥਿਤੀ ਦੇ ਮੱਦੇਨਜ਼ਰ ਭਾਜਪਾ ਮੰਡਲ ਸ੍ਰੀ ਆਨੰਦਪੁਰ ਸਾਹਿਬ ਦੇ ਪ੍ਰਧਾਨ ਅਤੇ ਅਕੈਡਮੀ ਵਿੱਚ ਪੜ੍ਹਦੇ ਇੱਕ ਵਿਦਿਆਰਥੀ ਦੇ ਮਾਪੇ ਰਤਨ ਧਨੇੜਾ ਨੇ ਮੈਨੇਜਮੈਂਟ ਤੋਂ ਸਕੂਲ ਲਈ ਤੁਰੰਤ ਨਵੇਂ ਪ੍ਰਿੰਸੀਪਲ ਦੀ ਨਿਯੁਕਤੀ ਕਰਨ ਦੀ ਮੰਗ ਕੀਤੀ ਹੈ। ਰਤਨ ਧਨੇੜਾ ਨੇ ਕਿਹਾ ਕਿ ਪ੍ਰਿੰਸੀਪਲ ਖ਼ ?ਲਾਫ਼ ਮਾਮਲਾ ਦਰਜ ਹੋਣ ਤੋਂ ਬਾਅਦ ਕਾਫ਼ੀ ਸਮਾਂ ਬੀਤ ਚੁੱਕਾ ਹੈ। ਅਜਿਹੇ ਹਾਲਾਤ ਵਿੱਚ ਅਕੈਡਮੀ ਦੇ ਰੋਜ਼ਾਨਾ ਪ੍ਰਬੰਧ ਅਤੇ ਵਿਦਿਅਕ ਸਰਗਰਮੀਆਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਸਕੂਲ ਨੂੰ ਨਿਯਮਤ ਮੁਖੀ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਮੈਨੇਜਮੈਂਟ, ਅਧਿਆਪਕਾਂ, ਵਿਦਿਆਰਥੀਆਂ ਅਤੇ ਮਾਪਿਆਂ ਵਿੱਚ ਸਪੱਸ਼ਟਤਾ ਬਣਾਈ ਰੱਖਣ ਲਈ ਪ੍ਰਬੰਧਕੀ ਪੱਧਰ 'ਤੇ ਜਲਦ ਫ਼ੈਸਲਾ ਲਿਆ ਜਾਣਾ ਚਾਹੀਦਾ ਹੈ। ਉਨ੍ਹਾਂ ਮੀਡੀਆ ਰਾਹੀਂ ਅਕੈਡਮੀ ਦੀ ਮੈਨੇਜਮੈਂਟ ਅੱਗੇ ਮੰਗ ਰੱਖਦਿਆਂ ਕਿਹਾ ਕਿ ਨਵੇਂ ਪ੍ਰਿੰਸੀਪਲ ਦੀ ਨਿਯੁਕਤੀ ਕਰਦਿਆਂ ਸਥਾਨਕ ਵਿਅਕਤੀ ਨੂੰ ਤਰਜੀਹ ਦਿੱਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਥਾਨਕ ਪ੍ਰਿੰਸੀਪਲ ਹੋਣ ਨਾਲ ਇਲਾਕੇ ਦੇ ਮਾਪਿਆਂ ਨਾਲ ਬਿਹਤਰ ਤਾਲਮੇਲ ਬਣਾਉਣ ਅਤੇ ਉਨ੍ਹਾਂ ਦਾ ਸੰਸਥਾ ਪ੍ਰਤੀ ਭਰੋਸਾ ਮੁੜ ਮਜ਼ਬੂਤ ਕਰਨ ਵਿੱਚ ਮਦਦ ਮਿਲ ਸਕਦੀ ਹੈ। ਰਤਨ ਧਨੇੜਾ ਅਨੁਸਾਰ ਸ੍ਰੀ ਦਸ਼ਮੇਸ਼ ਅਕੈਡਮੀ ਵਿੱਚ ਇਸ ਸਮੇਂ ਕਰੀਬ 600 ਤੋਂ 700 ਵਿਦਿਆਰਥੀ ਸਿੱਖਿਆ ਪ੍ਰਾਪਤ ਕਰ ਰਹੇ ਹਨ ਅਤੇ ਇੰਨੀ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨਾਲ ਜੁੜੀ ਸੰਸਥਾ ਦੇ ਪ੍ਰਬੰਧ ਵਿੱਚ ਕਿਸੇ ਤਰ੍ਹਾਂ ਦੀ ਅਸਪੱਸ਼ਟਤਾ ਨਹੀਂ ਰਹਿਣੀ ਚਾਹੀਦੀ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀ ਪੜ੍ਹਾਈ ਅਤੇ ਅਕੈਡਮੀ ਦੀਆਂ ਹੋਰ ਗਤੀਵਿਧੀਆਂ ਪ੍ਰਭਾਵਿਤ ਨਾ ਹੋਣ, ਇਸ ਲਈ ਮੈਨੇਜਮੈਂਟ ਨੂੰ ਪਹਿਲ ਦੇ ਆਧਾਰ 'ਤੇ ਕਦਮ ਚੁੱਕਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ ਅਕੈਡਮੀ ਵਿੱਚ ਹਾਲ ਹੀ ਵਿੱਚ ਆਰਮੀ ਸਕੂਲ ਵੀ ਸਥਾਪਿਤ ਕੀਤਾ ਗਿਆ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਜੇਕਰ ਅਕੈਡਮੀ ਦਾ ਪ੍ਰਬੰਧ ਸੁਚਾਰੂ ਢੰਗ ਨਾਲ ਚਲਦਾ ਹੈ ਤਾਂ ਆਰਮੀ ਸਕੂਲ ਵਿੱਚ ਵੀ ਵਿਦਿਆਰਥੀਆਂ ਦੀ ਗਿਣਤੀ ਵਿੱਚ ਵਾਧਾ ਹੋ ਸਕਦਾ ਹੈ। ਉਨ੍ਹਾਂ ਮੈਨੇਜਮੈਂਟ ਨੂੰ ਅਪੀਲ ਕੀਤੀ ਕਿ ਵਿਦਿਆਰਥੀਆਂ ਅਤੇ ਮਾਪਿਆਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦਿਆਂ ਬਿਨਾਂ ਕਿਸੇ ਦੇਰੀ ਦੇ ਨਵੇਂ ਪ੍ਰਿੰਸੀਪਲ ਦੀ ਨਿਯੁਕਤੀ ਕੀਤੀ ਜਾਵੇ।

### ਸੇਂਟ ਐਂਡਰਿਊਜ਼ ਕਾਨਵੈਂਟ ਸਕੂਲ ਦੇ ਐਮਡੀ ਰਮੇਸ਼ ਸੈਣੀ ਨੂੰ 'ਦਿ ਗੋਲਡਨ ਓਵੇਸ਼ਨ ਅਵਾਰਡ ਆਫ਼ ਇੰਡੀਆ' ਨਾਲ ਸਨਮਾਨਤ ਕੀਤਾ




**ਹੁਸ਼ਿਆਰਪੁਰ (ਰਿੰਕੂ ਥਾਪਰ):** ਸੇਂਟ ਐਂਡਰਿਊਜ਼ ਕਾਨਵੈਂਟ ਸਕੂਲ ਲਈ ਇਹ ਮਾਣ ਵਾਲੀ ਗੱਲ ਹੈ ਕਿ ਇਸਦੇ ਐਮਡੀ, ਰਮੇਸ਼ ਸੈਣੀ ਨੂੰ ਸਿੱਖਿਆ ਦੇ ਖੇਤਰ ਵਿੱਚ ਉਨ੍ਹਾਂ ਦੇ ਸ਼ਾਨਦਾਰ ਯੋਗਦਾਨ ਅਤੇ ਸ਼ਾਨਦਾਰ ਕੰਮ ਲਈ ਵੱਕਾਰੀ 'ਦਿ ਗੋਲਡਨ ਓਵੇਸ਼ਨ ਅਵਾਰਡ ਆਫ਼ ਇੰਡੀਆ' ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਸਨਮਾਨ ਹਿਮਾਚਲ ਪ੍ਰਦੇਸ਼ ਦੇ ਕਾਂਗੜਾ ਵਿੱਚ ਆਯੋਜਿਤ 'ਜਲਸਾ 2026 ਸੀਜ਼ਨ 5' ਦੇ ਗ੍ਰੈਂਡ ਐਵਾਰਡ ਸ਼ੋਅ ਦੌਰਾਨ ਪੇਸ਼ ਕੀਤਾ ਗਿਆ। ਇਸ ਸਮਾਗਮ ਵਿੱਚ ਬਾਲੀਵੁੱਡ ਅਦਾਕਾਰਾ ਮੰਦਾਕਿਨੀ ਸੈਲੀਬ੍ਰਿਟੀ ਮਹਿਮਾਨ ਵਜੋਂ ਮੌਜੂਦ ਸੀ। ਰਮੇਸ਼ ਸੈਣੀ ਨੂੰ ਇਹ ਸਨਮਾਨ ਮਿਲਣਾ ਨਾ ਸਿਰਫ਼ ਉਨ੍ਹਾਂ ਦੇ ਨਿੱਜੀ ਯੋਗਦਾਨ ਦੀ ਮਾਨਤਾ ਹੈ, ਸਗੋਂ ਸੇਂਟ ਐਂਡਰਿਊਜ਼ ਕਾਨਵੈਂਟ ਸਕੂਲ ਲਈ ਮਾਣ ਅਤੇ ਸਨਮਾਨ ਦੀ ਗੱਲ ਵੀ ਹੈ। ਸਕੂਲ ਪਰਿਵਾਰ ਨੇ ਇਸ ਪ੍ਰਾਪਤੀ 'ਤੇ ਖੁਸ਼ੀ ਪ੍ਰਗਟ ਕੀਤੀ ਅਤੇ ਕਿਹਾ ਕਿ ਸੈਣੀ ਦੀ ਅਗਵਾਈ ਬਾਲੀਵੁੱਡ ਅਦਾਕਾਰਾ ਮੰਦਾਕਿਨੀ ਐਮਡੀ ਰਮੇਸ਼ ਸੈਣੀ ਨੂੰ ਵੱਕਾਰੀ 'ਦਿ ਗੋਲਡਨ ਓਵੇਸ਼ਨ ਅਵਾਰਡ ਆਫ਼ ਇੰਡੀਆ' ਪ੍ਰਦਾਨ ਕਰਦੀ ਹੋਈ ਉਨ੍ਹਾਂ ਦੀ ਦੂਰਦਰਸ਼ੀ ਸੋਚ ਅਤੇ ਦੂਰਦਰਸ਼ਤਾ ਨੇ ਸਿੱਖਿਆ ਦੇ ਖੇਤਰ ਵਿੱਚ ਸਕੂਲ ਨੂੰ ਲਗਾਤਾਰ ਨਵੀਆਂ ਉਚਾਈਆਂ 'ਤੇ ਪਹੁੰਚਾਉਣ ਵਿੱਚ ਮੁੱਖ ਭੂਮਿਕਾ ਨਿਭਾਈ ਹੈ। ਸਕੂਲ ਦੇ ਪ੍ਰਿੰਸੀਪਲ, ਵਾਈਸ ਪ੍ਰਿੰਸੀਪਲ, ਅਧਿਆਪਕਾਂ, ਵਿਦਿਆਰਥੀਆਂ ਅਤੇ ਸਮੁੱਚੇ ਸਟਾਫ਼ ਨੇ ਰਮੇਸ਼ ਸੈਣੀ ਨੂੰ ਇਸ ਪ੍ਰਾਪਤੀ 'ਤੇ ਦਿਲੋਂ ਵਧਾਈਆਂ ਅਤੇ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਇਹ ਸਨਮਾਨ ਸੇਂਟ ਐਂਡਰਿਊਜ਼ ਕਾਨਵੈਂਟ ਸਕੂਲ ਪਰਿਵਾਰ ਲਈ ਨਿਸ਼ਚਤ ਤੌਰ 'ਤੇ ਇੱਕ ਯਾਦਗਾਰੀ ਅਤੇ ਮਾਣ ਵਾਲੀ ਪ੍ਰਾਪਤੀ ਹੈ।

# ਖ਼ਾਲਸਾ ਕਾਲਜ ਦੇ ਸਾਬਕਾ ਵਿਦਿਆਰਥੀ ਗਗਨਦੀਪ ਨੇ ਜਿੱਤਿਆ ਪੀਟੀਸੀ ਪੰਜਾਬੀ ਦਾ 'ਵਾਇਸ ਆਫ਼ ਪੰਜਾਬ ਮਾਸਟਰ ਚੈਂਪਸ'

## ਖ਼ਾਲਸਾ ਕਾਲਜ 'ਚੋਂ ਐੱਮ.ਏ. ਮਿਊਜ਼ਿਕ (ਵੋਕਲ) ਦੀ ਕੀਤੀ ਪੜ੍ਹਾਈ; ਸੰਗੀਤ ਦੇ ਖੇਤਰ 'ਚ ਕਾਲਜ ਅਤੇ ਇਲਾਕੇ ਦਾ ਨਾਮ ਕੀਤਾ ਰੌਸ਼ਨ

ਜਨ ਜਾਗਰਣ ਬਿਊਰੋ

**ਸ੍ਰੀ ਆਨੰਦਪੁਰ ਸਾਹਿਬ (ਚਾਨਾ):** ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਸ੍ਰੀ ਅਨੰਦਪੁਰ ਸਾਹਿਬ ਦੇ ਸਾਬਕਾ ਵਿਦਿਆਰਥੀ ਗਗਨਦੀਪ ਸਿੰਘ ਨੇ ਆਪਣੀ ਸੁਰੀਲੀ ਆਵਾਜ਼ ਅਤੇ ਬੇਮਿਸਾਲ ਗਾਇਕੀ ਦੇ ਦਮ 'ਤੇ ਪੀਟੀਸੀ ਪੰਜਾਬੀ ਚੈਨਲ ਦੇ ਪ੍ਰਸਿੱਧ ਸੰਗੀਤਕ ਸ਼ੋਅ 'ਵਾਇਸ ਆਫ ਪੰਜਾਬ ਮਾਸਟਰ ਚੈਂਪਸ 11' ਦਾ ਖਿਤਾਬ ਜਿੱਤ ਕੇ ਕਾਲਜ, ਆਪਣੇ ਪਰਿਵਾਰ ਅਤੇ ਸਮੁੱਚੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਗਗਨਦੀਪ ਦੀ ਇਸ ਸ਼ਾਨਦਾਰ ਪ੍ਰਾਪਤੀ ਨਾਲ ਕਾਲਜ ਦੇ ਸਟਾਫ ਅਤੇ ਵਿਦਿਆਰਥੀਆਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ। ਮਾਲੇਰਕੋਟਲਾ ਜ਼ਿਲ੍ਹੇ ਦੇ ਪਿੰਡ ਮਦਨੀਪੁਰ ਦਾ ਵਸਨੀਕ ਗਗਨਦੀਪ ਸਿੰਘ ਸੰਗੀਤ ਦੇ ਖੇਤਰ ਵਿੱਚ ਆਪਣੀ ਪ੍ਰਤਿਭਾ ਨੂੰ ਨਿਖਾਰਨ ਲਈ ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ ਸ੍ਰੀ ਆਨੰਦਪੁਰ ਸਾਹਿਬ ਵਿਖੇ ਸਾਲ 2023 ਤੋਂ 2025 ਤੱਕ ਪੜ੍ਹਿਆ। ਉਸਨੇ ਮਾਲੇਰਕੋਟਲਾ ਦੇ ਸਰਕਾਰੀ ਕਾਲਜ ਤੋਂ ਗ੍ਰੈਜੂਏਸ਼ਨ ਦੀ ਪੜ੍ਹਾਈ ਪੂਰੀ ਕਰਨ ਉਪਰੰਤ ਖਾਲਸਾ ਕਾਲਜ ਵਿੱਚ ਐੱਮ.ਏ. ਮਿਊਜ਼ਿਕ (ਵੋਕਲ) ਵਿੱਚ ਦਾਖਲਾ ਲਿਆ ਅਤੇ ਆਪਣੀ ਉੱਚ ਸਿੱਖਿਆ ਮੁਕੰਮਲ ਕੀਤੀ। ਗਗਨਦੀਪ ਦੀ ਇਸ ਪ੍ਰਾਪਤੀ 'ਤੇ ਕਾਲਜ ਦੇ ਪ੍ਰਿੰਸੀਪਲ ਡਾ. ਜਸਵੀਰ ਸਿੰਘ ਨੇ ਵਿਦਿਆਰਥੀ ਗਗਨਦੀਪ ਅਤੇ ਉਸਦੇ ਮਾਪਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇਹ ਸਿਰਫ਼ ਗਗਨਦੀਪ ਦੀ ਨਿੱਜੀ ਪ੍ਰਾਪਤੀ ਨਹੀਂ, ਸਗੋਂ ਉਸ ਸੰਸਥਾ ਲਈ ਵੀ ਮਾਣ ਵਾਲਾ ਪਲ ਹੈ ਜਿੱਥੋਂ ਉਸਨੇ ਸੰਗੀਤ ਦੀ ਉੱਚ ਸਿੱਖਿਆ ਪ੍ਰਾਪਤ ਕੀਤੀ ਹੈ। ਉਨ੍ਹਾਂ ਕਿਹਾ ਕਿ ਗਗਨਦੀਪ ਨੇ ਆਪਣੀ ਮਿਹਨਤ, ਲਗਨ, ਸਾਧਨਾ ਅਤੇ ਪ੍ਰਤਿਭਾ ਦੇ ਬਲਬੂਤੇ ਇਹ ਮੁਕਾਮ ਹਾਸਲ ਕੀਤਾ ਹੈ। ਉਨ੍ਹਾਂ ਕਿਹਾ ਕਿ ਖਾਲਸਾ ਕਾਲਜ ਹਮੇਸ਼ਾ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਰੁਚੀਆਂ ਅਤੇ ਪ੍ਰਤਿਭਾ ਅਨੁਸਾਰ ਅੱਗੇ ਵਧਣ ਲਈ ਮੰਚ ਅਤੇ ਮੌਕੇ ਪ੍ਰਦਾਨ ਕਰਦਾ ਹੈ ਅਤੇ ਗਗਨਦੀਪ ਦੀ ਸਫਲਤਾ ਹੋਰਨਾਂ ਵਿਦਿਆਰਥੀਆਂ ਲਈ ਵੀ ਪ੍ਰੇਰਣਾ ਦਾ ਸਰੋਤ ਬਣੇਗੀ। ਉਨ੍ਹਾਂ ਗਗਨਦੀਪ ਦੇ ਉਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੰਦਿਆਂ ਕਿਹਾ ਕਿ ਉਹ ਆਉਣ ਵਾਲੇ ਸਮੇਂ ਵਿੱਚ ਸੰਗੀਤ ਦੇ ਖੇਤਰ ਵਿੱਚ ਹੋਰ ਵੱਡੀਆਂ ਉਪਲਬਧੀਆਂ ਹਾਸਲ ਕਰੇ। ਇਸ ਮੌਕੇ ਕਾਲਜ ਦੇ ਡੀਨ ਕਲਚਰਲ ਅਤੇ ਮਿਊਜ਼ਿਕ ਵਿਭਾਗ ਦੇ ਮੁਖੀ ਡਾ. ਜੇ.ਪੀ. ਸਿੰਘ ਨੇ ਗਗਨਦੀਪ ਦੀ ਪ੍ਰਾਪਤੀ ਨੂੰ ਕਾਲਜ ਲਈ ਬੇਹੱਦ ਮਾਣ ਵਾਲਾ ਪਲ ਕਰਾਰ ਦਿੰਦਿਆਂ ਕਿਹਾ ਕਿ ਸੰਗੀਤ ਇੱਕ ਅਜਿਹੀ ਕਲਾ ਹੈ ਜਿਸ ਵਿੱਚ ਨਿਰੰਤਰ ਰਿਆਜ਼, ਅਨੁਸ਼ਾਸਨ ਅਤੇ ਸਮਰਪਣ ਦੀ ਲੋੜ ਹੁੰਦੀ ਹੈ। ਉਨ੍ਹਾਂ ਕਿਹਾ ਕਿ ਗਗਨਦੀਪ ਨੇ ਆਪਣੀ ਪ੍ਰਤਿਭਾ ਨੂੰ ਸਖ਼ਤ ਮਿਹਨਤ ਨਾਲ ਤਰਾਸ਼ਦਿਆਂ ਇਹ ਸਾਬਤ ਕੀਤਾ ਹੈ ਕਿ ਸਹੀ ਮਾਰਗਦਰਸ਼ਨ ਅਤੇ ਮੌਕਾ ਮਿਲਣ 'ਤੇ ਸਾਡੇ ਵਿਦਿਆਰਥੀ ਰਾਸ਼ਟਰੀ ਪੱਧਰ 'ਤੇ ਆਪਣੀ ਵਿਲੱਖਣ ਪਛਾਣ ਬਣਾ ਸਕਦੇ ਹਨ। ਉਨ੍ਹਾਂ ਕਿਹਾ ਕਿ ਖਾਲਸਾ ਕਾਲਜ ਲਈ ਇਹ ਵਿਸ਼ੇਸ਼ ਮਾਣ ਦੀ ਗੱਲ ਹੈ ਕਿ ਇੱਥੋਂ ਸੰਗੀਤ ਦੀ ਸਿੱਖਿਆ ਪ੍ਰਾਪਤ ਕਰਨ ਵਾਲਾ ਵਿਦਿਆਰਥੀ ਅੱਜ ਪੰਜਾਬ ਦੇ ਪ੍ਰਸਿੱਧ ਸੰਗੀਤਕ ਮੰਚ 'ਤੇ ਆਪਣੀ ਕਲਾ ਦਾ ਲੋਹਾ ਮਨਵਾ ਰਿਹਾ ਹੈ। ਡਾ. ਜੇ.ਪੀ ਸਿੰਘ ਨੇ ਗਗਨਦੀਪ ਦੀ ਇਸ ਪ੍ਰਾਪਤੀ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਉਸਨੇ ਆਪਣੀ ਮਿਹਨਤ ਅਤੇ ਕਲਾ ਨਾਲ ਨਾ ਸਿਰਫ਼ ਆਪਣੇ ਮਾਪਿਆਂ ਦਾ ਸਿਰ ਮਾਣ ਨਾਲ ਉੱਚਾ ਕੀਤਾ ਹੈ, ਬਲਕਿ ਆਪਣੇ ਕਾਲਜ ਦਾ ਨਾਮ ਵੀ ਰੌਸ਼ਨ ਕੀਤਾ ਹੈ।




# ਕੰਪਿਊਟਰ ਅਧਿਆਪਕ 15 ਅਗਸਤ ਮੌਕੇ ਰਾਜ ਪੱਧਰੀ ਸਮਾਗਮ 'ਚ ਕਰਨਗੇ ਗੁਪਤ ਐਕਸ਼ਨ



**ਸ੍ਰੀ ਮੁਕਤਸਰ ਸਾਹਿਬ (ਦੀਪੰਕਰ):** ਸਟੇਟ ਕਮੇਟੀ ਮੈਂਬਰ ਕੰਪਿਊਟਰ ਟੀਚਰ ਯੂਨੀਅਨ ਪੰਜਾਬ ਹਰਜੀਤ ਸਿੰਘ ਅਤੇ ਕੰਪਿਊਟਰ ਟੀਚਰ ਯੂਨੀਅਨ ਸ੍ਰੀ ਮੁਕਤਸਰ ਸਾਹਿਬ ਦੇ ਜਿਲ੍ਹਾ ਪ੍ਰਧਾਨ ਸਰਦਾਰ ਲਖਰਾਜ ਸਿੰਘ ਦੀ ਅਗਵਾਈ ਵਿੱਚ ਮੀਟਿੰਗ ਕੀਤੀ ਗਈ। ਜਿਸ ਵਿੱਚ ਭਾਰੀ ਗਿਣਤੀ ਵਿੱਚ ਕੰਪਿਊਟਰ ਅਧਿਆਪਕਾਂ ਨੇ ਭਾਗ ਲਿਆ। ਮੀਟਿੰਗ ਦੌਰਾਨ ਇਹ ਫੈਸਲਾ ਲਿਆ ਗਿਆ ਕਿ ਜੇਕਰ 13 ਅਗਸਤ 2026 ਦੀ ਹੋਣ ਜਾ ਰਹੀ ਸਬ ਕਮੇਟੀ ਦੀ ਮੀਟਿੰਗ ਵਿੱਚ ਕੰਪਿਊਟਰ ਅਧਿਆਪਕਾਂ ਦੀਆਂ ਮੰਗਾਂ ਦਾ ਕੋਈ ਸਾਰਥਕ ਹੱਲ ਨਾ ਕੀਤਾ ਗਿਆ ਤਾਂ 15 ਅਗਸਤ ਨੂੰ ਫਿਰੋਜ਼ਪੁਰ ਵਿੱਚ ਕੰਪਿਊਟਰ ਅਧਿਆਪਕਾਂ ਵੱਲੋਂ ਗੁਪਤ ਐਕਸ਼ਨ ਕੀਤਾ ਜਾਵੇਗਾ। ਬਲਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਕਾਲੀਆਂ ਝੰਡੀਆਂ ਦਿਖਾ ਕੇ ਰੋਸ ਵੀ ਪ੍ਰਗਟ ਕੀਤਾ ਜਾਵੇਗਾ।

# ਆਈ.ਐਸ.ਐਫ. ਕਾਲਜ ਆਫ਼ ਫ਼ਾਰਮੇਸੀ ਵਿਚ ਸਾਵਣ ਸ਼ਿਵਰਾਤਰੀ ਮੌਕੇ ਭਜਨ ਸੰਧਿਆ ਦਾ ਆਯੋਜਨ

ਜਨ ਜਾਗਰਣ ਬਿਊਰੋ

**ਮੋਗਾ (ਲਛਮਣ ਜੀਤ ਸਿੰਘ ਪੁਰਬਾ):** ਰਾਜ ਦੀ ਪ੍ਰਮੁੱਖ ਸਿੱਖਿਆ ਸੰਸਥਾ ਆਈ.ਐਸ.ਐਫ. ਕਾਲਜ ਆਫ਼ ਫਾਰਮੇਸੀ ਦੇ ਪ੍ਰਾਂਗਣ ਵਿੱਚ ਸਥਿਤ ਮੰਦਰ ਵਿਖੇ ਸਾਵਣ ਸ਼ਿਵਰਾਤਰੀ ਦੀ ਪਵਿੱਤਰ ਰਾਤ ਨੂੰ ਭਜਨ ਸੰਧਿਆ ਦਾ ਆਯੋਜਨ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਪੰਡਿਤ ਰਾਮ ਚੰਦਰ ਕੌਸ਼ਿਕ ਦੀ ਅਗਵਾਈ ਹੇਠ ਸੰਸਥਾ ਦੇ ਚੇਅਰਮੈਨ ਪ੍ਰਵੀਨ ਗਰਗ, ਸਕੱਤਰ ਇੰਜੀ. ਜਨੇਸ਼ ਗਰਗ, ਡਾ. ਮੁਸਕਾਨ ਗਰਗ, ਡਾਇਰੈਕਟਰ ਡਾ. ਜੀ.ਡੀ. ਗੁਪਤਾ, ਆਈ. ਐਸ.ਐਫ. ਸੀ.ਪੀ. ਆਰ. ਦੇ ਪ੍ਰਿੰਸੀਪਲ ਡਾ. ਆਰ.ਕੇ. ਨਾਰੰਗ, ਫੈਕਲਟੀ ਮੈਂਬਰਾਂ ਅਤੇ ਵਿਦਿਆਰਥੀਆਂ ਵੱਲੋਂ ਭਗਵਾਨ ਸ਼ਿਵ ਅਤੇ ਮਾਤਾ ਦੁਰਗਾ ਦੀ ਪੂਜਾ-ਅਰਚਨਾ ਕਰਕੇ ਜੋਤੀ ਪ੍ਰਜਵਲਿਤ ਕਰਨ ਦੀ ਰਸਮ ਨਾਲ ਹੋਈ। ਇਸ ਮੌਕੇ ਸੰਸਥਾ ਦੇ ਡਾਇਰੈਕਟਰ ਡਾ. ਜੀ.ਡੀ. ਗੁਪਤਾ ਨੇ ਭਗਵਾਨ ਸ਼ਿਵ ਦੀ ਆਰਾਧਨਾ ਦੀ ਮਹਿਮਾ ਬਾਰੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਜਦੋਂ ਵੀ ਮਨੁੱਖ ਆਪਣੇ ਆਪ ਨੂੰ ਪਰੇਸ਼ਾਨੀ ਜਾਂ ਤਣਾਅ ਵਿੱਚ ਮਹਿਸੂਸ ਕਰਦਾ ਹੈ ਤਾਂ ਉਹ ਪਰਮਾਤਮਾ ਦੀ ਸ਼ਰਨ ਵਿੱਚ ਜਾਂਦਾ ਹੈ, ਜਿਸ ਨਾਲ ਉਸ ਨੂੰ ਮਾਨਸਿਕ ਸ਼ਾਂਤੀ ਅਤੇ ਸਮੱਸਿਆਵਾਂ ਤੋਂ ਮੁਕਤੀ ਪ੍ਰਾਪਤ ਕਰਨ ਵਿੱਚ ਸਹਾਇਤਾ ਮਿਲਦੀ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਕੰਪਿਊਟਰ ਵਿੱਚ ਐਂਟੀਵਾਇਰਸ ਸਥਾਪਿਤ ਕੀਤਾ ਜਾਂਦਾ ਹੈ ਤਾਂ ਜੋ ਕੋਈ ਵਾਇਰਸ ਕੰਪਿਊਟਰ ਨੂੰ ਨੁਕਸਾਨ ਨਾ ਪਹੁੰਚਾ ਸਕੇ, ਉਸੇ ਤਰ੍ਹਾਂ ਮਨੁੱਖ ਨੂੰ ਵੀ ਭਗਵਾਨ ਸ਼ਿਵ ਜਾਂ ਜਿਸ ਵੀ ਦੇਵਤਾ ਵਿੱਚ ਉਸ ਦੀ ਆਸਥਾ ਹੈ, ਉਸ ਨਾਲ ਲਗਾਤਾਰ ਜੁੜ ਕੇ ਆਪਣੇ ਜੀਵਨ ਵਿੱਚ 'ਈਸ਼ਵਰ ਰੂਪੀ ਗਿਆਨ' ਦਾ ਐਂਟੀਵਾਇਰਸ ਸਥਾਪਿਤ ਕਰਨਾ ਚਾਹੀਦਾ ਹੈ। ਇਸ ਨਾਲ ਜੀਵਨ ਨੂੰ ਸਾਫ਼-ਸੁਥਰਾ, ਤਣਾਅ-ਮੁਕਤ ਅਤੇ ਖੁਸ਼ਹਾਲ ਬਣਾਇਆ ਜਾ ਸਕਦਾ ਹੈ। ਇਸ ਮੌਕੇ ਸੰਸਥਾ ਦੇ ਚੇਅਰਮੈਨ ਪ੍ਰਵੀਨ ਗਰਗ ਨੇ ਸਭ ਦੀ ਭਲਾਈ ਅਤੇ ਖੁਸ਼ਹਾਲੀ ਦੀ ਕਾਮਨਾ ਕਰਦਿਆਂ ਵਿਦਿਆਰਥੀਆਂ ਨੂੰ ਕਰਮਯੋਗੀ ਬਣਨ ਲਈ ਪ੍ਰੇਰਿਤ ਕੀਤਾ। ਡਾਇਰੈਕਟਰ ਡਾ. ਜੀ.ਡੀ. ਗੁਪਤਾ ਨੇ ਗਣੇਸ਼ ਵੰਦਨਾ ਅਤੇ ਭਗਵਾਨ ਸ਼ਿਵ ਦੇ ਭਜਨ ਗਾ ਕੇ ਸਮਾਗਮ ਨੂੰ ਭਗਤੀਮਈ ਬਣਾਇਆ। ਇਸ ਤੋਂ ਇਲਾਵਾ ਕਈ ਵਿਦਿਆਰਥੀਆਂ ਨੇ ਵੀ ਭਜਨ ਪੇਸ਼ ਕੀਤੇ, ਜਿਸ ਨਾਲ ਪੂਰਾ ਪ੍ਰਾਂਗਣ ਭਗਤੀ ਦੇ ਰੰਗ ਵਿੱਚ ਰੰਗਿਆ ਗਿਆ। ਇਸ ਮੌਕੇ ਡਾ. ਜੀ.ਐਸ. ਸ਼ਰਮਾ, ਡੀਨ ਸਟੂਡੈਂਟ ਵੈਲਫੇਅਰ, ਡਾ. ਸੰਤ ਕੁਮਾਰ ਵਰਮਾ, ਡਾ. ਵੇਦਪਾਲ, ਅਮਿਤ ਸ਼ਰਮਾ, ਨਵਨੀਸ਼, ਹੋਸਟਲ ਵਾਰਡਨ ਵਿਸ਼ਾਲ ਕੁਮਾਰ, ਰੇਸ਼ਮਾ ਰਾਣੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੇ ਸ਼ਿਰਕਤ ਕੀਤੀ। ਅੰਤ ਵਿੱਚ ਆਰਤੀ ਕੀਤੀ ਗਈ ਅਤੇ ਸੰਗਤ ਨੂੰ ਪ੍ਰਸਾਦ ਵੰਡਿਆ ਗਿਆ।



# ਟੀ.ਐਲ.ਐਫ. ਸਕੂਲ ਦੇ ਵਿਦਿਆਰਥੀਆਂ ਨੇ ਮਨੁੱਖੀ ਲੜੀ ਬਣਾ ਕੇ ਮਨਾਇਆ 80ਵਾਂ ਆਜ਼ਾਦੀ ਦਿਵਸ

ਜਨ ਜਾਗਰਣ ਬਿਊਰੋ

**ਮੋਗਾ (ਲਛਮਣ ਜੀਤ ਸਿੰਘ ਪੁਰਬਾ):** ਸ਼ਹਿਰ ਦੀ ਪ੍ਰਮੁੱਖ ਸਿੱਖਿਆ ਸੰਸਥਾ ਦ ਲਰਨਿੰਗ ਫੀਲਡ-ਏ ਗਲੋਬਲ ਸਕੂਲ (ਟੀ.ਐਲ.ਐਫ.) ਵਿਖੇ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਪ੍ਰਵੀਨ ਗਰਗ, ਚੇਅਰਮੈਨ ਇੰਜੀ. ਜਨੇਸ਼ ਗਰਗ ਅਤੇ ਡਾਇਰੈਕਟਰ ਡਾ. ਮੁਸਕਾਨ ਗਰਗ ਦੇ ਦਿਸ਼ਾ-ਨਿਰਦੇਸ਼ਾਂ ਤਹਿਤ 80ਵੇਂ ਆਜ਼ਾਦੀ ਦਿਵਸ ਦੇ ਸਬੰਧ ਵਿੱਚ ਵਿਦਿਆਰਥੀਆਂ ਵੱਲੋਂ ਵਿਸ਼ਾਲ ਮਨੁੱਖੀ ਲੜੀ ਦਾ ਆਯੋਜਨ ਕੀਤਾ ਗਿਆ। ਇਸ ਮਨੁੱਖੀ ਲੜੀ ਰਾਹੀਂ ਰਾਸ਼ਟਰੀ ਏਕਤਾ, ਅਨੁਸ਼ਾਸਨ, ਦੇਸ਼ ਭਗਤੀ ਅਤੇ ਸਮੂਹਿਕ ਭਾਵਨਾ ਦਾ ਪ੍ਰਭਾਵਸ਼ਾਲੀ ਸੰਦੇਸ਼ ਦਿੱਤਾ ਗਿਆ। ਸੈਂਕੜੇ ਵਿਦਿਆਰਥੀਆਂ ਨੇ ਪੂਰੇ ਉਤਸ਼ਾਹ ਅਤੇ ਅਨੁਸ਼ਾਸਨ ਨਾਲ ਵਿਸ਼ਾਲ ਮਨੁੱਖੀ ਲੜੀ ਬਣਾਈ ਅਤੇ 'ਵਿਭਿੰਨਤਾ ਵਿੱਚ ਏਕਤਾ' ਦੀ ਭਾਵਨਾ ਨੂੰ ਪ੍ਰਗਟ ਕੀਤਾ। ਤਿਰੰਗੇ ਨਾਲ ਖੜ੍ਹੇ ਵਿਦਿਆਰਥੀਆਂ ਦਾ ਦ੍ਰਿਸ਼ ਬੇਹੱਦ ਪ੍ਰੇਰਨਾਦਾਇਕ ਰਿਹਾ ਅਤੇ ਦੇਸ਼ ਪ੍ਰਤੀ ਉਨ੍ਹਾਂ ਦੇ ਪਿਆਰ ਤੇ ਸਤਿਕਾਰ ਨੂੰ ਦਰਸਾਉਂਦਾ ਰਿਹਾ। ਇਸ ਮੌਕੇ ਸਕੂਲ ਦੇ ਚੇਅਰਮੈਨ ਇੰਜੀ. ਜਨੇਸ਼ ਗਰਗ, ਡਾਇਰੈਕਟਰ ਡਾ. ਮੁਸਕਾਨ ਗਰਗ, ਡਾਇਰੈਕਟਰ ਅਕਾਦਮਿਕਸ ਗਗਨ ਸਿੰਘ, ਡੀਨ ਅਕਾਦਮਿਕਸ ਰਵਿੰਦਰ ਕੌਰ, ਐਚ.ਐਮ. ਸੋਨੀਆ ਸਚਦੇਵਾ, ਅਧਿਆਪਕ ਅਤੇ ਵਿਦਿਆਰਥੀ ਹਾਜ਼ਰ ਸਨ। ਸਕੂਲ ਦੀ ਪ੍ਰਿੰਸੀਪਲ ਨੀਤੂ ਡਾਂਡੀ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਅਸੀਂ ਜਿਸ ਆਜ਼ਾਦੀ ਦਾ ਆਨੰਦ ਮਾਣ ਰਹੇ ਹਾਂ, ਉਹ ਦੇਸ਼ ਦੇ ਮਹਾਨ ਆਜ਼ਾਦੀ ਸੈਨਾਨੀਆਂ ਅਤੇ ਵੀਰ ਸੈਨਿਕਾਂ ਦੀਆਂ ਕੁਰਬਾਨੀਆਂ ਦੀ ਅਮੁੱਲ ਵਿਰਾਸਤ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਏਕਤਾ, ਅਖੰਡਤਾ, ਅਨੁਸ਼ਾਸਨ, ਜ਼ਿੰਮੇਵਾਰੀ ਅਤੇ ਦੇਸ਼ ਭਗਤੀ ਦੇ ਮੁੱਲਾਂ ਨੂੰ ਜੀਵਨ ਵਿੱਚ ਅਪਨਾਉਣ ਅਤੇ ਮਜ਼ਬੂਤ ਤੇ ਤਰੱਕੀਸ਼ੀਲ ਭਾਰਤ ਦੇ ਨਿਰਮਾਣ ਵਿੱਚ ਆਪਣਾ ਸਕਾਰਾਤਮਕ ਯੋਗਦਾਨ ਪਾਉਣ ਲਈ ਪ੍ਰੇਰਿਤ ਕੀਤਾ। ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਨੇ ਦੇਸ਼ ਭਗਤੀ ਦੇ ਗੀਤ ਪੇਸ਼ ਕਰਕੇ ਪੂਰੇ ਸਕੂਲ ਕੈਂਪਸ ਨੂੰ ਰਾਸ਼ਟਰ ਭਗਤੀ ਦੇ ਰੰਗ ਵਿੱਚ ਰੰਗ ਦਿੱਤਾ। ਵਿਦਿਆਰਥੀਆਂ ਅਤੇ ਸਟਾਫ਼ ਨੇ ਰਾਸ਼ਟਰ ਦੀ ਮਰਿਆਦਾ ਕਾਇਮ ਰੱਖਣ, ਰਾਸ਼ਟਰੀ ਝੰਡੇ ਦਾ ਸਤਿਕਾਰ ਕਰਨ ਅਤੇ ਜ਼ਿੰਮੇਵਾਰ ਨਾਗਰਿਕ ਵਜੋਂ ਆਪਣੇ ਫਰਜ਼ ਨਿਭਾਉਣ ਦੀ ਸਹੁੰ ਵੀ ਚੁੱਕੀ। ਪ੍ਰੋਗਰਾਮ ਦਾ ਸਮਾਪਨ ਰਾਸ਼ਟਰੀ ਗੀਤ ਨਾਲ ਹੋਇਆ। ਸਾਰਿਆਂ ਨੇ ਪੂਰੇ ਮਾਣ ਅਤੇ ਸਤਿਕਾਰ ਨਾਲ ਰਾਸ਼ਟਰੀ ਗੀਤ ਵਿੱਚ ਭਾਗ ਲਿਆ। ਵਿਦਿਆਰਥੀਆਂ ਵੱਲੋਂ ਬਣਾਈ ਗਈ ਵਿਸ਼ਾਲ ਮਨੁੱਖੀ ਲੜੀ ਆਜ਼ਾਦੀ, ਏਕਤਾ, ਦੇਸ਼ ਭਗਤੀ, ਅਨੁਸ਼ਾਸਨ ਅਤੇ ਸਮੂਹਿਕ ਜ਼ਿੰਮੇਵਾਰੀ ਦਾ ਪ੍ਰਤੀਕ ਬਣੀ ਅਤੇ 80ਵੇਂ ਆਜ਼ਾਦੀ ਦਿਵਸ ਦੇ ਸਮਾਗਮ ਨੂੰ ਯਾਦਗਾਰ ਤੇ ਪ੍ਰੇਰਨਾਦਾਇਕ ਬਣਾ ਦਿੱਤਾ।



# ਦੇਸ਼ ਭਗਤ ਗਲੋਬਲ ਸਕੂਲ ਦੀਆਂ ਵਿਦਿਆਰਥਣਾਂ ਵਲੋਂ ਮੇਲਾ ਤੀਆਂ ਦਾ 'ਚ ਸ਼ਾਨਦਾਰ ਪੇਸ਼ਕਾਰੀ

## ਸੱਭਿਆਚਾਰਕ ਸਮਾਗਮ ਵਿਦਿਆਰਥੀਆਂ ਨੂੰ ਅਪਣੀ ਅਮੀਰ ਪੰਜਾਬੀ ਵਿਰਾਸਤ ਨਾਲ ਜੋੜਨ 'ਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ: ਪ੍ਰਿੰਸੀਪਲ

ਜਨ ਜਾਗਰਣ ਬਿਊਰੋ

**ਸ੍ਰੀ ਮੁਕਤਸਰ ਸਾਹਿਬ, (ਦੀਪਕ ਗਰਗ):** ਦੇਸ਼ ਭਗਤ ਕੈਂਪਸ, ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਅਤੇ ਦੇਸ਼ ਭਗਤ ਯੂਨੀਵਰਸਿਟੀ ਦੇ ਮਾਨਯੋਗ ਚਾਂਸਲਰ ਡਾਕਟਰ ਜ਼ੋਰਾ ਸਿੰਘ ਅਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਯੋਗ ਅਗਵਾਈ ਹੇਠ ਪ੍ਰਿੰਸੀਪਲ ਡਾ. ਸੰਜੀਵ ਜਿੰਦਲ ਅਤੇ ਵਾਈਸ ਪ੍ਰਿੰਸੀਪਲ ਡਾ. ਪਰਮਪ੍ਰੀਤ ਕੌਰ ਦੀ ਦੇਖ ਰੇਖ ਹੇਠ ਦੇਸ਼ ਭਗਤ ਗਲੋਬਲ ਸਕੂਲ ਕੋਟਕਪੂਰਾ ਰੋਡ, ਸ੍ਰੀ ਮੁਕਤਸਰ ਸਾਹਿਬ ਦੀਆਂ ਵਿਦਿਆਰਥਣਾਂ ਨੇ ਅਰਜਨ ਕੈਸਲ, ਸ੍ਰੀ ਮੁਕਤਸਰ ਸਾਹਿਬ ਵਿਖੇ ਮੇਲਾ ਤੀਆਂ ਦਾ ਸਮਾਗਮ ਵਿੱਚ ਆਪਣੀ ਸ਼ਾਨਦਾਰ ਸੱਭਿਆਚਾਰਕ ਪੇਸ਼ਕਾਰੀ ਭੰਗੜੇ ਰਾਹੀਂ ਸਭ ਦਾ ਮਨ ਮੋਹ ਲਿਆ। ਵਿਦਿਆਰਥਣਾਂ ਨੇ ਪੰਜਾਬੀ ਸੱਭਿਆਚਾਰ, ਵਿਰਸੇ ਅਤੇ ਤੀਆਂ ਦੀਆਂ ਰਵਾਇਤੀ ਝਲਕੀਆਂ ਨੂੰ ਭੰਗੜੇ ਸੱਭਿਆਚਾਰਕ ਪੇਸ਼ਕਾਰੀਆਂ ਰਾਹੀਂ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕੀਤਾ। ਉਨ੍ਹਾਂ ਦੀ ਪੇਸ਼ਕਾਰੀ ਨੂੰ ਦਰਸ਼ਕਾਂ ਵੱਲੋਂ ਭਰਪੂਰ ਸਰਾਹਨਾ ਮਿਲੀ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ. ਸੰਜੀਵ ਜਿੰਦਲ ਨੇ ਵਿਦਿਆਰਥਣਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਅਜਿਹੇ ਸੱਭਿਆਚਾਰਕ ਸਮਾਗਮ ਵਿਦਿਆਰਥੀਆਂ ਨੂੰ ਆਪਣੇ ਅਮੀਰ ਪੰਜਾਬੀ ਵਿਰਾਸਤ ਨਾਲ ਜੋੜਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਉਭਾਰਨ ਲਈ ਸਕੂਲ ਵੱਲੋਂ ਅਜਿਹੀਆਂ ਗਤੀਵਿਧੀਆਂ ਨੂੰ ਹਮੇਸ਼ਾ ਉਤਸ਼ਾਹਿਤ ਕੀਤਾ ਜਾਂਦਾ ਹੈ। ਵਾਈਸ ਪ੍ਰਿੰਸੀਪਲ ਡਾ. ਪਰਮਪ੍ਰੀਤ ਕੌਰ ਨੇ ਕਿਹਾ ਕਿ ਵਿਦਿਆਰਥਣਾਂ ਦੀ ਪੇਸ਼ਕਾਰੀ ਉਨ੍ਹਾਂ ਦੀ ਮਿਹਨਤ, ਅਨੁਸ਼ਾਸਨ ਅਤੇ ਕਲਾਤਮਕ ਪ੍ਰਤਿਭਾ ਦਾ ਪ੍ਰਤੀਕ ਹੈ। ਉਨ੍ਹਾਂ ਨੇ ਵਿਦਿਆਰਥਣਾਂ ਅਤੇ ਅਧਿਆਪਕਾਂ ਦੀ ਟੀਮ ਨੂੰ ਇਸ ਸ਼ਾਨਦਾਰ ਪ੍ਰਦਰਸ਼ਨ ਲਈ ਵਧਾਈ ਦਿੱਤੀ। ਚਾਂਸਲਰ ਡਾ. ਜ਼ੋਰਾ ਸਿੰਘ ਨੇ ਕਿਹਾ ਕਿ ਪੰਜਾਬੀ ਸੱਭਿਆਚਾਰ ਅਤੇ ਵਿਰਸੇ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣਾ ਸਮੇਂ ਦੀ ਲੋੜ ਹੈ ਉਨ੍ਹਾਂ ਵਿਦਿਆਰਥਣਾਂ ਦੀ ਪ੍ਰਤਿਭਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਮੰਚ ਬੱਚਿਆਂ ਵਿੱਚ ਆਤਮ-ਵਿਸ਼ਵਾਸ ਅਤੇ ਸੱਭਿਆਚਾਰਕ ਚੇਤਨਾ ਪੈਦਾ ਕਰਦੇ ਹਨ। ਪ੍ਰੋ-ਚਾਂਸਲਰ ਡਾ. ਤੇਜਿੰਦਰ ਕੌਰ ਨੇ ਵੀ ਵਿਦਿਆਰਥਣਾਂ ਦੀ ਪੇਸ਼ਕਾਰੀ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਪੰਜਾਬੀ ਲੋਕ-ਨਾਚ ਅਤੇ ਲੋਕ-ਪਰੰਪਰਾਵਾਂ ਸਾਡੀ ਪਹਿਚਾਣ ਹਨ। ਉਨ੍ਹਾਂ ਨੇ ਵਿਦਿਆਰਥਣਾਂ ਨੂੰ ਆਪਣੀ ਸੱਭਿਆਚਾਰਕ ਵਿਰਾਸਤ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ। ਸਮਾਗਮ ਦੌਰਾਨ ਦੇਸ਼ ਭਗਤ ਗਲੋਬਲ ਸਕੂਲ ਦੀਆਂ ਵਿਦਿਆਰਥਣਾਂ ਦੀ ਪੇਸ਼ਕਾਰੀ ਨੇ ਪੰਜਾਬੀ ਸੱਭਿਆਚਾਰ ਦੀ ਖੂਬਸੂਰਤੀ ਨੂੰ ਬਾਖੂਬੀ ਦਰਸਾਇਆ ਅਤੇ ਸਮਾਗਮ ਨੂੰ ਯਾਦਗਾਰ ਬਣਾ ਦਿੱਤਾ।



# ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਰੂਪਨਗਰ ਜ਼ਿਲ੍ਹੇ 'ਚ ਲਹਿਰਾਏਗੀ ਹਰਿਆਲੀ ਦੀ ਲਹਿਰ, ਲਗਾਏ ਜਾਣਗੇ 6.50 ਲੱਖ ਬੂਟੇ

ਜਨ ਜਾਗਰਣ ਬਿਊਰੋ

**ਰੂਪਨਗਰ (ਬਹਾਦਰਜੀਤ ਸਿੰਘ):** ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਜ਼ਿਲ੍ਹਾ ਪ੍ਰਸ਼ਾਸਨ ਰੂਪਨਗਰ ਵੱਲੋਂ ਵਾਤਾਵਰਣ ਦੀ ਸੰਭਾਲ ਅਤੇ ਹਰਿਆਲੀ ਨੂੰ ਹੁਲਾਰਾ ਦੇਣ ਲਈ ਜ਼ਿਲ੍ਹੇ ਭਰ ਵਿੱਚ 6.50 ਲੱਖ ਬੂਟੇ ਲਗਾਉਣ ਦੀ ਵਿਸ਼ਾਲ ਮੁਹਿੰਮ ਚਲਾਈ ਜਾਵੇਗੀ। ਇਸ ਸਬੰਧੀ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਡਿਪਟੀ ਕਮਿਸ਼ਨਰ ਰੂਪਨਗਰ ਅਦਿੱਤਿਆ ਡੇਚਲਵਾਲ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੱਖ-ਵੱਖ ਵਿਭਾਗਾਂ ਦੇ ਉੱਚ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸ੍ਰੀ ਗੁਰੂ ਰਵਿਦਾਸ ਜੀ ਦੇ 650ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਹ ਵਾਤਾਵਰਣ ਪੱਖੀ ਮੁਹਿੰਮ ਜ਼ਿਲ੍ਹੇ ਵਿੱਚ ਵੱਡੇ ਪੱਧਰ 'ਤੇ ਚਲਾਈ ਜਾਵੇਗੀ। ਉਨ੍ਹਾਂ ਕਿਹਾ ਕਿ 6.50 ਲੱਖ ਬੂਟੇ ਲਗਾਉਣ ਦਾ ਇਹ ਉਪਰਾਲਾ ਨਾ ਸਿਰਫ਼ ਜ਼ਿਲ੍ਹੇ ਦੀ ਹਰਿਆਲੀ ਵਿੱਚ ਵਾਧਾ ਕਰੇਗਾ, ਸਗੋਂ ਲੋਕਾਂ ਨੂੰ ਵਾਤਾਵਰਣ ਸੰਭਾਲ ਪ੍ਰਤੀ ਜਾਗਰੂਕ ਕਰਨ ਅਤੇ ਕੁਦਰਤ ਨਾਲ ਜੁੜਨ ਦਾ ਸੰਦੇਸ਼ ਵੀ ਦੇਵੇਗਾ। ਅਦਿੱਤਿਆ ਡੇਚਲਵਾਲ ਨੇ ਸਾਰੇ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਨ੍ਹਾਂ ਨੂੰ ਸੌਂਪੇ ਗਏ ਟੀਚੇ ਅਨੁਸਾਰ ਬੂਟੇ ਲਗਾਉਣ ਲਈ ਢੁੱਕਵੇਂ ਸਥਾਨਾਂ ਦੀ ਪਹਿਲਾਂ ਹੀ ਪਛਾਣ ਕੀਤੀ ਜਾਵੇ ਅਤੇ ਨਿਰਧਾਰਿਤ ਸਮੇਂ ਅੰਦਰ ਬੂਟੇ ਲਗਾਉਣ ਦੀ ਕਾਰਵਾਈ ਮੁਕੰਮਲ ਕੀਤੀ ਜਾਵੇ। ਉਨ੍ਹਾਂ ਜ਼ੋਰ ਦਿੰਦਿਆਂ ਕਿਹਾ ਕਿ ਬੂਟੇ ਲਗਾਉਣਾ ਹੀ ਇਸ ਮੁਹਿੰਮ ਦਾ ਅੰਤਿਮ ਟੀਚਾ ਨਹੀਂ, ਸਗੋਂ ਲਗਾਏ ਗਏ ਹਰੇਕ ਬੂਟੇ ਦੀ ਸਾਂਭ-ਸੰਭਾਲ, ਸੁਰੱਖਿਆ ਅਤੇ ਉਸ ਦੇ ਜੀਵਤ ਰਹਿਣ ਨੂੰ ਯਕੀਨੀ ਬਣਾਉਣਾ ਵੀ ਬਰਾਬਰ ਮਹੱਤਵਪੂਰਨ ਹੈ। ਡਿਪਟੀ ਕਮਿਸ਼ਨਰ ਨੇ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰਾਂ ਨੂੰ ਪਿੰਡ ਪੱਧਰ 'ਤੇ ਗ੍ਰਾਮ ਪੰਚਾਇਤਾਂ ਦੇ ਸਹਿਯੋਗ ਨਾਲ ਵੱਧ ਤੋਂ ਵੱਧ ਬੂਟੇ ਲਗਾਉਣ ਲਈ ਲੋਕਾਂ ਨੂੰ ਪ੍ਰੇਰਿਤ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਨੂੰ ਲੋਕ ਲਹਿਰ ਦਾ ਰੂਪ ਦੇਣ ਲਈ ਪੰਚਾਇਤਾਂ, ਵਿਭਾਗਾਂ ਅਤੇ ਆਮ ਲੋਕਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਯਕੀਨੀ ਬਣਾਈ ਜਾਵੇ। ਉਨ੍ਹਾਂ ਸਿੱਖਿਆ ਵਿਭਾਗ, ਖੇਡ ਵਿਭਾਗ ਅਤੇ ਹੋਰ ਸਬੰਧਤ ਵਿਭਾਗਾਂ ਨੂੰ ਵੀ ਆਪਣੇ ਦਫ਼ਤਰਾਂ, ਅਦਾਰਿਆਂ, ਸਕੂਲਾਂ, ਖੇਡ ਮੈਦਾਨਾਂ ਅਤੇ ਹੋਰ ਢੁੱਕਵੀਆਂ ਥਾਵਾਂ ਦੇ ਆਲੇ-ਦੁਆਲੇ ਵੱਧ ਤੋਂ ਵੱਧ ਬੂਟੇ ਲਗਾਉਣ ਅਤੇ ਵਿਦਿਆਰਥੀਆਂ, ਖਿਡਾਰੀਆਂ ਤੇ ਆਮ ਲੋਕਾਂ ਨੂੰ ਵਾਤਾਵਰਣ ਸੰਭਾਲ ਦੇ ਇਸ ਉਪਰਾਲੇ ਨਾਲ ਜੋੜਨ ਲਈ ਕਿਹਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਅਕਸ਼ਿਤਾ ਗੁਪਤਾ, ਵਧੀਕ ਡਿਪਟੀ ਕਮਿਸ਼ਨਰ (ਵ) ਚੰਦਰਜਯੋਤੀ ਸਿੰਘ, ਜੰਗਲਾਤ ਅਫ਼ਸਰ ਕੰਵਰਦੀਪ ਸਿੰਘ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਬਲਜਿੰਦਰ ਸਿੰਘ ਗਰੇਵਾਲ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਗਣੇਸ਼, ਜ਼ਿਲ੍ਹਾ ਸਿੱਖਿਆ ਅਫ਼ਸਰ ਪ੍ਰੇਮ ਕੁਮਾਰ ਮਿੱਤਲ, ਜ਼ਿਲ੍ਹਾ ਖੇਡ ਅਫ਼ਸਰ ਜਗਜੀਵਨ ਸਿੰਘ ਗਿੱਲ, ਬੀ.ਡੀ.ਪੀ.ਓ. ਰੂਪਨਗਰ ਅਮਿਤ ਸ਼ਰਮਾ, ਬੀ.ਡੀ.ਪੀ.ਓ. ਸ੍ਰੀ ਅਨੰਦਪੁਰ ਸਾਹਿਬ ਇਸ਼ਾਨ ਚੌਧਰੀ ਸਮੇਤ ਜ਼ਿਲ੍ਹੇ ਦੇ ਹੋਰ ਉੱਚ ਅਧਿਕਾਰੀ ਹਾਜ਼ਰ ਸਨ।



# ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਨਵੇਂ ਮੈਨੇਜਰ ਸਰਬਦਿਆਲ ਸਿੰਘ ਨੇ ਸੰਭਾਲੀ ਜ਼ਿੰਮੇਵਾਰੀ

### ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਸਮੇਤ ਤਖ਼ਤ ਸਾਹਿਬ ਦੇ ਸਮੂਹ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਸਵਾਗਤ



ਸ੍ਰੀ ਆਨੰਦਪੁਰ ਸਾਹਿਬ, 12 ਅਗਸਤ (ਚਾਨਾ): ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਨਵੇਂ ਨਿਯੁਕਤ ਹੋਏ ਮੈਨੇਜਰ ਸਰਬਦਿਆਲ ਸਿੰਘ ਨੇ ਅੱਜ ਆਪਣੀ ਜ਼ਿੰਮੇਵਾਰੀ ਸੰਭਾਲ ਲਈ। ਤਖ਼ਤ ਸਾਹਿਬ ਦੇ ਦਫ਼ਤਰ ਵਿਖੇ ਉਨ੍ਹਾਂ ਨੂੰ ਜ਼ਿੰਮੇਵਾਰੀ ਸੌਂਪਣ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ, ਮੈਨੇਜਰ ਮਲਕੀਤ ਸਿੰਘ ਸਮੇਤ ਤਖ਼ਤ ਸਾਹਿਬ ਦੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ। ਇਸ ਮੌਕੇ ਨਵੇਂ ਮੈਨੇਜਰ ਸ੍ਰ. ਸਰਬਦਿਆਲ ਸਿੰਘ ਦਾ ਸਵਾਗਤ ਕਰਦਿਆਂ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਅਮਰਜੀਤ ਸਿੰਘ ਚਾਵਲਾ ਤੇ ਹੋਰ ਸੀਨੀਅਰ ਅਧਿਕਾਰੀਆਂ ਨੇ ਜਿਥੇ ਨਵੇਂ ਮੈਨੇਜਰ ਦਾ ਸਵਾਗਤ ਕੀਤਾ ਓਥੇ ਹੀ ਉਮੀਦ ਪ੍ਰਗਟਾਈ ਕਿ ਉਹ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀਆਂ ਧਾਰਮਿਕ ਅਤੇ ਪ੍ਰਬੰਧਕੀ ਸੇਵਾਵਾਂ ਨੂੰ ਹੋਰ ਸੁਚੱਜੇ ਢੰਗ ਨਾਲ ਚਲਾਉਣ ਲਈ ਆਪਣੀ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਉਣਗੇ। ਉਨ੍ਹਾਂ ਨੂੰ ਨਵੀਂ ਜ਼ਿੰਮੇਵਾਰੀ ਲਈ ਸ਼ੁਭਕਾਮਨਾਵਾਂ ਵੀ ਦਿੱਤੀਆਂ ਗਈਆਂ। ਇਸ ਮੌਕੇ ਮਲਕੀਤ ਸਿੰਘ ਸੁਪਰਵਾਈਜ਼ਰ/ਮੈਨੇਜਰ, ਵਧੀਕ ਮੈਨੇਜਰ ਹਰਦੇਵ ਸਿੰਘ, ਮੀਤ ਮੈਨੇਜਰ ਭੁਪਿੰਦਰ ਸਿੰਘ, ਜਸਵੀਰ ਸਿੰਘ ਅਤੇ ਸੁਖਬੀਰ ਸਿੰਘ, ਸੂਚਨਾ ਅਫ਼ਸਰ ਹਰਪ੍ਰੀਤ ਸਿੰਘ, ਗਾਈਡ ਭਾਗਜੋਤ ਸਿੰਘ, ਖ਼ਜ਼ਾਨਚੀ ਦਵਿੰਦਰ ਸਿੰਘ, ਅਕਾਊਂਟੈਂਟ ਜਗਨੰਦਨ ਸਿੰਘ, ਹਾਰਡਵੇਅਰ ਇੰਜੀਨੀਅਰ ਚੰਦਰ ਪਾਲ ਸਿੰਘ, ਰਿਕਾਰਡ ਕੀਪਰ ਜਸਵੀਰ ਸਿੰਘ, ਸਟੋਰ ਕੀਪਰ ਹਰਜਿੰਦਰ ਸਿੰਘ ਅਤੇ ਸਤਪਾਲ ਸਿੰਘ, ਇੰਚਾਰਜ ਰਾਗੀ ਜਥਾ ਸਰਬਜੀਤ ਸਿੰਘ, ਇੰਚਾਰਜ ਧਰਮ ਪ੍ਰਚਾਰ ਕਮੇਟੀ ਸਰਬਜੀਤ ਸਿੰਘ, ਇੰਚਾਰਜ ਟਰਾਂਸਪੋਰਟ ਜਸਵੀਰ ਸਿੰਘ ਫੌਜੀ ਤੋਂ ਇਲਾਵਾ ਜਸਵੀਰ ਸਿੰਘ, ਜਸ਼ਨਜੋਤ ਸਿੰਘ, ਪ੍ਰਦੀਪ ਸਿੰਘ, ਸਹਾਇਕ ਰਿਕਾਰਡ ਕੀਪਰ ਅਮਰੀਕ ਸਿੰਘ, ਸਹਾਇਕ ਅਕਾਊਂਟੈਂਟ ਮਨਜੀਤ ਸਿੰਘ, ਤੇਜਿੰਦਰ ਸਿੰਘ, ਜਗਦੀਪ ਸਿੰਘ, ਗੁਰਵਿੰਦਰ ਸਿੰਘ, ਰਾਮ ਸਿੰਘ, ਅਮਨਦੀਪ ਸਿੰਘ, ਦਲਜੀਤ ਸਿੰਘ, ਕਰਤਾਰ ਸਿੰਘ, ਸੁਖਦੀਪ ਸਿੰਘ ਅਤੇ ਭੁਪਿੰਦਰ ਸਿੰਘ ਸਮੇਤ ਤਖ਼ਤ ਸਾਹਿਬ ਸਮੂਹ ਦਾ ਸਟਾਫ਼ ਹਾਜ਼ਰ ਸੀ।

# ਸਰਵਹਿਤਕਾਰੀ ਵਿਦਿਆ ਮੰਦਰ ਵਿੱਚ ਹਰਿਆਲੀ ਤੀਜ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ

### ਵਿਦਿਆਰਥੀਆਂ ਨੇ ਗਿੱਧਾ, ਲੋਕਗੀਤ ਤੇ ਨਾਚ ਪੇਸ਼ ਕਰਕੇ ਪੰਜਾਬੀ ਸੱਭਿਆਚਾਰ ਦੇ ਰੰਗ ਬਿਖੇਰੇ

ਜਲਾਲਾਬਾਦ, 12 ਅਗਸਤ (ਬਿਊਰੋ ਚੀਫ): ਸਰਵਹਿਤਕਾਰੀ ਵਿਦਿਆ ਮੰਦਰ, ਜਲਾਲਾਬਾਦ ਵਿਖੇ ਬੁੱਧਵਾਰ ਨੂੰ ਹਰਿਆਲੀ ਤੀਜ ਦਾ ਤਿਉਹਾਰ ਬੜੇ ਹੀ ਉਤਸ਼ਾਹ, ਖੁਸ਼ੀ ਅਤੇ ਰਵਾਇਤੀ ਅੰਦਾਜ਼ ਵਿੱਚ ਮਨਾਇਆ ਗਿਆ। ਸਮਾਗਮ ਵਿੱਚ ਨਗਰ ਕੌਂਸਲਰ ਤੇ ਸਮਾਜ ਸੇਵਿਕਾ ਸ੍ਰੀਮਤੀ ਸ਼ਸ਼ੀ ਅਨੇਜਾ, ਡੀ.ਏ.ਵੀ. ਕਾਲਜ ਦੀ ਪ੍ਰਿੰਸੀਪਲ ਡਾ. ਵਾਨਿਕਾ ਅਤੇ ਗੁਰੂ ਰਾਮ ਦਾਸ ਕਾਲਜ ਦੀ ਪ੍ਰਿੰਸੀਪਲ ਡਾ. ਨੇਹਾ ਮਿੱਡਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਮਾਗਮ ਦੌਰਾਨ ਸਕੂਲ ਦੇ ਵਿਹੜੇ ਵਿੱਚ ਪੰਜਾਬੀ ਸੱਭਿਆਚਾਰ ਅਤੇ ਲੋਕ ਰਵਾਇਤਾਂ ਦੀ ਸ਼ਾਨਦਾਰ ਝਲਕ ਵੇਖਣ ਨੂੰ ਮਿਲੀ। ਵਿਦਿਆਰਥੀਆਂ ਨੇ ਗਿੱਧਾ, ਲੋਕਗੀਤ, ਲੋਕ ਨਾਚ ਅਤੇ ਤੀਜ ਨਾਲ ਸਬੰਧਤ ਵੱਖ-ਵੱਖ ਸੱਭਿਆਚਾਰਕ ਪੇਸ਼ਕਾਰੀਆਂ ਰਾਹੀਂ ਸਮਾਗਮ ਨੂੰ ਰੰਗਾਰੰਗ ਬਣਾ ਦਿੱਤਾ। ਰਵਾਇਤੀ ਪਹਿਰਾਵਿਆਂ ਵਿੱਚ ਸਜੇ ਬੱਚਿਆਂ ਦੀਆਂ ਮਨਮੋਹਕ ਪੇਸ਼ਕਾਰੀਆਂ ਨੇ ਮਹਿਮਾਨਾਂ ਅਤੇ ਦਰਸ਼ਕਾਂ ਦਾ ਮਨ ਮੋਹ ਲਿਆ। ਸਕੂਲ ਦੇ ਪ੍ਰਿੰਸੀਪਲ ਗੁਰਮੀਤ ਮਦਾਨ ਨੇ ਸਾਰੇ ਮਹਿਮਾਨਾਂ ਦਾ ਸਵਾਗਤ ਕਰਦਿਆਂ ਕਿਹਾ ਕਿ ਤੀਜ ਸਿਰਫ਼ ਇੱਕ ਤਿਉਹਾਰ ਨਹੀਂ, ਸਗੋਂ ਸਾਡੀ ਅਮੀਰ ਸੱਭਿਆਚਾਰਕ ਵਿਰਾਸਤ, ਲੋਕ ਰਵਾਇਤਾਂ, ਲੋਕਗੀਤਾਂ ਅਤੇ ਨਾਰੀ ਸ਼ਕਤੀ ਦਾ ਪ੍ਰਤੀਕ ਹੈ। ਅਜਿਹੇ ਸਮਾਗਮਾਂ ਦਾ ਮੁੱਖ ਉਦੇਸ਼



ਵਿਦਿਆਰਥੀਆਂ ਨੂੰ ਆਪਣੀ ਸੱਭਿਆਚਾਰਕ ਵਿਰਾਸਤ ਨਾਲ ਜੋੜਨਾ ਹੈ, ਤਾਂ ਜੋ ਆਧੁਨਿਕਤਾ ਦੇ ਦੌਰ ਵਿੱਚ ਵੀ ਉਹ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ। ਮੁੱਖ ਮਹਿਮਾਨਾਂ ਨੇ ਵਿਦਿਆਰਥੀਆਂ ਦੀਆਂ ਪੇਸ਼ਕਾਰੀਆਂ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਅੱਜ ਦੇ ਆਧੁਨਿਕ ਦੌਰ ਵਿੱਚ ਬੱਚਿਆਂ ਨੂੰ ਆਪਣੀ ਸੱਭਿਆਚਾਰ ਅਤੇ ਰਵਾਇਤਾਂ ਨਾਲ ਜੋੜਨਾ ਬੇਹੱਦ ਜ਼ਰੂਰੀ ਹੈ। ਉਨ੍ਹਾਂ ਨੇ ਸਕੂਲ ਪ੍ਰਬੰਧਕਾਂ ਵੱਲੋਂ ਤੀਜ ਦਾ ਤਿਉਹਾਰ ਸੁਚੱਜੇ ਢੰਗ ਨਾਲ ਮਨਾਉਣ ਲਈ ਕੀਤੇ ਉਪਰਾਲੇ ਦੀ ਸ਼ਲਾਘਾ ਕੀਤੀ। ਸਕੂਲ ਕਮੇਟੀ ਦੇ ਪ੍ਰਧਾਨ ਅਨਿਲ ਵਲੇਚਾ ਨੇ ਕਿਹਾ ਕਿ ਭਾਰਤੀ ਸੱਭਿਆਚਾਰ ਸਾਡੀ ਪਹਿਚਾਣ ਹੈ। ਅਜਿਹੇ ਸੱਭਿਆਚਾਰਕ ਸਮਾਗਮ ਬੱਚਿਆਂ ਵਿੱਚ ਆਪਣੀਆਂ ਰਵਾਇਤਾਂ ਪ੍ਰਤੀ ਸਤਿਕਾਰ, ਆਤਮ-ਵਿਸ਼ਵਾਸ ਅਤੇ ਮਾਣ ਦੀ ਭਾਵਨਾ ਪੈਦਾ ਕਰਦੇ ਹਨ। ਉਨ੍ਹਾਂ ਨੇ ਸ਼ਾਨਦਾਰ ਸਮਾਗਮ ਲਈ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਇਸ ਮੌਕੇ ਸਕੂਲ ਪ੍ਰਬੰਧਨ ਵੱਲੋਂ ਡਾ. ਸਾਕਸ਼ੀ ਛਾਬੜਾ, ਡਾ. ਰਿਧਿਮਾ ਮਿੱਡਾ, ਸੀਮਾ ਦਹੂਜਾ, ਪੈਟਰਨ ਮਦਨ ਲਾਲ ਗੁੰਬਰ, ਜੀਨਾ ਅਤੇ ਡੌਲੀ ਗੁੰਬਰ ਸਮੇਤ ਪ੍ਰਬੰਧਕ ਕਮੇਟੀ ਦੇ ਹੋਰ ਮੈਂਬਰ, ਅਧਿਆਪਕ ਅਤੇ ਵਿਦਿਆਰਥੀ ਹਾਜ਼ਰ ਸਨ। ਅੰਤ ਵਿੱਚ ਸਕੂਲ ਪ੍ਰਸ਼ਾਸਨ ਵੱਲੋਂ ਸਾਰੇ ਮੁੱਖ ਮਹਿਮਾਨਾਂ, ਪ੍ਰਬੰਧਕ ਕਮੇਟੀ ਦੇ ਮੈਂਬਰਾਂ, ਅਧਿਆਪਕਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ ਗਿਆ। ਤੀਜ ਸਮਾਗਮ ਨੇ ਜਿੱਥੇ ਵਿਦਿਆਰਥੀਆਂ ਦੀ ਪ੍ਰਤਿਭਾ ਨੂੰ ਮੰਚ ਪ੍ਰਦਾਨ ਕੀਤਾ, ਉੱਥੇ ਪੰਜਾਬੀ ਸੱਭਿਆਚਾਰ ਅਤੇ ਲੋਕ ਰਵਾਇਤਾਂ ਦੀ ਖੂਬਸੂਰਤ ਝਲਕ ਵੀ ਪੇਸ਼ ਕੀਤੀ।

# ਐਸਓਐਫ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਪ੍ਰਾਪਤੀ ਲਈ ਅਨੰਤ ਬੱਤਰਾ ਨੂੰ ਡੀ.ਸੀ. ਵੱਲੋਂ ਕੀਤਾ ਗਿਆ ਸਨਮਾਨਿਤ

ਸ੍ਰੀ ਮੁਕਤਸਰ ਸਾਹਿਬ 12 ਅਗਸਤ (ਦੀਪਕ ਗਰਗ)-ਡੀ.ਏ.ਵੀ. ਪਬਲਿਕ ਸਕੂਲ, ਸ੍ਰੀ ਮੁਕਤਸਰ ਸਾਹਿਬ ਵਿਖੇ ਨਸ਼ਾ ਵਿਰੋਧੀ ਜਾਗਰੂਕਤਾ ਮੁਹਿੰਮ ਦਾ ਆਯੋਜਨ ਕੀਤਾ ਗਿਆ, ਜਿਸ ਦੌਰਾਨ ਨੌਵੀਂ ਜਮਾਤ ਦੇ ਹੋਣਹਾਰ ਵਿਦਿਆਰਥੀ ਅਨੰਤ ਬੱਤਰਾ ਨੂੰ ਐਸਓਐਫ ਪ੍ਰੀਖਿਆਵਾਂ ਵਿੱਚ ਸ਼ਾਨਦਾਰ ਪ੍ਰਾਪਤੀਆਂ ਲਈ ਮਾਨਯੋਗ ਡਿਪਟੀ ਕਮਿਸ਼ਨਰ ਵੱਲੋਂ ਸਨਮਾਨਿਤ ਕੀਤਾ ਗਿਆ। ਉਸਦੀ ਇਸ ਸ਼ਾਨਦਾਰ ਪ੍ਰਾਪਤੀ ਨਾਲ ਸਕੂਲ ਦਾ ਨਾਮ ਰੌਸ਼ਨ ਹੋਇਆ ਅਤੇ ਉਸਦੀ ਮਿਹਨਤ, ਲਗਨ ਅਤੇ ਅਕਾਦਮਿਕ ਉੱਤਮਤਾ ਦੀ ਪ੍ਰਸ਼ੰਸਾ ਹੋਈ। ਅਨੰਤ ਨੇ ਸਾਇੰਸ ਓਲੰਪਿਆਡ ਫਾਊਂਡੇਸ਼ਨ ਵੱਲੋਂ ਕਰਵਾਈਆਂ ਗਈਆਂ ਵੱਖ-ਵੱਖ ਓਲੰਪਿਆਡ ਪ੍ਰੀਖਿਆਵਾਂ ਵਿੱਚ ਭਾਗ ਲੈ ਕੇ ਆਪਣੀ



ਸ਼ਾਨਦਾਰ ਅਕਾਦਮਿਕ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਲੈਵਲ-1 ਵਿੱਚ ਉਸਨੇ ਇੰਟਰਨੈਸ਼ਨਲ ਮੈਥੇਮੈਟਿਕਸ ਓਲੰਪਿਆਡ ਅਤੇ ਨੈਸ਼ਨਲ ਸਾਇੰਸ ਓਲੰਪਿਆਡ ਵਿੱਚ ਕੁਆਲੀਫਾਈ ਕਰਦਿਆਂ ਦੋਵਾਂ ਵਿੱਚ ਸਕੂਲ ਰੈਂਕ-1 ਹਾਸਲ ਕੀਤਾ। ਆਈਐਮਓ ਵਿੱਚ ਅਨੰਤ ਨੂੰ ਗੋਲਡ ਮੈਡਲ ਆਫ਼ ਡਿਸਟਿੰਕਸ਼ਨ, ਸਰਟੀਫਿਕੇਟ ਆਫ਼ ਡਿਸਟਿੰਕਸ਼ਨ ਅਤੇ ਸਰਟੀਫਿਕੇਟ ਆਫ਼ ਜ਼ੋਨਲ ਐਕਸੀਲੈਂਸ ਨਾਲ ਸਨਮਾਨਿਤ ਕੀਤਾ ਗਿਆ। ਐਨਐਸਓ ਵਿੱਚ ਉਸਨੇ ਗੋਲਡ ਮੈਡਲ ਆਫ਼ ਡਿਸਟਿੰਕਸ਼ਨ ਅਤੇ ਸਰਟੀਫਿਕੇਟ ਆਫ਼ ਡਿਸਟਿੰਕਸ਼ਨ ਪ੍ਰਾਪਤ ਕੀਤਾ। ਇਸ ਤੋਂ ਇਲਾਵਾ, ਉਸਨੇ ਇੰਟਰਨੈਸ਼ਨਲ ਹਿੰਦੀ ਓਲੰਪਿਆਡ ਵਿੱਚ ਸਕੂਲ ਰੈਂਕ-1 ਅਤੇ ਇੰਟਰਨੈਸ਼ਨਲ ਜਨਰਲ ਨੌਲਿਜ ਓਲੰਪਿਆਡ ਵਿੱਚ ਸਕੂਲ ਰੈਂਕ-2 ਹਾਸਲ ਕੀਤਾ। ਆਪਣੀਆਂ ਪ੍ਰਾਪਤੀਆਂ ਵਿੱਚ ਇੱਕ ਹੋਰ ਮਾਣਮੱਤਾ ਅਧਿਆਇ ਜੋੜਦਿਆਂ ਅਨੰਤ ਨੇ ਲੈਵਲ-1 ਵਿੱਚ ਰਾਜ ਪੱਧਰ ’ਤੇ ਪਹਿਲਾ ਸਥਾਨ ਹਾਸਲ ਕੀਤਾ, ਜਿਸ ਲਈ ਐਸਓਐਫ ਟੀਮ ਵੱਲੋਂ ਉਸਨੂੰ 5,000 ਦਾ ਨਕਦ ਇਨਾਮ ਦਿੱਤਾ ਗਿਆ। ਲੈਵਲ-2 ਵਿੱਚ ਵੀ ਉਸਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਰਾਜ ਪੱਧਰ ’ਤੇ ਤੀਜਾ ਸਥਾਨ ਪ੍ਰਾਪਤ ਕੀਤਾ ਅਤੇ 1,000 ਦਾ ਵਾਧੂ ਨਕਦ ਇਨਾਮ ਹਾਸਲ ਕੀਤਾ। ਇਸ ਤਰ੍ਹਾਂ ਉਸਨੂੰ ਐਸਓਐਫ ਟੀਮ ਵੱਲੋਂ ਕੁੱਲ 6,000 ਦਾ ਨਕਦ ਇਨਾਮ ਪ੍ਰਾਪਤ ਹੋਇਆ। ਉਸਦੀ ਇਸ ਸ਼ਾਨਦਾਰ ਉਪਲਬਧੀ ਨੂੰ ਦੇਖਦਿਆਂ ਨਸ਼ਾ ਵਿਰੋਧੀ ਜਾਗਰੂਕਤਾ ਮੁਹਿੰਮ ਦੌਰਾਨ ਮਾਨਯੋਗ ਡਿਪਟੀ ਕਮਿਸ਼ਨਰ ਵੱਲੋਂ ਅਨੰਤ ਬੱਤਰਾ ਨੂੰ ਸਨਮਾਨਿਤ ਕੀਤਾ ਗਿਆ। ਉਸਦੀ ਇਹ ਪ੍ਰਾਪਤੀ ਵਿਦਿਆਰਥੀਆਂ ਲਈ ਮਿਹਨਤ, ਲਗਨ ਅਤੇ ਨਿਰੰਤਰ ਯਤਨਾਂ ਦੀ ਇੱਕ ਪ੍ਰੇਰਣਾਦਾਇਕ ਮਿਸਾਲ ਹੈ। ਸਕੂਲ ਦੀ ਪ੍ਰਿੰਸੀਪਲ ਸ਼੍ਰੀਮਤੀ ਵਰਸ਼ਾ ਸਚਦੇਵਾ ਨੇ ਅਨੰਤ, ਉਸਦੇ ਮਾਪਿਆਂ ਅਤੇ ਅਧਿਆਪਕਾਂ ਨੂੰ ਇਸ ਸ਼ਾਨਦਾਰ ਪ੍ਰਾਪਤੀ ਲਈ ਵਧਾਈ ਦਿੱਤੀ। ਉਨ੍ਹਾਂ ਨੇ ਅਨੰਤ ਦੀ ਮਿਹਨਤ ਦੀ ਸ਼ਲਾਘਾ ਕਰਦਿਆਂ ਉਸਨੂੰ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਉੱਤਮ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ। ਸਕੂਲ ਪਰਿਵਾਰ ਨੇ ਅਨੰਤ ਦੀ ਇਸ ਉਪਲਬਧੀ ’ਤੇ ਮਾਣ ਮਹਿਸੂਸ ਕਰਦਿਆਂ ਉਸਦੇ ਉੱਜਵਲ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

# ਬੁੰਗਾ ਸਾਹਿਬ ਰੇਲਵੇ ਓਵਰ ਬ੍ਰਿਜ ਦੀ ਵੱਡੀ ਸੌਗਾਤ

### ਕਰੀਬ 50 ਕਰੋੜ ਰੁਪਏ ਦਾ ਟੈਂਡਰ ਅਲਾਟ: ਵਿਧਾਇਕ ਦਿਨੇਸ਼ ਚੱਢਾ



ਨੂਰਪੁਰ ਬੇਦੀ, 12 ਅਗਸਤ (ਬਲਵਿੰਦਰ ਰੈਤ): ਬੁੰਗਾ ਸਾਹਿਬ ਵਿਖੇ ਰੇਲਵੇ ਓਵਰ ਬ੍ਰਿਜ (ਆਰ.ਓ.ਬੀ.) ਦੀ ਉਸਾਰੀ ਲਈ ਕਰੀਬ 50 ਕਰੋੜ ਰੁਪਏ ਦੀ ਲਾਗਤ ਵਾਲਾ ਟੈਂਡਰ ਅਲਾਟ ਕਰਵਾ ਦਿੱਤਾ ਗਿਆ ਹੈ। ਇਹ ਜਾਣਕਾਰੀ ਹਲਕਾ ਰੂਪਨਗਰ ਦੇ ਵਿਧਾਇਕ ਐਡਵੋਕੇਟ ਦਿਨੇਸ਼ ਚੱਢਾ ਨੇ ਸਾਂਝੀ ਕਰਦਿਆਂ ਇਸ ਨੂੰ ਨੂਰਪੁਰ ਬੇਦੀ ਖੇਤਰ ਦੇ ਵਿਕਾਸ ਅਤੇ ਲੋਕਾਂ ਦੀ ਸਹੂਲਤ ਵੱਲ ਇੱਕ ਇਤਿਹਾਸਕ ਕਦਮ ਕਰਾਰ ਦਿੱਤਾ। ਵਿਧਾਇਕ ਦਿਨੇਸ਼ ਚੱਢਾ ਨੇ ਕਿਹਾ ਕਿ ਵਾਹਿਗੁਰੂ ਜੀ ਦੀ ਕਿਰਪਾ ਅਤੇ ਇਲਾਕੇ ਦੇ ਲੋਕਾਂ ਦੇ ਪਿਆਰ ਤੇ ਸਹਿਯੋਗ ਸਦਕਾ ਬੁੰਗਾ ਸਾਹਿਬ ਰੇਲਵੇ ਓਵਰ ਬ੍ਰਿਜ ਨੂੰ ਮਨਜ਼ੂਰ ਕਰਵਾਉਣ ਅਤੇ ਹੁਣ ਇਸ ਦਾ ਟੈਂਡਰ ਅਲਾਟ ਕਰਵਾਉਣ ਵਿੱਚ ਕਾਮਯਾਬ ਹੋਇਆ ਹਾਂ। ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਨੂੰ ਸਿਰੇ ਚੜ੍ਹਾਉਣ ਲਈ ਲਗਾਤਾਰ ਯਤਨ ਕੀਤੇ ਗਏ ਅਤੇ ਸਬੰਧਤ ਵਿਭਾਗਾਂ ਤੇ ਅਧਿਕਾਰੀਆਂ ਨਾਲ ਲਗਾਤਾਰ ਤਾਲਮੇਲ ਬਣਾਇਆ ਗਿਆ। ਦਿਨੇਸ਼ ਚੱਢਾ ਨੇ ਇਸ ਮਹੱਤਵਪੂਰਨ ਪ੍ਰੋਜੈਕਟ ਨੂੰ ਮਨਜ਼ੂਰੀ ਦਿਵਾਉਣ ਅਤੇ ਟੈਂਡਰ ਅਲਾਟ ਕਰਵਾਉਣ ਵਿੱਚ ਸਹਿਯੋਗ ਦੇਣ ਲਈ ਰੇਲਵੇ ਮੰਤਰਾਲੇ, ਮੈਂਬਰ ਪਾਰਲੀਮੈਂਟ ਮਲਵਿੰਦਰ ਸਿੰਘ ਕੰਗ, ਰੇਲਵੇ ਦੇ ਉੱਚ ਅਧਿਕਾਰੀਆਂ ਅਤੇ ਰੂਪਨਗਰ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਦਾ ਵਿਸ਼ੇਸ਼ ਤੌਰ ’ਤੇ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਲਾਕੇ ਦੇ ਲੋਕਾਂ ਦੀਆਂ ਜਾਇਜ਼ ਮੰਗਾਂ ਨੂੰ ਪੂਰਾ ਕਰਵਾਉਣਾ ਉਨ੍ਹਾਂ ਦੀ ਮੁੱਖ ਤਰਜੀਹ ਹੈ। ਬੁੰਗਾ ਸਾਹਿਬ ਆਰ.ਓ.ਬੀ. ਦਾ ਟੈਂਡਰ ਅਲਾਟ ਹੋਣਾ ਇਸ ਗੱਲ ਦਾ ਸਬੂਤ ਹੈ ਕਿ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਵਿਧਾਇਕ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਵੀ ਨੂਰਪੁਰ ਬੇਦੀ ਅਤੇ ਹਲਕਾ ਰੂਪਨਗਰ ਦੇ ਵਿਕਾਸ ਲਈ ਵੱਡੇ ਪ੍ਰੋਜੈਕਟ ਲਿਆਂਦੇ ਜਾਣਗੇ। ਉਨ੍ਹਾਂ ਕਿਹਾ ਕਿ ਇਹ ਤਾਂ ਸਿਰਫ਼ ਸ਼ੁਰੂਆਤ ਹੈ, ਇਲਾਕੇ ਦੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਅਤੇ ਵਿਕਾਸ ਪੱਖੋਂ ਕਿਸੇ ਕਿਸਮ ਦੀ ਕਮੀ ਨਹੀਂ ਰਹਿਣ ਦਿੱਤੀ ਜਾਵੇਗੀ।

# ਪੈਰਾਡਾਈਜ਼ ਇੰਟਰਨੈਸ਼ਨਲ ਵੱਲੋਂ ਰਾਸ਼ਟਰੀ ਸਹੁੰ ਚੁੱਕ ਸਮਾਗਮ

ਪਾਤੜਾਂ 12 ਅਗਸਤ (ਬਲਬੀਰ ਸਿੰਘ ਢਿੱਲੋਂ)-ਵਿੱਦਿਅਕ ਸੰਸਥਾ ਦਾ ਪੈਰਾਡਾਈਜ਼ ਇੰਟਰਨੈਸ਼ਨਲ ਸਕੂਲ, ਘੱਗਾ ਵਿਖੇ ਰਾਸ਼ਟਰੀ ਸਹੁੰ ਚੁੱਕ ਸਮਾਗਮ ਰਾਜਯੋਗ ਐਜੂਕੇਸ਼ਨ ਐਂਡ ਰਿਸਰਚ ਫਾਊਂਡੇਸ਼ਨ ਦੇ ਮੈਡੀਕਲ ਵਿੰਗ ਵੱਲੋਂ ਬ੍ਰਹਮਾ ਕੁਮਾਰੀਜ਼ ਸੈਂਟਰ, ਪਾਤੜਾਂ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਸਮਾਜਿਕ ਅਤੇ ਵਿਹਾਰਕ ਕੁਰੀਤੀਆ ਦੇ ਵਧ ਰਹੇ ਖਤਰੇ ਪ੍ਰਤੀ ਜਾਗਰੂਕ ਕਰਨਾ ਅਤੇ ਉਨ੍ਹਾਂ ਨੂੰ ਸਿਹਤਮੰਦ, ਸੂਝਵਾਨ ਅਤੇ ਜ਼ਿੰਮੇਵਾਰ ਜੀਵਨ-ਸ਼ੈਲੀ ਅਪਣਾਉਣ ਲਈ ਪ੍ਰੇਰਿਤ ਕਰਨਾ ਸੀ। ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਬ੍ਰਹਮਕੁਮਾਰੀ ਅਰਜੂ ਨੇ ਨਸ਼ਾ ਮੁਕਤ, ਸਿਹਤਮੰਦ ਅਤੇ ਵਿਕਸਿਤ ਭਾਰਤ ਦੇ ਰਾਸ਼ਟਰੀ ਮਿਸ਼ਨ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਨੇ ਅਸਲ ਜੀਵਨ ਨਾਲ ਜੁੜੀਆਂ ਉਦਾਹਰਨਾਂ ਅਤੇ ਕਹਾਣੀਆਂ ਰਾਹੀਂ ਵਿਦਿਆਰਥੀਆਂ ਨੂੰ ਸਮਝਾਇਆ ਕਿ ਕਿਵੇਂ ਕਈ ਨੌਜਵਾਨ ਸਾਥੀਆਂ ਦੇ ਦਬਾਅ ਕਾਰਨ ਨਸ਼ਿਆਂ ਦੀ ਲਤ ਦਾ ਸ਼ਿਕਾਰ ਹੋ ਜਾਂਦੇ ਹਨ। ਉਨ੍ਹਾਂ ਨੇ




ਵਿਦਿਆਰਥੀਆਂ ਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਨਿਯਮਿਤ ਧਿਆਨ ਨੂੰ ਸ਼ਾਮਲ ਕਰਨ ਲਈ ਪ੍ਰੇਰਿਤ ਕੀਤਾ ਤਾਂ ਜੋ ਉਹ ਅੰਦਰੂਨੀ ਸ਼ਾਂਤੀ, ਸਵੈ-ਨਿਯੰਤਰਣ ਅਤੇ ਸਕਾਰਾਤਮਕ ਸੋਚ ਦਾ ਵਿਕਾਸ ਕਰ ਸਕਣ। ਉਪਰੰਤ ਬ੍ਰਹਮਕੁਮਾਰੀ ਵਿਨੀਤਾ ਵੱਲੋਂ ਵਿਦਿਆਰਥੀਆਂ ਨੂੰ ਨਸ਼ਾ ਮੁਕਤ ਰਹਿਣ ਲਈ ਸਹੁੰ ਚੁਕਾਈ ਗਈ। ਸਕੂਲ ਪ੍ਰਿੰਸੀਪਲ ਡਾ ਪਰਮਿੰਦਰ ਕੌਰ ਨੇ ਰਾਜਯੋਗ ਐਜੂਕੇਸ਼ਨ ਐਂਡ ਰਿਸਰਚ ਫਾਊਂਡੇਸ਼ਨ ਦੇ ਮੈਡੀਕਲ ਵਿੰਗ ਅਤੇ ਬ੍ਰਹਮਕੁਮਾਰੀਜ਼ ਸੈਂਟਰ, ਪਾਤੜਾਂ ਵੱਲੋਂ ਕੀਤੇ ਇਸ ਨੇਕ ਅਤੇ ਸਾਰਥਕ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਦੌਰਾਨ ਸਨਮਾਨ ਅਤੇ ਧੰਨਵਾਦ ਦੇ ਪ੍ਰਤੀਕ ਵਜੋਂ ਸਕੂਲ ਦੇ ਪ੍ਰਿੰਸੀਪਲ ਵੱਲੋਂ ਸਾਰੇ ਵਿਸ਼ੇਸ਼ ਬੁਲਾਰਿਆਂ ਨੂੰ ਪੌਦੇ ਭੇਟ ਕੀਤੇ ਗਏ। ਸਮਾਗਮ ਦੇ ਅੰਤ ਵਿੱਚ ਵਿਦਿਆਰਥੀਆਂ ਨੇ ਸਿਹਤਮੰਦ, ਅਨੁਸ਼ਾਸਿਤ ਅਤੇ ਨਸ਼ਾ ਮੁਕਤ ਜੀਵਨ-ਸ਼ੈਲੀ ਅਪਣਾਉਣ ਦਾ ਸਾਂਝਾ ਸੰਕਲਪ ਲਿਆ ਅਤੇ ਇੱਕ ਸਿਹਤਮੰਦ ਤੇ ਨਸ਼ਾ ਮੁਕਤ ਸਮਾਜ ਦੀ ਸਿਰਜਣਾ ਵਿੱਚ ਆਪਣੀ ਭੂਮਿਕਾ ਨਿਭਾਉਣ ਦਾ ਪ੍ਰਣ ਕੀਤਾ।

# ਸਿਲਵਰ ਓਕਸ ਸਕੂਲ ਦੀ ਪ੍ਰਿੰਸੀਪਲ ਪ੍ਰਿਅੰਕਾ ਮਹਿਤਾ ਦੇ ਸਿਰ ਸਜਿਆ ‘ਐਜੂਕੇਟਰ ਆਫ਼ ਦਿ ਈਅਰ’ ਦਾ ਤਾਜ

### ਸਿੱਖਿਆ ਦੇ ਚਾਨਣ ਨਾਲ ਵਿਦਿਆਰਥੀਆਂ ਦੇ ਸੁਪਨਿਆਂ ਨੂੰ ਦਿੱਤੀ ਉਡਾਣ




ਜੈਤੋ, 12 ਅਗਸਤ (ਮਨਜੀਤ ਸਿੰਘ ਢੱਲਾ): ਸਿਲਵਰ ਓਕਸ ਸਕੂਲ, ਸੇਵੇਵਾਲਾ, ਜੈਤੋ ਦੀ ਪ੍ਰਿੰਸੀਪਲ ਪ੍ਰਿਅੰਕਾ ਮਹਿਤਾ ਨੂੰ ਸਾਲ 2025-26 ਦੌਰਾਨ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ, ਵਿੱਦਿਅਕ ਅਗਵਾਈ, ਸਮਰਪਣ ਅਤੇ ਸ਼ਾਨਦਾਰ ਯੋਗਦਾਨ ਲਈ ਸਿਲਵਰ ਜ਼ੋਨ ਐਜੂਕੇਸ਼ਨਲ ਐਕਸੀਲੈਂਸ ਐਵਾਰਡ ‘ਐਜੂਕੇਟਰ ਆਫ਼ ਦਿ ਈਅਰ’ ਨਾਲ ਸਨਮਾਨਿਤ ਕੀਤਾ ਗਿਆ। ਇਹ ਵੱਕਾਰੀ ਪੁਰਸਕਾਰ ਸਿਲਵਰ ਜ਼ੋਨ ਫਾਊਂਡੇਸ਼ਨ, ਨਵੀਂ ਦਿੱਲੀ ਵੱਲੋਂ ਦਿੱਲੀ ਵਿਖੇ ਕਰਵਾਏ ਗਏ ਸਨਮਾਨ ਸਮਾਰੋਹ ਦੌਰਾਨ ਪ੍ਰਦਾਨ ਕੀਤਾ ਗਿਆ। ਮਹਿਤਾ ਨੂੰ ਉਨ੍ਹਾਂ ਦੀ ਦੂਰਦਰਸ਼ੀ ਵਿੱਦਿਅਕ ਅਗਵਾਈ ਅਤੇ ਵਿਦਿਆਰਥੀਆਂ ਦੀ ਸਿੱਖਿਆ ਤੇ ਸ਼ਖ਼ਸੀਅਤ ਨਿਰਮਾਣ ਵਿੱਚ ਪਾਏ ਮਹੱਤਵਪੂਰਨ ਯੋਗਦਾਨ ਲਈ ਇਹ ਸਨਮਾਨ ਦਿੱਤਾ ਗਿਆ। ਫਾਊਂਡੇਸ਼ਨ ਵੱਲੋਂ ਵਿਦਿਆਰਥੀਆਂ ਵਿੱਚ ਆਤਮ-ਵਿਸ਼ਵਾਸ, ਉਤਸੁਕਤਾ, ਆਲੋਚਨਾਤਮਕ ਸੋਚ ਅਤੇ ਚੰਗੇ ਚਰਿੱਤਰ ਦੇ ਨਿਰਮਾਣ ਲਈ ਕੀਤੇ ਉਨ੍ਹਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਗਈ। ਸਨਮਾਨ ਵਜੋਂ ਉਨ੍ਹਾਂ ਨੂੰ ਸਰਟੀਫਿਕੇਟ ਆਫ਼ ਐਕਸੀਲੈਂਸ ਅਤੇ ਯਾਦਗਾਰੀ ਚਿੰਨ੍ਹ ਭੇਟ ਕੀਤਾ ਗਿਆ। ਇਸ ਮੌਕੇ ਸਿਲਵਰ ਓਕਸ ਸਕੂਲ, ਜੈਤੋ ਨੂੰ ਵੀ ਸਾਲ 2025-26 ਦੌਰਾਨ ਸਿਲਵਰ ਜ਼ੋਨ ਓਲੰਪੀਆਡ ਵਿੱਚ ਸ਼ਾਨਦਾਰ ਅਕਾਦਮਿਕ ਪ੍ਰਾਪਤੀਆਂ, ਬਿਹਤਰੀਨ ਤਾਲਮੇਲ ਅਤੇ ਸਰਗਰਮ ਭਾਗੀਦਾਰੀ ਲਈ ਵਧਾਈ ਦਿੱਤੀ ਗਈ। ਸਕੂਲ ਦੇ ਵਿਦਿਆਰਥੀਆਂ ਵੱਲੋਂ ਵੱਖ-ਵੱਖ ਓਲੰਪੀਆਡ ਵਿੱਚ ਕੀਤੇ ਸ਼ਾਨਦਾਰ ਪ੍ਰਦਰਸ਼ਨ ਨੇ ਸੰਸਥਾ ਦੀ ਅਕਾਦਮਿਕ ਸਾਖ ਨੂੰ ਹੋਰ ਮਜ਼ਬੂਤ ਕੀਤਾ। ਇਸ ਮਾਣਮੱਤੀ ਪ੍ਰਾਪਤੀ ’ਤੇ ਸਿਲਵਰ ਓਕਸ ਸਕੂਲ ਦੇ ਕੈਂਪਸ ਵਿੱਚ ਖੁਸ਼ੀ ਦਾ ਮਾਹੌਲ ਹੈ। ਸਕੂਲ ਪ੍ਰਬੰਧਨ ਨੇ ਪ੍ਰਿਅੰਕਾ ਮਹਿਤਾ, ਸਮੂਹ ਅਧਿਆਪਕਾਂ ਅਤੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਸਿੱਖਿਆ ਦੇ ਖੇਤਰ ਵਿੱਚ ਹੋਰ ਮੱਲਾਂ ਮਾਰਨ ਦੀ ਕਾਮਨਾ ਕੀਤੀ।




